ਐਤਵਾਰ, 11 ਅਕਤੂਬਰ, 2026
25 ਅੱਸੂ { ਨਾਨਕਸ਼ਾਹੀ 558 / ਬਿਕਰਮੀ 2083 }
ਜਿਲਦ/VOL. : 75
ਅੰਕ/NO. : 131

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 11 OCTOBER, 2026
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਮੁਕੰਮਲ ਕਿਲ੍ਹੇਬੰਦੀ ਦੌਰਾਨ ਹਜ਼ਾਰਾਂ ਗ੍ਰਿਫ਼ਤਾਰੀਆਂ

**ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)**

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਸੀ ਜੇ ਪੀ ਵੱਲੋਂ ਜੰਤਰ ਮੰਤਰ ਵਿਖੇ ਕੀਤੇ ਜਾ ਰਹੇ ਪ੍ਰਦਰਸ਼ਨ ਦੇ ਮੱਦੇਨਜ਼ਰ ਰਾਜਧਾਨੀ ਵਿੱਚ ਸਨਿੱਚਰਵਾਰ ਸਵੇਰ ਤੋਂ ਹੀ ਸਖ਼ਤ ਪਾਬੰਦੀਆਂ ਲਾਗੂ ਕਰ ਦਿੱਤੀਆਂ ਗਈਆਂ ਤੇ ਨਵੀਂ ਦਿੱਲੀ ਨੂੰ ਮੁਕੰਮਲ ਕਿਲ੍ਹੇਬੰਦੀ ਵਿਚ ਬਦਲ ਦਿੱਤਾ ਗਿਆ। ਇਸ ਦੌਰਾਨ ਮਮਤਾ ਬੈਨਰਜੀ, ਅਰਵਿੰਦ ਕੇਜਰੀਵਾਲ ਸਮੇਤ ਹੋਰ ਅਨੇਕਾਂ ਰਾਜਸੀ ਆਗੂਆਂ ਨੂੰ ਹਿਰਾਸਤ 'ਚ ਲੈ ਲਿਆ ਗਿਆ। ਸੀ ਜੇ ਪੀ ਦੇ ਸੰਸਥਾਪਕ ਅਭੀਜੀਤ ਦੀਪਕੇ, ਸੌਰਵ ਦਾਸ ਅਤੇ ਆਸ਼ੂਤੋਸ਼ ਰਾਂਕਾ ਨੂੰ ਕੌਮੀ ਰਾਜਧਾਨੀ ਵਿੱਚ ਜਹਾਜ਼ ਉਤਰਨ ਤੋਂ ਬਾਅਦ ਦਿੱਲੀ ਪੁਲਸ ਨੇ ਹਿਰਾਸਤ ਵਿੱਚ ਲੈ ਲਿਆ। ਇਸ ਸੰਬੰਧੀ ਸੀ ਜੇ ਪੀ ਨੇ ਆਪਣੇ ਟਵਿਟਰ ਖਾਤੇ 'ਤੇ ਵੀਡੀਓ ਵੀ ਸਾਂਝੀ ਕੀਤੀ ਹੈ, ਜਿਸ ਵਿੱਚ ਦੀਪਕੇ ਨੂੰ ਜਹਾਜ਼ ਵਿੱਚੋਂ ਪੁਲਸ ਕਰਮੀਆਂ ਵੱਲੋਂ ਲਿਜਾਇਆ ਜਾ ਰਿਹਾ ਹੈ। ਇੱਕ ਬਿਆਨ ਵਿੱਚ ਪਾਰਟੀ ਨੇ ਇਸ ਕਾਰਵਾਈ ਨੂੰ ਆਜ਼ਾਦੀ ਦੀ ਉਲੰਘਣਾ ਦੱਸਿਆ ਅਤੇ ਤਿੰਨੋਂ ਆਗੂਆਂ ਦੀ ਤੁਰੰਤ ਅਤੇ ਬਿਨਾਂ ਸ਼ਰਤ ਰਿਹਾਈ ਦੀ ਮੰਗ ਕੀਤੀ। ਪੁਲਸ ਵੱਲੋਂ 3 ਹਜ਼ਾਰ ਤੋਂ ਵੱਧ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ 'ਚ ਲੈਣ ਦੀਆਂ ਰਿਪੋਰਟਾਂ ਹਨ।



ਇਸ ਤੋਂ ਪਹਿਲਾਂ ਪੁਲਸ ਨੇ ਜੰਤਰ-ਮੰਤਰ 'ਤੇ ਕਾਕਰੋਚ ਜਨਤਾ ਪਾਰਟੀ ਦੇ ਪ੍ਰਸਤਾਵਿਤ ਪ੍ਰਦਰਸ਼ਨ ਤੋਂ ਪਹਿਲਾਂ ਯੂਟਿਊਬਰ ਧਰੁਵ ਰਾਠੀ ਨੂੰ ਗੁਰੂਗ੍ਰਾਮ ਦੇ ਸੈਕਟਰ 56 ਸਥਿਤ ਉਨ੍ਹਾ ਦੀ ਰਿਹਾਇਸ਼ ਤੋਂ ਹਿਰਾਸਤ ਵਿੱਚ ਲੈ ਲਿਆ। ਇਸ ਤੋਂ ਇਲਾਵਾ ਦਿੱਲੀ ਪੁਲਸ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਲਈ ਸੀ ਜੇ ਪੀ ਦੇ ਪ੍ਰਸਤਾਵਿਤ ਪ੍ਰਦਰਸ਼ਨ ਲਈ ਜੰਤਰ-ਮੰਤਰ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਸੈਂਕੜੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਰਾਜਧਾਨੀ ਵਿੱਚ ਹਜਾਰਾਂ ਪੁਲਸ ਮੁਲਾਜ਼ਮ ਤਾਇਨਾਤ ਹਨ ਤੇ ਜੰਤਰ ਮੰਤਰ ਦੀ ਮੁਕੰਮਲ ਨਾਕਾਬੰਦੀ ਕੀਤੀ ਹੋਈ ਹੈ। ਰਾਜਧਾਨੀ ਦੇ ਕੁਝ ਹਿੱਸਿਆਂ ਵਿੱਚ ਟਰੈਫਿਕ ਪਾਬੰਦੀਆਂ ਲਾਗੂ ਹਨ ਤੇ ਮੈਟਰੋ ਰੇਲ ਸੇਵਾਵਾਂ ਬੰਦ ਹਨ। ਸੈਂਕੜੇ ਰੇਲ ਗੱਡੀਆਂ ਰੱਦ ਹਨ ਅਤੇ ਮੋਬਾਇਲ ਇੰਟਰਨੈੱਟ ਸੇਵਾ ਮੁਅੱਤਲ ਹੈ। ਦਿੱਲੀ ਟਰੈਫਿਕ ਪੁਲਸ ਨੇ ਕਨਾਟ ਪਲੇਸ, ਮੰਡੀ ਹਾਊਸ, ਜੰਤਰ ਮੰਤਰ, ਪਟੇਲ ਚੌਂਕ ਅਤੇ ਮੱਧ ਦਿੱਲੀ ਦੇ ਹੋਰ ਮੁੱਖ ਚੌਰਾਹਿਆਂ ਦੇ ਆਲੇ-ਦੁਆਲੇ ਹਾਲਾਤ ਅਣਸੁਖਾਵੇਂ ਹੋਣ ਦੀ ਚਿਤਾਵਨੀ ਦਿੱਤੀ ਹੈ।

ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਨੇ ਸ਼ੁੱਕਰਵਾਰ ਰਾਤ 9 ਵਜੇ ਤੋਂ ਸ਼ਨੀਵਾਰ ਸਥਿਤੀ ਆਮ ਹੋਣ ਤੱਕ 57 ਮੈਟਰੋ ਸਟੇਸ਼ਨਾਂ ਦੇ ਐਂਟਰੀ ਅਤੇ ਐਗਜ਼ਿਟ ਗੇਟ ਬੰਦ ਕਰ ਦਿੱਤੇ ਹਨ। ਮੱਧ ਦਿੱਲੀ ਵਿੱਚ 24

• ਬਾਕੀ ਸਫਾ 2 'ਤੇ

## 'ਆਪ' ਆਗੂਆਂ ਨੂੰ ਹਿਰਾਸਤ 'ਚ ਲਿਆ



**ਚੰਡੀਗੜ੍ਹ :** ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਸੀ ਜੇ ਪੀ ਦੀ ਹਮਾਇਤ ਵਿੱਚ ਆਮ ਆਦਮੀ ਪਾਰਟੀ (ਆਪ) ਵੀ ਸੜਕਾਂ 'ਤੇ ਉਤਰ ਆਈ ਹੈ। ਸ਼ਨੀਵਾਰ 'ਆਪ' ਪੰਜਾਬ ਵੱਲੋਂ ਚੰਡੀਗੜ੍ਹ ਦੇ ਸੈਕਟਰ 17 ਵਿਖੇ ਸਥਿਤ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ 'ਆਪ' ਪੰਜਾਬ ਦੇ ਸੀਨੀਅਰ

• ਬਾਕੀ ਸਫਾ 2 'ਤੇ

## ਭਾਜਪਾ, ਅਕਾਲੀ ਦਲ ਤੇ ਕਾਂਗਰਸ ਸਰਕਾਰਾਂ ਨੇ ਨਸ਼ੇ ਫੈਲਾਏ : ਮਾਨ

### ਨਸ਼ਿਆਂ ਵਿਰੁੱਧ ਬਾਈਕ ਰੈਲੀ ਨੂੰ ਹਰੀ ਝੰਡੀ



**ਮੁਹਾਲੀ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਇਤਿਹਾਸਕ ਧਰਤੀ ਚੱਪੜਚਿੜੀ ਤੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਫੈਸਲਾਕੁੰਨ ਪੜਾਅ ਦਾ ਅਗਾਜ਼ ਕੀਤਾ ਅਤੇ ਨਸ਼ਿਆਂ ਵਿਰੁੱਧ ਜੰਗ ਨੂੰ ਲੋਕ ਲਹਿਰ ਬਣਾਉਣ ਲਈ ਬਾਈਕ ਰੈਲੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਨੂੰ ਚੋਰੀ-ਛਿਪੇ ਵੀ ਨਹੀਂ ਵਿਕਣ ਦਿੱਤਾ ਜਾਵੇਗਾ।ਉਨ੍ਹਾ ਹਰ ਪੰਜਾਬੀ ਨੂੰ ਸੂਬੇ ਦੇ ਨੌਜਵਾਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਅਤੇ ਪੰਜਾਬ ਦੀ ਗੁਆਚੀ ਸ਼ਾਨ ਨੂੰ ਬਹਾਲ ਕਰਨ ਲਈ ਨਸ਼ਿਆਂ ਦੇ ਖਾਤਮੇ ਦੀ ਇਸ ਫੈਸਲਾਕੁੰਨ ਜੰਗ ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ। ਰੈਲੀ ਦੇ ਨਾਲ ਸੁਝਾਅ ਅਤੇ ਸ਼ਿਕਾਇਤ ਬਕਸੇ ਹੋਣ ਅਤੇ ਫ਼ਿਲਮ 'ਥਾਪੀ' ਦੀ ਟੀਮ ਦੇ ਜਾਗਰੂਕਤਾ ਮੁਹਿੰਮ ਵਿੱਚ ਜੁੜਨ ਨਾਲ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਹੋਰ ਵੀ ਕਾਰਗਰ ਹੋ ਗਈ ਹੈ।

ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਨਸ਼ਿਆਂ ਦੀ ਬਜਾਏ ਸਿੱਖਿਆ ਅਤੇ ਖੇਡਾਂ ਨੂੰ ਅਪਣਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਭਾਜਪਾ, ਅਕਾਲੀ ਦਲ ਅਤੇ ਕਾਂਗਰਸ ਦੀਆਂ ਪਿਛਲੀਆਂ ਸਰਕਾਰਾਂ ਨੂੰ ਨਸ਼ੇ ਫੈਲਾਉਣ ਅਤੇ ਪੰਜਾਬ ਦੇ ਅਕਸ ਨੂੰ ਢਾਹ ਲਾਉਣ ਲਈ ਜ਼ਿੰਮੇਵਾਰ ਠਹਿਰਾਇਆ।ਐੱਕਸ 'ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਮੁੱਖ ਮੰਤਰੀ ਨੇ ਕਿਹਾ, "ਅੱਜ ਇਤਿਹਾਸਕ ਧਰਤੀ ਚੱਪੜਚਿੜੀ ਤੋਂ ਬਾਈਕ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ, ਜੋ ਕਿ 'ਯੁੱਧ ਨਸ਼ਿਆਂ ਵਿਰੁੱਧ' ਦੇ ਆਖਰੀ ਪੜਾਅ ਦੀ ਸ਼ੁਰੂਆਤ ਹੈ। ਨਸ਼ਿਆਂ ਵਿਰੁੱਧ ਲੜਾਈ ਇਕੱਲੀ ਸਰਕਾਰ ਜਾਂ ਪੁਲਸ ਦੀ ਜ਼ਿੰਮੇਵਾਰੀ ਨਹੀਂ, ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਇਸ ਨੂੰ ਲੋਕ ਲਹਿਰ ਬਣਾਉਣਾ ਚਾਹੀਦਾ ਹੈ।ਇਸ ਮੁਹਿੰਮ ਵਿੱਚ ਸ਼ਾਮਲ ਹੋਣ ਲਈ ਅਦਾਕਾਰਾ ਨੀਰੂ ਬਾਜਵਾ, ਫ਼ਿਲਮ 'ਥਾਪੀ' ਦੀ ਟੀਮ ਅਤੇ ਪੰਜਾਬ ਦੇ ਭਲੇ ਦੀ ਸੋਚ ਰੱਖਣ ਵਾਲੇ ਸਾਰੇ ਲੋਕਾਂ ਦਾ ਦਿਲੋਂ ਧੰਨਵਾਦ।ਪੰਜਾਬ ਗੁਰੂਆਂ, ਪੀਰਾਂ, ਸੰਤਾਂ, ਸ਼ਹੀਦਾਂ, ਖਿਡਾਰੀਆਂ ਅਤੇ ਬਹਾਦਰ ਜਰਨੈਲਾਂ ਦੀ ਧਰਤੀ ਹੈ।ਆਓ, ਆਪਣੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਅਤੇ ਇਸ ਦੀ ਰੰਗਲਾ ਪੰਜਾਬ ਵਾਲੀ ਸ਼ਾਨ ਨੂੰ ਮੁੜ ਬਹਾਲ ਕਰਨ ਲਈ ਇਕੱਠੇ ਹੋਈਏ।ਇਨਕਲਾਬ ਜ਼ਿੰਦਾਬਾਦ।" ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ, 'ਇਤਿਹਾਸਕ ਧਰਤੀ ਚੱਪੜਚਿੜੀ ਤੋਂ ਆਖਰੀ ਪੜਾਅ ਦੀ ਸ਼ੁਰੂਆਤ ਦਾ ਬਹੁਤ ਵੱਡਾ ਮਹੱਤਵ ਹੈ, ਕਿਉਂਕਿ ਇਹ ਧਰਤੀ ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਅਨਿਆਂ ਅਤੇ ਜ਼ੁਲਮ ਵਿਰੁੱਧ ਲੜੀ ਗਈ ਇਤਿਹਾਸਕ ਜੰਗ ਨਾਲ ਜੁੜੀ ਹੋਈ ਹੈ।ਉਹੀ ਸਾਹਸ, ਕੁਰਬਾਨੀ ਅਤੇ ਦ੍ਰਿੜ੍ਹਤਾ ਦੀ ਭਾਵਨਾ ਪੰਜਾਬ ਨੂੰ ਨਸ਼ਿਆਂ ਵਿਰੁੱਧ ਜੰਗ ਵਿੱਚ ਅਗਵਾਈ ਦੇਵੇਗੀ।ਉਨ੍ਹਾ ਕਿਹਾ ਕਿ ਬਾਈਕਰਾਂ ਦੀ ਇਹ ਰੈਲੀ ਪੰਜਾਬ ਦੇ ਸਾਰੇ 23

• ਬਾਕੀ ਸਫਾ 2 'ਤੇ

## ਗਿਆਨੇਸ਼ ਦਾ ਜਾਣਾ ਤੈਅ : ਰਾਹੁਲ



**ਨਵੀਂ ਦਿੱਲੀ :** ਮੁੱਖ ਚੋਣ ਕਮਿਸ਼ਨਰ ਨੂੰ ਹਟਾਉਣ ਦੀ ਮੰਗ ਲਈ ਰਾਸ਼ਟਰਪਤੀ ਦਰੋਪਦੀ ਮੁਰਮੂ ਨਾਲ ਮੁਲਾਕਾਤ ਕਰਨ ਤੋਂ ਇੱਕ ਦਿਨ ਬਾਅਦ ਰਾਹੁਲ ਗਾਂਧੀ ਨੇ ਸ਼ਨੀਵਾਰ ਕਿਹਾ ਕਿ ਗਿਆਨੇਸ਼ ਕੁਮਾਰ ਜਾਣਗੇ, ਜਿਸ ਤੋਂ ਬਾਅਦ ਭਾਰਤੀ ਲੋਕਤੰਤਰ ਦੀ ਮੁਰੰਮਤ ਸ਼ੁਰੂ ਹੋਵੇਗੀ। ਕਾਂਗਰਸ ਦੇ ਜਨਰਲ ਸਕੱਤਰ (ਸੰਚਾਰ) ਜੈਰਾਮ ਰਮੇਸ਼ ਨੇ ਕਿਹਾ ਕਿ ਦੇਸ਼ ਦੀ ਰਾਜਧਾਨੀ ਨੂੰ ਕਿਲ੍ਹੇ ਵਿੱਚ ਬਦਲ ਦਿੱਤਾ ਗਿਆ ਹੈ ਅਤੇ ਹਰ ਪਾਸੇ ਹਥਿਆਰਬੰਦ ਸੁਰੱਖਿਆ ਬਲ ਤਾਇਨਾਤ ਹਨ। ਉਹਨਾ ਕਿਹਾ, 'ਪ੍ਰਧਾਨ ਮੰਤਰੀ-ਗ੍ਰਹਿ ਮੰਤਰੀ ਦੀ ਜੋੜੀ ਉਨ੍ਹਾਂ ਨੌਜਵਾਨਾਂ ਦੇ ਸ਼ਾਂਤਮਈ ਪ੍ਰਦਰਸ਼ਨ ਤੋਂ ਬੇਹੱਦ ਘਬਰਾਈ ਹੋਈ ਅਤੇ ਬੌਖਲਾ ਗਈ ਹੈ, ਜੋ ਧਾਰਾ 326 ਦੁਆਰਾ ਗਾਰੰਟੀਸ਼ੁਦਾ ਵੋਟ ਪਾਉਣ ਦੇ ਆਪਣੇ ਸੰਵਿਧਾਨਕ ਅਧਿਕਾਰ ਦੀ ਯੋਜਨਾਬੱਧ ਚੋਰੀ ਨੂੰ ਲੈ ਕੇ ਡੂੰਘੇ ਚਿੰਤਤ ਹਨ। ਇਸ ਗੱਲ ਦੇ ਸਬੂਤ ਹਨ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼

• ਬਾਕੀ ਸਫਾ 2 'ਤੇ

## ਸਲੀਪਰ ਬੱਸਾਂ ਰਾਹੀਂ ਦਿੱਲੀ ਪੁੱਜੇ ਪੰਜਾਬ ਦੇ ਵਿਦਿਆਰਥੀ

**ਚੰਡੀਗੜ੍ਹ :** ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਲਗਭਗ 200 ਵਿਦਿਆਰਥੀ ਸਨਿੱਚਰਵਾਰ ਦਿੱਲੀ ਪੁੱਜੇ। ਉਹ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਿਰੁੱਧ ਜੰਤਰ-ਮੰਤਰ ਵਿਚ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਆਏ ਸਨ। ਪ੍ਰਦਰਸ਼ਨ ਵਾਲੀ ਥਾਂ ਵੱਲ ਮਾਰਚ ਕਰਦਿਆਂ ਪੁਲਸ ਨੇ ਇਨ੍ਹਾਂ ਵਿੱਚੋਂ ਕਈ ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲੈ ਲਿਆ। ਵਿਦਿਆਰਥੀ ਆਗੂਆਂ ਅਨੁਸਾਰ ਹਿਰਾਸਤ ਵਿੱਚ ਲਏ ਵਿਦਿਆਰਥੀਆਂ ਨੂੰ ਸੂਰਜ ਮੱਲ ਸਟੇਡੀਅਮ ਅਤੇ ਰਾਜੀਵ ਗਾਂਧੀ ਸਟੇਡੀਅਮ ਲਿਜਾਇਆ ਗਿਆ। ਕੁਝ ਵਿਦਿਆਰਥੀਆਂ ਨੂੰ ਬੱਸਾਂ ਵਿੱਚ ਬਿਠਾ ਕੇ ਦਿੱਲੀ ਤੋਂ ਕਾਫ਼ੀ ਦੂਰ ਲਿਜਾਇਆ ਗਿਆ ਅਤੇ ਸੋਨੀਪਤ ਸੜਕ 'ਤੇ ਵੱਖ-ਵੱਖ ਥਾਵਾਂ 'ਤੇ ਉਤਾਰ ਦਿੱਤਾ ਗਿਆ।

ਪੰਜਾਬ ਸਟੂਡੈਂਟਸ ਯੂਨੀਅਨ ਅਤੇ ਨੌਜਵਾਨ ਭਾਰਤ ਸਭਾ ਦੇ ਬੈਨਰ ਹੇਠ ਵਿਦਿਆਰਥੀਆਂ ਨੂੰ ਲਾਮਬੰਦ ਕਰਨ ਵਾਲੇ ਆਗੂ ਰਣਬੀਰ ਸਿੰਘ ਰੰਧਾਵਾ ਨੇ ਮੀਡੀਆ ਨੂੰ ਦੱਸਿਆ ਕਿ ਵਿਦਿਆਰਥੀਆਂ ਨੇ ਸ਼ੁੱਕਰਵਾਰ ਦੀ ਰਾਤ ਬੰਗਲਾ ਸਾਹਿਬ

• ਬਾਕੀ ਸਫਾ 2 'ਤੇ

## ਵਾਂਗਚੁਕ ਵੱਲੋਂ ਮਰਨ ਵਰਤ ਜਾਂ ਪੈਦਲ ਮਾਰਚ ਦੀ ਚੇਤਾਵਨੀ



**ਨਵੀਂ ਦਿੱਲੀ :** ਵਾਤਾਵਰਨ ਪੱਖੀ ਕਾਰਕੁਨ ਸੋਨਮ ਵਾਂਗਚੁਕ ਨੇ ਸ਼ਨੀਵਾਰ ਚੇਤਾਵਨੀ ਦਿੱਤੀ ਕਿ ਜੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਕਰਦਿਆਂ ਪ੍ਰਦਰਸ਼ਨ ਦੌਰਾਨ ਹਿਰਾਸਤ ਵਿੱਚ ਲਏ ਗਏ ਨੌਜਵਾਨਾਂ ਨੂੰ ਐਤਵਾਰ ਤੱਕ ਰਿਹਾਅ ਨਾ ਕੀਤਾ ਗਿਆ ਤਾਂ ਉਹ ਮਰਨ ਵਰਤ ਸ਼ੁਰੂ ਕਰ ਸਕਦੇ ਹਨ ਜਾਂ ਪੈਦਲ ਮਾਰਚ ਕੱਢ ਸਕਦੇ ਹਨ। ਇਸ ਨਾਲ ਵੋਟਰ ਸੂਚੀਆਂ ਵਿੱਚ ਕਥਿਤ ਬੇਨਿਯਮੀਆਂ ਨੂੰ ਲੈ ਕੇ ਚੱਲ ਰਿਹਾ ਟਕਰਾਅ ਹੋਰ ਵਧ ਗਿਆ ਹੈ। ਐੱਕਸ 'ਤੇ ਸਾਂਝੀ ਕੀਤੀ ਵੀਡੀਓ ਵਿੱਚ ਵਾਂਗਚੁਕ ਨੇ ਕੌਮੀ ਰਾਜਧਾਨੀ ਦੀ ਸਥਿਤੀ ਨੂੰ 'ਅਣਐਲਾਨੀ ਐਮਰਜੈਂਸੀ' ਕਰਾਰ ਦਿੱਤਾ। ਉਨ੍ਹਾ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ ਦੀ ਪ੍ਰਕਿਰਿਆ ਵਿਰੁੱਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਵਾਲੇ ਸਿਆਸੀ ਆਗੂਆਂ ਨੂੰ ਹਿਰਾਸਤ ਵਿੱਚ ਲਏ ਜਾਣ 'ਤੇ ਚਿੰਤਾ ਪ੍ਰਗਟਾਈ।

## ਕੀ ਪ੍ਰਦਰਸ਼ਨਕਾਰੀ ਡਾਕੂ ਹਨ : ਦੀਪਕੇ ਦੇ ਪਿਤਾ

**ਨਵੀਂ ਦਿੱਲੀ :** 'ਮੈਨੂੰ ਸਮਝ ਨਹੀਂ ਆ ਰਿਹਾ ਕਿ ਦਿੱਲੀ ਵਿੱਚ ਏਨੀ ਪੁਲਸ ਫੋਰਸ ਕਿਉਂ ਤਾਇਨਾਤ ਹੈ? ਇਹ ਵਿਦਿਆਰਥੀਆਂ ਦਾ ਅੰਦੋਲਨ ਹੈ। ਕੀ ਚੰਬਲ ਦੇ ਡਾਕੂ ਦਿੱਲੀ ਵਿੱਚ ਇਕੱਠੇ ਹੋਏ ਹਨ? ਡਾਕੂ ਸੰਸਦ ਵਿੱਚ ਬੈਠੇ ਹਨ।'

ਇਹ ਗੱਲਾਂ ਅਭਿਜੀਤ ਦੇ ਪਿਤਾ ਭਗਵਾਨ ਦੀਪਕੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀਆਂ। ਜਦੋਂ ਉਨ੍ਹਾ ਨੂੰ ਇਹ ਦੱਸਿਆ ਗਿਆ ਕਿ ਅੰਦੋਲਨ ਬਿਨਾਂ ਇਜਾਜ਼ਤ ਦੇ ਹੋ ਰਿਹਾ ਹੈ, ਤਾਂ ਉਨ੍ਹਾ ਕਿਹਾ ਕਿ ਜਦੋਂ ਹਰ ਭਾਰਤੀ ਨੂੰ ਵਿਰੋਧ ਕਰਨ ਦਾ ਕਾਨੂੰਨੀ ਅਧਿਕਾਰ ਹੈ ਤਾਂ ਇਜਾਜ਼ਤ ਦੀ ਲੋੜ ਕਿਉਂ ਹੈ। ਇਸ ਦਾ ਮਤਲਬ ਹੈ ਕਿ ਉਹ (ਸਰਕਾਰ) ਲੋਕਤੰਤਰ ਦੀ ਪਾਲਣਾ ਨਹੀਂ ਕਰਦੇ। ਜਦੋਂ ਇਹ ਵਿਰੋਧ ਪ੍ਰਦਰਸ਼ਨ ਉਨ੍ਹਾਂ ਨੂੰ ਬੇਨਕਾਬ ਕਰਨ ਲਈ ਹੈ ਤਾਂ ਉਹ ਅੰਦੋਲਨ ਕਰਨ ਦੀ ਇਜਾਜ਼ਤ ਕਿਵੇਂ ਦੇਣਗੇ? ਇੱਥੇ ਇਜਾਜ਼ਤ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ।

## 'ਮੇਲਾ ਗ਼ਦਰੀ ਬਾਬਿਆਂ ਦਾ' 30 ਅਕਤੂਬਰ ਤੋਂ



**ਜਲੰਧਰ (ਕੇਸਰ)**-ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਅਤੇ ਇਸ ਦੇ ਅੰਗਸੰਗ ਜੁੜੇ ਸੱਭਿਆਚਾਰਕ ਕਾਮਾ ਪਰਵਾਰ ਦੀ ਸ਼ਨੀਵਾਰ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਮੀਟਿੰਗ 'ਚ 30 ਅਕਤੂਬਰ ਤੋਂ ਪਹਿਲੀ ਨਵੰਬਰ ਸਾਰਾ ਦਿਨ ਸਾਰੀ ਰਾਤ ਹੋਣ ਵਾਲਾ 'ਮੇਲਾ ਗ਼ਦਰੀ ਬਾਬਿਆਂ ਦਾ' ਹੋਰ ਵੀ ਖਿੱਚ ਅਤੇ ਸੁਨੇਹਾ ਭਰਪੂਰ ਕਿਵੇਂ ਬਣੇ, ਇਸ 'ਤੇ ਨਿਠ ਕੇ ਵਿਚਾਰਾਂ ਕਰਦਿਆਂ ਟੀਮਾਂ ਦਾ ਗਠਨ ਕੀਤਾ ਗਿਆ। ਇਹ ਫੈਸਲਾ ਵੀ ਕੀਤਾ ਗਿਆ ਕਿ ਪਹਿਲੀ ਨਵੰਬਰ ਦੀ ਰਾਤ ਮੇਲਾ ਅੱਧੀ ਰਾਤ ਦੀ ਬਜਾਏ ਸਰਘੀ ਵੇਲੇ ਤੱਕ ਜਾਰੀ ਰਹੇਗਾ। ਚਿੱਤਰਕਲਾ ਅਤੇ ਫੋਟੋ ਕਲਾ ਪ੍ਰਦਰਸ਼ਨੀ ਦਾ ਮਿਊਜ਼ੀਅਮ ਅਤੇ ਲਾਇਬ੍ਰੇਰੀ ਹਾਲ 'ਚ 30 ਅਕਤੂਬਰ ਬਾਅਦ ਦੁਪਹਿਰ 2 ਵਜੇ ਸ਼ਮ੍ਹਾ ਰੌਸ਼ਨ ਕਰਕੇ ਆਗਾਜ਼ ਕੀਤਾ ਜਾਏਗਾ। ਇਸ ਵਿੱਚ ਪੰਜਾਬ ਦੇ ਜਾਣੇ-ਪਹਿਚਾਣੇ ਚਿੱਤਰਕਾਰ ਅਤੇ ਫੋਟੋ ਕਲਾਕਾਰਾਂ ਦੀਆਂ ਕਿਰਤਾਂ ਤੋਂ ਇਲਾਵਾ ਨਵੀਂ ਦਿੱਲੀ ਤੋਂ ਨਾਮਵਰ ਵਿਦਵਾਨ ਅਤੇ ਕਵੀ ਗੌਹਰ ਰਜ਼ਾ ਦੀ ਭਾਣਜੀ ਆਵਾਨ ਪੇਂਟਿੰਗਾਂ ਲੈ ਕੇ ਸ਼ਾਮਲ ਹੋਣਗੇ। 30 ਅਕਤੂਬਰ ਸ਼ਾਮ 4 ਵਜੇ 'ਉਹਨਾਂ ਮਿੱਤਰਾਂ ਦੀ ਯਾਦ ਪਿਆਰੀ'... ਬੈਨਰ ਹੇਠ ਸ਼ੁਰੂ ਹੋਣ ਵਾਲੇ ਸਮਾਗਮ 'ਚ ਪਿਛਲੇ ਦਿਨੀਂ ਵਿਛੜ ਗਈਆਂ ਸ਼ਖਸੀਅਤਾਂ ਨੂੰ ਸਿਜਦਾ ਕੀਤਾ ਜਾਏਗਾ। ਇਸ ਉਪਰੰਤ ਪੈਨਲ ਵਿਚਾਰ-ਚਰਚਾ ਹੋਏਗੀ, ਜਿਸ ਦੇ ਸੰਚਾਲਕ ਹਰਵਿੰਦਰ ਭੰਡਾਲ ਹੋਣਗੇ। ਇਸ ਵਿੱਚ ਪੰਜਾਬ ਦੀ ਤਰਕਸ਼ੀਲ ਲਹਿਰ ਦੇ ਜਾਣੇ-ਪਹਿਚਾਣੇ

• ਬਾਕੀ ਸਫਾ 2 'ਤੇ

## ਗੁਰਦੁਆਰਾ ਬੰਗਲਾ ਸਾਹਿਬ ਅੰਦਰ ਦਾਖ਼ਲ ਹੋਏ ਪ੍ਰਦਰਸ਼ਨਕਾਰੀ

**ਨਵੀਂ ਦਿੱਲੀ :** ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਕੌਕਰੇਚ ਜਨਤਾ ਪਾਰਟੀ (ਸੀ ਜੀ ਪੀ) ਦੇ ਸੱਦੇ 'ਤੇ ਪ੍ਰਦਰਸ਼ਨ ਤੋਂ ਪਹਿਲਾਂ ਬੰਗਲਾ ਸਾਹਿਬ ਗੁਰਦੁਆਰੇ ਨੇੜੇ ਤਣਾਅ ਵਾਲੀ ਸਥਿਤੀ ਬਣ ਗਈ। ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਲਈ ਪੁੱਜੇ ਕਈ ਜਣਿਆਂ ਨੂੰ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ। ਇਸ ਘਟਨਾ ਦੀਆਂ ਵੀਡੀਓਜ਼ ਵੀ ਸਾਹਮਣੇ ਆਈਆਂ ਹਨ, ਜਿਨ੍ਹਾਂ ਵਿੱਚ ਗੁਰਦੁਆਰੇ ਦੇ ਨੇੜੇ ਪੁਲੀਸ ਮੁਲਾਜ਼ਮ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿੱਚ ਲੈਂਦੇ ਦਿਖਾਈ ਦੇ ਰਹੇ ਹਨ। ਮੀਡੀਆ ਰਿਪੋਰਟਾਂ ਅਨੁਸਾਰ ਕੁਝ ਪ੍ਰਦਰਸ਼ਨਕਾਰੀ ਪੁਲੀਸ ਵੱਲੋਂ ਫੜੇ ਜਾਣ ਤੋਂ ਬਚਣ ਲਈ ਗੁਰਦੁਆਰੇ ਦੇ ਅੰਦਰ ਚਲੇ ਗਏ ਅਤੇ ਉੱਥੇ ਪਨਾਹ ਲਈ। ਇਸ ਦੌਰਾਨ ਪੁਲੀਸ ਅਤੇ ਕੇਂਦਰੀ ਸੁਰੱਖਿਆ ਬਲਾਂ ਦੇ ਜਵਾਨ ਗੁਰਦੁਆਰੇ ਦੇ ਬਾਹਰ ਤਾਇਨਾਤ ਰਹੇ।

## ਟਰੰਪ ਦੇ ਐਲਾਨ ਨੇ ਭਾਰਤ ਲਈ ਪੈਦਾ ਕੀਤੇ ਅਜੀਬ ਹਾਲਾਤ

**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**



ਨਵੀਂ ਦਿੱਲੀ ਨੂੰ ਰੂਸ ਤੋਂ ਅਲੱਗ-ਥਲੱਗ ਕਰਨ ਦੀਆਂ ਵਾਸ਼ਿੰਗਟਨ ਦੀਆਂ ਕੋਸ਼ਿਸ਼ਾਂ ਦਰਮਿਆਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਮਰੀਕੀ ਤੇ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਰੂਸੀ ਡੀਜ਼ਲ ਨਿਰਯਾਤ ਦੀ ਸਹੂਲਤ ਦੇਣ ਦੇ ਫੈਸਲੇ ਨੇ ਭਾਰਤ ਲਈ ਇੱਕ ਅਜੀਬ ਸਵਾਲ ਖੜ੍ਹਾ ਕੀਤਾ ਹੈ। ਨਵੀਂ ਦਿੱਲੀ ਨੂੰ ਰੂਸੀ ਤੇਲ ਖਰੀਦਣ ਲਈ ਕਿਉਂ ਸਜ਼ਾ ਦਿੱਤੀ ਗਈ, ਜਦੋਂ ਵਾਸ਼ਿੰਗਟਨ ਹੁਣ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਰੂਸੀ ਬਾਲਣ ਸਪਲਾਈ 'ਤੇ ਪਾਬੰਦੀਆਂ ਨੂੰ ਘੱਟ ਕਰਨ ਲਈ ਤਿਆਰ ਹੈ? ਟਰੰਪ ਵੱਲੋਂ ਸ਼ੁੱਕਰਵਾਰ ਨੂੰ ਰੂਸ ਕੋਲੋਂ ਡੀਜ਼ਲ ਖਰੀਦਣ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਇਹ ਸਵਾਲ ਹੋਰ ਵੀ ਗੰਭੀਰ ਹੋ ਗਿਆ। ਟਰੰਪ ਦੇ ਐਲਾਨ ਅਨੁਸਾਰ ਰੂਸ ਅਮਰੀਕਾ ਅਤੇ ਵਿਸ਼ਵ ਬਾਜ਼ਾਰਾਂ ਵਿੱਚ 3,00,000 ਟਨ ਤੋਂ ਵੱਧ ਡੀਜ਼ਲ ਜਾਰੀ ਕਰੇਗਾ, ਜਿਸ ਵਿੱਚ ਹੋਰ ਸ਼ਿਪਮੈਂਟਾਂ ਦੀ ਵੀ ਯੋਜਨਾ ਹੈ। ਅਮਰੀਕੀ ਖਜ਼ਾਨਾ ਵਿਭਾਗ ਨੇ ਬਾਅਦ ਵਿੱਚ 7 ਅਪ੍ਰੈਲ, 2027 ਤੱਕ ਰੂਸ ਦੇ ਡੀਜ਼ਲ ਨਾਲ ਸੰਬੰਧਤ ਖਾਸ ਲੈਣ-ਦੇਣ ਦੀ ਆਗਿਆ ਦੇਣ ਲਈ ਇੱਕ ਅਸਥਾਈ ਲਾਇਸੈਂਸ ਜਾਰੀ ਕੀਤਾ। ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਅਮਰੀਕੀ ਈਂਧਨ ਦੀਆਂ ਕੀਮਤਾਂ ਵਿੱਚ ਵਾਧੇ ਦੇ ਦਰਮਿਆਨ ਇਹ ਐਲਾਨ ਵਾਸ਼ਿੰਗਟਨ ਦੀ ਮਾਸਕੋ ਨੂੰ ਊਰਜਾ ਮਾਲੀਏ ਤੋਂ ਵਾਂਝਾ ਕਰਨ ਦੀ ਮੁਹਿੰਮ ਤੋਂ ਇੱਕ ਹੈਰਾਨੀਜਨਕ ਮੋੜਾ ਕੱਟਣ ਨੂੰ ਦਰਸਾਉਂਦਾ ਹੈ। ਭਾਰਤ ਲਈ ਇਹ ਐਲਾਨ ਖਾਸ ਤੌਰ 'ਤੇ ਅਸਹਿਜ ਹੈ। ਅਗਸਤ 2025 ਵਿੱਚ ਟਰੰਪ ਨੇ ਦੇਸ਼ ਦੁਆਰਾ ਰੂਸੀ ਤੇਲ ਦੀ ਖਰੀਦਦਾਰੀ 'ਤੇ ਭਾਰਤੀ ਸਮਾਨ 'ਤੇ 25 ਪ੍ਰਤੀਸ਼ਤ ਵਾਧੂ ਟੈਰਿਫ ਲਗਾਇਆ ਸੀ। ਵ੍ਹਾਈਟ ਹਾਊਸ ਨੇ ਉਨ੍ਹਾਂ ਦੇਸ਼ਾਂ ਨੂੰ ਸਜ਼ਾ ਦੇ ਕੇ ਮਾਸਕੋ 'ਤੇ ਦਬਾਅ ਪਾਉਣ ਦੇ ਤਰੀਕੇ ਵਜੋਂ ਇਸ ਉਪਾਅ ਨੂੰ ਜਾਇਜ਼ ਠਹਿਰਾਇਆ, ਜੋ ਉਸ ਦੀ ਊਰਜਾ ਖਰੀਦਣਾ ਜਾਰੀ ਰੱਖਦੇ ਹਨ। ਵਾਧੂ ਟੈਰਿਫ ਦਾ ਐਲਾਨ ਕਰਦੇ ਹੋਏ ਟਰੰਪ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਭਾਰਤ ਸਰਕਾਰ ਇਸ ਸਮੇਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਰੂਸੀ ਤੇਲ ਨੂੰ ਆਯਾਤ ਕਰ ਰਹੀ ਹੈ ਤੇ ਉਹ ਰੂਸੀ ਤੇਲ ਨੂੰ ਲੈ ਕੇ ਯੂਕਰੇਨ ਜੰਗ ਨੂੰ ਭੜਕਾ ਰਹੀ ਹੈ।'

## ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਸਮਾਪਤ

**ਚੰਡੀਗੜ੍ਹ :** ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਸ਼ਨੀਵਾਰ ਨੂੰ ਸਮਾਪਤ ਹੋ ਗਈ ਹੈ ਅਤੇ ਗੁਰਦੁਆਰਾ ਸਾਹਿਬ ਦੇ ਕਿਵਾੜ ਸੀਤ ਕਾਲ ਵਾਸਤੇ ਬੰਦ ਕਰ ਦਿੱਤੇ ਗਏ ਹਨ। ਯਾਤਰਾ ਦੇ ਆਖਰੀ ਦਿਨ ਸ਼ਨੀਵਾਰ ਵੀ ਮੀਂਹ ਅਤੇ ਬਰਫ਼ਬਾਰੀ ਦਾ ਦੌਰ ਜਾਰੀ ਰਿਹਾ ਪਰ ਇਸ ਦੇ ਬਾਵਜੂਦ ਸ਼ਰਧਾਲੂ ਵੱਡੀ ਗਿਣਤੀ ਵਿੱਚ ਨਤਮਸਤਕ ਹੋਏ।

ਉੱਤਰਾਖੰਡ ਵਿਖੇ ਲਗਪਗ 15 ਹਜ਼ਾਰ ਫੁੱਟ ਤੋਂ ਵਧੇਰੇ ਉਚਾਈ 'ਤੇ ਸਥਾਪਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਸ਼ਨੀਵਾਰ ਸਵੇਰੇ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ, ਹਜ਼ੂਰੀ ਰਾਗੀ ਜਥੇ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ ਅਤੇ ਅਰਦਾਸ ਉਪਰੰਤ ਇਸ ਸਾਲ ਦੀ ਯਾਤਰਾ ਦਾ ਆਖਰੀ ਹੁਕਮਨਾਮਾ ਲਿਆ ਗਿਆ। ਦੁਪਹਿਰ ਬਾਅਦ ਸੰਗਤ ਦੀ ਭਰਵੀਂ ਹਾਜ਼ਰੀ ਵਿੱਚ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪਾਵਨ ਸਰੂਪ ਨੂੰ ਦੀਵਾਨ ਹਾਲ ਤੋਂ ਸੁਖਾਸਨ ਅਸਥਾਨ 'ਤੇ ਲਿਜਾਇਆ ਗਿਆ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਵਿਸ਼ਾਲ ਰੈਲੀ 'ਚ ਲਾਮਬੰਦੀ ਦਾ ਸੱਦਾ

**ਧੂਰੀ (ਸੁਖਦੇਵ ਧੂਰੀ)**



ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਅਤੇ ਮੁਲਾਜ਼ਮ ਮੰਚ ਪੰਜਾਬ ਦੀ ਸਾਂਝੀ ਤਾਲਮੇਲ ਕਮੇਟੀ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿੱਚ ਅਤੇ ਪੰਜਾਬ ਸਰਕਾਰ ਦੀਆਂ ਵਾਅਦਾਖਿਲਾਫੀਆਂ ਦੇ ਵਿਰੋਧ ਵਿੱਚ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਗਈ, ਜਿਸ ਵਿੱਚ ਪੰਜਾਬ ਦੇ ਹਜ਼ਾਰਾਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣਭੱਤਾ (ਮਿੱਡ-ਡੇ-ਮੀਲ, ਆਸ਼ਾ ਤੇ ਆਂਗਣਵਾੜੀ) ਵਰਕਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਰੈਲੀ ਤੋਂ ਬਾਅਦ ਪਟਿਆਲਾ-ਬਠਿੰਡਾ ਨੈਸ਼ਨਲ ਹਾਈਵੇ ਉਪਰ ਜ਼ਬਰਦਸਤ ਚੱਕਾ ਜਾਮ ਕੀਤਾ ਗਿਆ।

ਇਸ ਮੌਕੇ ਸਿਵਲ ਪ੍ਰਸ਼ਾਸਨ ਵੱਲੋਂ ਪਹੁੰਚੇ ਐੱਸ ਡੀ ਐੱਮ ਵੱਲੋਂ ਚੀਫ ਸੈਕਟਰੀ ਪੰਜਾਬ ਨਾਲ ਮੀਟਿੰਗ ਕਰਾਉਣ ਦਾ ਸੱਦਾ ਦਿੱਤਾ ਗਿਆ, ਜਿਸ ਨੂੰ ਤਾਲਮੇਲ ਕਮੇਟੀ ਵੱਲੋਂ ਨਕਾਰ ਦਿੱਤਾ ਗਿਆ ਅਤੇ ਇਸ ਗੱਲ ਦੀ ਮੰਗ ਕੀਤੀ ਗਈ ਕਿ ਜੇਕਰ ਤਾਲਮੇਲ ਕਮੇਟੀ ਦੀ ਮੀਟਿੰਗ ਹੋਵੇਗੀ ਤਾਂ ਪੰਜਾਬ ਦੇ ਮੁੱਖ ਮੰਤਰੀ ਨਾਲ ਹੀ ਹੋਵੇਗੀ।ਤਾਲਮੇਲ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਉਹ ਆਪਣੇ ਸੰਘਰਸ਼ ਨੂੰ ਜਾਰੀ ਰੱਖਦਿਆਂ 21-22 ਅਕਤੂਬਰ ਨੂੰ ਦੋ ਦਿਨ ਲਈ ਸਮੂਹਿਕ ਛੁੱਟੀ ਲੈ ਕੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨਗੇ, ਜਿਸ ਲਈ ਸਰਕਾਰ ਖ਼ੁਦ ਜ਼ੁੰਮੇਵਾਰ ਹੋਵੇਗੀ।ਇਸ ਉਪਰੰਤ 22 ਅਕਤੂਬਰ ਤੋਂ 27 ਅਕਤੂਬਰ ਤੱਕ ਚੱਲਣ ਵਾਲੇ ਵਿਧਾਨ ਸਭਾ ਸੈਸ਼ਨ ਦੌਰਾਨ ਜ਼ਬਰਦਸਤ ਐਕਸ਼ਨ ਕੀਤੇ ਜਾਣਗੇ।

ਰੈਲੀ ਨੂੰ ਸੰਬੋਧਨ ਕਰਦਿਆਂ ਸਾਂਝੀ ਤਾਲਮੇਲ ਕਮੇਟੀ ਦੇ ਆਗੂਆਂ ਸਤੀਸ਼ ਰਾਣਾ,

• ਬਾਕੀ ਸਫਾ 2 'ਤੇ

## ਰਿਲਾਇੰਸ ਦੀ ਭਾਜਪਾ ਨਾਲ ਸਾਂਝ



**ਨਵੀਂ ਦਿੱਲੀ :** ਐਲਨ ਮਸਕ ਨੇ ਸਨਿੱਚਰਵਾਰ ਉਦਯੋਗਪਤੀ ਮੁਕੇਸ਼ ਅੰਬਾਨੀ ਖ਼ਿਲਾਫ਼ ਆਪਣਾ ਹਮਲਾ ਹੋਰ ਤੇਜ਼ ਕਰ ਦਿੱਤਾ ਹੈ। ਉਨ੍ਹਾ ਮੀਡੀਆ ਰਿਪੋਰਟਾਂ ਦੇ ਸਕ੍ਰੀਨਸ਼ਾਟ ਸਾਂਝੇ ਕੀਤੇ ਹਨ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਰਿਲਾਇੰਸ ਫੰਡਜ਼ ਫ਼ਰਮ ਨੇ ਸੋਸ਼ਲ ਮੀਡੀਆ 'ਤੇ ਭਾਜਪਾ ਦੀਆਂ ਮੁਹਿੰਮਾਂ ਨੂੰ ਅੱਗੇ ਵਧਾਉਣ ਵਿੱਚ ਮਦਦ ਕੀਤੀ ਅਤੇ ਰਿਲਾਇੰਸ ਨਾਲ ਜੁੜੀ ਕੰਪਨੀ ਨੇ ਸੱਤਾਧਾਰੀ ਪਾਰਟੀ ਨੂੰ ਵੱਡੇ ਸਿਆਸੀ ਚੰਦੇ ਦਿੱਤੇ। ਐੱਕਸ 'ਤੇ ਮਸਕ ਦੀ ਤਾਜ਼ਾ ਪੋਸਟ ਵਿੱਚ 2022 ਦੀ ਅਲ ਜਜ਼ੀਰਾ ਦੀ ਇੱਕ ਰਿਪੋਰਟ ਸ਼ਾਮਲ ਹੈ, ਜਿਸ ਦਾ ਸਿਰਲੇਖ ਹੈ, 'ਕਿਵੇਂ ਇੱਕ ਰਿਲਾਇੰਸ ਫੰਡਜ਼ ਫ਼ਰਮ ਫੇਸਬੁਕ 'ਤੇ ਭਾਜਪਾ ਦੀਆਂ ਮੁਹਿੰਮਾਂ ਨੂੰ ਹੁਲਾਰਾ ਦਿੰਦੀ ਹੈ' ਅਤੇ ਕੁਇੱਕ ਸਪਲਾਈ 'ਤੇ 2024 ਦੀ ਇੱਕ ਆਰਕਾਈਵ ਕੀਤੀ 'ਇੰਡੀਅਨ ਐੱਕਸਪ੍ਰੈੱਸ' ਦੀ ਰਿਪੋਰਟ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਰਿਲਾਇੰਸ ਨਾਲ ਜੁੜੀ ਫ਼ਰਮ ਨੇ ਚੋਣ ਬਾਂਡਾਂ ਰਾਹੀਂ ਭਾਜਪਾ ਨੂੰ 385 ਕਰੋੜ ਰੁਪਏ ਅਤੇ ਸ਼ਿਵ ਸੈਨਾ ਨੂੰ 25 ਕਰੋੜ ਰੁਪਏ ਦਾਨ ਕੀਤੇ ਸਨ। ਇਹ ਤਾਜ਼ਾ ਪੋਸਟ ਭਾਰਤ ਵਿੱਚ ਸਟਾਰਲਿੰਕ ਸੈਟੇਲਾਈਟ ਬਰਾਡ ਬੈਂਡ ਸੇਵਾਵਾਂ ਦੀ ਸ਼ੁਰੂਆਤ ਵਿੱਚ ਲਗਾਤਾਰ ਹੋ ਰਹੀ ਦੇਰੀ ਨੂੰ ਲੈ ਕੇ ਮੁਕੇਸ਼ ਅੰਬਾਨੀ 'ਤੇ ਮਸਕ ਦੀ ਤਿੱਖੀ ਆਲੋਚਨਾ ਦੇ ਵਿਚਕਾਰ ਆਈ ਹੈ। ਇਸ ਦੌਰਾਨ ਰਿਲਾਇੰਸ ਨੇ ਮਸਕ ਦੇ ਦੋਸ਼ਾਂ ਦਾ ਜਨਤਕ ਤੌਰ 'ਤੇ ਕੋਈ ਜਵਾਬ ਨਹੀਂ ਦਿੱਤਾ, ਜਦੋਂ ਕਿ ਸਰਕਾਰ ਦਾ ਕਹਿਣਾ ਹੈ ਕਿ ਟੈਲੀਕਾਮ ਅਤੇ ਸੈਟੇਲਾਈਟ ਸੇਵਾਵਾਂ ਲਈ ਦੇਸ਼ ਦਾ ਅਧਿਕਾਰਤ ਢਾਂਚਾ ਨਿਰਪੱਖ ਅਤੇ ਗੈਰ-ਪੱਖਪਾਤੀ ਹੈ। ਇਸ ਪੋਸਟ ਨੂੰ ਪਾਉਣ ਤੋਂ ਕੁਝ ਘੰਟੇ ਪਹਿਲਾਂ ਮਸਕ ਨੇ ਐੱਕਸ 'ਤੇ ਮੁਕੇਸ਼ ਅੰਬਾਨੀ ਨੂੰ 'ਪ੍ਰਧਾਨ ਮੰਤਰੀ ਅੰਬਾਨੀ' ਕਹਿ ਕੇ ਸੰਬੋਧਨ ਕੀਤਾ ਸੀ ਅਤੇ ਉਨ੍ਹਾ 'ਤੇ ਏਕਾਧਿਕਾਰ ਦੀ ਰੱਖਿਆ ਕਰਨ ਦਾ ਦੋਸ਼ ਲਗਾਇਆ ਸੀ। ਮਸਕ ਨੇ ਹੈਰਾਨੀ ਪ੍ਰਗਟ ਕੀਤੀ ਕਿ ਕੀ ਅੰਬਾਨੀ ਦੇਸ਼ ਵਿੱਚ ਉਨ੍ਹਾ ਦੀ ਸੈਟੇਲਾਈਟ ਇੰਟਰਨੈੱਟ ਸੇਵਾ ਨੂੰ ਆਪਣੀ ਕੰਪਨੀ ਨਾਲ ਮੁਕਾਬਲਾ ਕਰਨ ਦੀ ਇਜਾਜ਼ਤ ਦੇਣ 'ਤੇ ਵਿਚਾਰ ਕਰਨਗੇ।

## ਅੱਜ-ਨਾਮਾ

ਆਣ ਫਿਰ ਦਿੱਲੀ ਡਰਾਈ ਆ ਕਾਕਰੋਚਾਂ,
ਬਾਹਲੀ ਸੱਤਾ ਦੀ ਜਿਹੜੀ ਪ੍ਰਤੀਕ ਮੀਆਂ।
ਵਿਸ਼ਵ ਗੁਰੂ ਦੇ ਦਾਈਏ ਜੋ ਕਰਨ ਵਾਲੇ,
ਉਨ੍ਹਾਂ ਦੇ ਉੱਠੇ ਇਹ ਹੋਰ ਸ਼ਰੀਕ ਮੀਆਂ।
ਮੋਰਚਾ ਇੱਕ, ਫਿਰ ਦੂਜਾ ਈ ਅਜੇ ਲੱਗਾ,
ਨਿਕਲੀ ਪ੍ਰਬੰਧਾਂ ਦੀ ਜਾਪਦੀ ਚੀਕ ਮੀਆਂ।
ਲੋਕੀਂ ਕਹਿੰਦੇ ਆ ਰੋਕ'ਤੀਆਂ ਰੇਲ ਬੱਸਾਂ,
ਕੀਤੜਾ ਕੰਮ ਸਰਕਾਰ ਨਹੀਂ ਠੀਕ ਮੀਆਂ।
ਜਿਹੜੀ ਅਦਾਲਤ ਸਰਕਾਰ ਦੇ ਸਾਹ ਸੌਖੇ,
ਕਰਨ ਨੂੰ ਬਹੁੜਦੀ ਰਹੀ ਸੀ ਨਿੱਤ ਮੀਆਂ।
ਉਹ ਵੀ ਖੜੀ ਨਾ ਨਾਲ ਸਰਕਾਰ ਦਿੱਸਦੀ,
ਵੇਖਦੀ ਦੇਸ਼ ਦਿਆਂ ਲੋਕਾਂ ਦੇ ਹਿੱਤ ਮੀਆਂ।

-ਤੀਸ ਮਾਰ ਖਾਂ

## ਨਸ਼ਿਆਂ ਦੀ ਖੇਪ ਨਾਲ ਸੁੱਟੀਆਂ ਚਾਂਦੀ ਦੀਆਂ ਝਾਂਜਰਾਂ 'ਤੇ ਭੇਤ ਬਰਕਰਾਰ

**ਫਿਰੋਜ਼ਪੁਰ :** ਭਾਰਤ-ਪਾਕਿਸਤਾਨ ਸਰਹੱਦ ਨੇੜੇ ਸਰਹੱਦੀ ਚੌਕੀ ਪੱਛੜੀਆਂ ਕੋਲ ਪੰਜਾਬ ਪੁਲੀਸ ਅਤੇ ਬੀ ਐੱਸ ਐੱਫ ਦੇ ਸਾਂਝੇ ਅਪਰੇਸ਼ਨ ਦੌਰਾਨ 20.298 ਕਿਲੋਗ੍ਰਾਮ ਹੈਰੋਇਨ ਅਤੇ ਨਸ਼ੀਲੇ ਪਦਾਰਥਾਂ ਦੀ ਖੇਪ ਨਾਲ ਬਰਾਮਦ ਹੋਈਆਂ ਚਾਂਦੀ ਦੀਆਂ ਝਾਂਜਰਾਂ ਦੇ ਤਿੰਨ ਜੋੜਿਆਂ 'ਤੇ ਭੇਤ ਬਣਿਆ ਹੋਇਆ ਹੈ। ਜਾਣਕਾਰੀ ਅਨੁਸਾਰ, ਇਹ ਚਾਂਦੀ ਦੀਆਂ ਝਾਂਜਰਾਂ ਇੱਕ ਸੰਤਰੀ ਰੰਗ ਦੇ ਪਾਊਚ ਵਿੱਚੋਂ ਬਰਾਮਦ ਹੋਈਆਂ ਹਨ, ਜਿਸ ਉੱਤੇ 'ਅਲੀ ਵਕਾਰ ਜਵੈਲਰਜ਼, ਮੇਨ ਬਾਜ਼ਾਰ, ਕਸੂਰ (ਪਾਕਿਸਤਾਨ)' ਦਾ ਨਾਂ ਲਿਖਿਆ ਹੋਇਆ ਸੀ। ਸੂਤਰਾਂ ਨੇ ਦੱਸਿਆ ਕਿ ਨਸ਼ਾ ਤਸਕਰਾਂ ਅਤੇ ਜਾਸੂਸੀ ਰੈਕੇਟ ਵਿੱਚ ਸ਼ਾਮਲ ਔਰਤਾਂ ਵਿਚਕਾਰ ਗਠਜੋੜ ਹੋਣ ਦੀ ਸੰਭਾਵਨਾ ਹੈ, ਜਿਨ੍ਹਾਂ ਲਈ ਸਰਹੱਦ ਪਾਰੋਂ ਤੋਹਫ਼ੇ ਵਜੋਂ ਜਾਂ ਵਿਸ਼ੇਸ਼ ਮੰਗ 'ਤੇ ਇਹ ਖ਼ਾਸ ਚਾਂਦੀ ਦੀਆਂ ਝਾਂਜਰਾਂ ਭੇਜੀਆਂ ਗਈਆਂ ਹੋ ਸਕਦੀਆਂ ਹਨ। ਦਿਲਚਸਪ ਗੱਲ ਇਹ ਹੈ ਕਿ ਸੁਰੱਖਿਆ ਬਲਾਂ ਨੇ ਸ਼ਨੀਵਾਰ ਨੂੰ ਗੁਰਨੂਰ ਸਿੱਧੂ ਨਾਂ ਦੀ ਇੱਕ ਔਰਤ ਨੂੰ ਜਾਸੂਸੀ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ, ਜੋ ਕਥਿਤ ਤੌਰ 'ਤੇ ਰੱਖਿਆ ਗਤੀਵਿਧੀਆਂ ਸੰਬੰਧੀ ਗੁਪਤ ਜਾਣਕਾਰੀ ਭੇਜ ਰਹੀ ਸੀ। ਹਾਲਾਂ ਕਿ ਗੁਰਨੂਰ ਅੱਜ-ਕੱਲ੍ਹ ਫ਼ਰੀਦਕੋਟ ਦੇ ਹਰਿੰਦਰਾ ਨਗਰ ਵਿੱਚ ਰਹਿ ਰਹੀ ਸੀ, ਪਰ ਉਹ ਮੂਲ ਰੂਪ ਵਿੱਚ ਫਿਰੋਜ਼ਪੁਰ ਦੀ ਰਹਿਣ ਵਾਲੀ ਹੈ ਅਤੇ ਰਿਪੋਰਟਾਂ ਅਨੁਸਾਰ ਉਸ ਨੇ ਫ਼ਰੀਦਕੋਟ ਵਿੱਚ ਰਿਹਾਇਸ਼ ਲੈਣ ਲਈ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਸੀ। ਇਸ ਮਾਮਲੇ ਵਿੱਚ ਫ਼ੌਜ ਦੇ ਦੋ ਜਵਾਨਾਂ ਨੂੰ ਵੀ ਸਹਿ-ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਜਾਸੂਸੀ ਰੈਕੇਟ ਵਿੱਚ ਅਜਿਹੀਆਂ ਹੋਰ ਔਰਤਾਂ ਦੇ ਸ਼ਾਮਲ ਹੋਣ ਦੀ ਵੀ ਸੰਭਾਵਨਾ ਹੈ, ਜਿਨ੍ਹਾਂ ਨੂੰ ਪਾਕਿਸਤਾਨੀ ਖ਼ੁਫ਼ੀਆ ਏਜੰਸੀ ਆਈ ਐੱਸ ਆਈ ਵੱਲੋਂ ਰੱਖਿਆ ਖੇਤਰ ਵਿੱਚ ਘੁਸਪੈਠ ਕਰਨ ਅਤੇ ਜਵਾਨਾਂ ਨੂੰ ਹਨੀ ਟ ਰੈਪ ਵਿੱਚ ਫਸਾਉਣ ਲਈ ਵਰਤਿਆ ਗਿਆ ਹੈ।




ਇੱਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਭਾਵੇਂ ਹੈਰੋਇਨ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਇੱਕ ਆਮ ਗੱਲ ਹੈ, ਪਰ ਇਹ ਪਹਿਲੀ ਵਾਰ ਹੈ ਜਦੋਂ ਔਰਤਾਂ ਵੱਲੋਂ ਪਹਿਨੇ ਜਾਣ ਵਾਲੇ ਗਹਿਣੇ ਬਰਾਮਦ ਹੋਏ ਹਨ, ਜੋ ਸ਼ਾਇਦ ਭਾਰਤੀ ਨਸ਼ਾ ਤਸਕਰਾਂ ਵੱਲੋਂ ਮੰਗਵਾਏ ਗਏ ਸਨ ਜਾਂ ਪਾਕਿਸਤਾਨੀ ਹੈਂਡਲਰਾਂ ਵੱਲੋਂ ਤੋਹਫ਼ੇ ਵਜੋਂ ਭੇਜੇ ਗਏ ਸਨ। ਐੱਸ ਐੱਸ ਪੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਪਾਕਿਸਤਾਨ ਵਾਲੇ ਪਾਸਿਓਂ ਡਰੋਨ ਰਾਹੀਂ ਸੁੱਟੀ ਗਈ ਨਸ਼ਿਆਂ ਦੀ ਖੇਪ ਪ੍ਰਾਪਤ ਕਰਨ ਵਾਲੇ ਮੁਲਜ਼ਮ ਤਸਕਰਾਂ ਦੀ ਪੁਲੀਸ ਵੱਲੋਂ ਪਛਾਣ ਕਰ ਲਈ ਗਈ ਹੈ ਅਤੇ ਜਲਦੀ ਹੀ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਚਾਂਦੀ ਦੀਆਂ ਝਾਂਜਰਾਂ ਦੀ ਬਰਾਮਦਗੀ ਬਾਰੇ ਉਨ੍ਹਾਂ ਕਿਹਾ ਕਿ ਪੁਲੀਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਇਹ ਨਸ਼ਿਆਂ ਦੇ ਨਾਲ ਕਿਸ ਦੇ ਲਈ ਅਤੇ ਕਿਸ ਮਕਸਦ ਨਾਲ ਭੇਜੀਆਂ ਗਈਆਂ ਸਨ।

## ਗੁਰੂ ਰਵਿਦਾਸ ਸੈਮੀਨਾਰ 'ਚ ਪਾਸ਼-ਹੰਸ ਰਾਜ ਯਾਦਗਾਰੀ ਕੰਪਲੈਕਸ ਤੇ ਹਰਮੇਸ਼ ਮਾਲੜੀ ਮਸਲਿਆਂ ਦੀ ਗੂੰਜ



**ਜਲੰਧਰ (ਗਿਆਨ ਸੈਦਪੁਰੀ)**

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਸਰਕਾਰੀ ਕਾਲਜ ਸਿਰਸਾ ਵਿਖੇ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ 'ਗੁਰੂ ਰਵਿਦਾਸ ਬਾਣੀ: ਅਤੀਤ ਅਤੇ ਵਰਤਮਾਨ' ਵਿਸ਼ੇ ਉੱਤੇ ਕਰਵਾਏ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਅਤੇ ਕਵੀ ਦਰਬਾਰ ਦੌਰਾਨ ਹਰਿਆਣਾ, ਪੰਜਾਬ, ਨੇੜ-ਤੇੜ ਦੇ ਹੋਰਨਾਂ ਰਾਜਾਂ ਅਤੇ ਇਲਾਕੇ ਦੇ ਬੁੱਧੀਜੀਵੀਆਂ ਵੱਲੋਂ ਦੋ ਦਿਨਾਂ ਤੋਂ ਗੁਰੂ ਰਵਿਦਾਸ ਬਾਣੀ ਦੇ ਸਮਾਜਕ ਆਸ਼ਿਆਂ ਬਾਰੇ ਭਰਪੂਰ ਚਰਚਾ ਕੀਤੀ ਜਾ ਰਹੀ ਹੈ। ਸੈਮੀਨਾਰ ਦੇ ਦੂਸਰੇ ਦਿਨ ਸਰਬਸੰਮਤੀ ਨਾਲ ਪਾਸ ਕੀਤੇ ਗਏ ਹੋਰਨਾਂ ਮਤਿਆਂ ਤੋਂ ਇਲਾਵਾ ਇਕ ਮਤੇ ਰਾਹੀਂ ਤਲਵੰਡੀ ਸਲੇਮ ਦੇ ਸਰਪੰਚ ਵੱਲੋਂ ਪਾਸ਼-ਹੰਸ ਰਾਜ ਯਾਦਗਾਰੀ ਕੰਪਲੈਕਸ ਤਲਵੰਡੀ ਸਲੇਮ ਉਪਰ ਕਬਜ਼ਾ ਕਰਕੇ ਇਸ ਦਾ ਅਕਸ ਵਿਗਾੜਨ ਅਤੇ ਮਜ਼ਦੂਰ ਆਗੂ ਤੇ ਉੱਘੇ ਕਹਾਣੀਕਾਰ ਹਰਮੇਸ਼ ਮਾਲੜੀ ਨੂੰ ਜਾਤੀ ਸੂਚਕ ਸ਼ਬਦ ਬੋਲਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਪਾਸੋਂ

• ਬਾਕੀ ਸਫਾ 2 'ਤੇ


ਹਾਸਿਆਂ ਦਾ ਵਣਜਾਰਾ ਕੇ ਐੱਲ ਗਰਗ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

*ਅੱਖਾਂ ਹਨ, ਜੇ ਮੂੰਹ ਦੇ ਵਿੱਚ ਆਵਾਜ਼ ਨਹੀਂ,*
*ਮੇਰੇ ਦਿਲ, ਇਹ ਜੀਣੇ ਦਾ ਅੰਦਾਜ਼ ਨਹੀਂ।*
*ਮੇਰੀ ਵੀ ਹੁਣ ਆਪਣੇ ਨਾਲ ਨਹੀਂ ਬਣਦੀ,*
*ਤੂੰ ਹੀ 'ਕੱਲਾ ਮੇਰੇ ਨਾਲ ਨਰਾਜ਼ ਨਹੀਂ।*
*- ਗੁਰਦਿਆਲ ਰੌਸ਼ਨ*

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 11 ਅਕਤੂਬਰ 2026 www.nawanzamana.in ਕੀਮਤ 5.00 ਰੁਪਏ


# ਸੰਸਕ੍ਰਿਤ ਭਾਸ਼ਾ ਅਤੇ ਮੁਗ਼ਲ ਰਾਜ ਦੇ ਵਿਸਰੇ ਹੋਏ ਰਿਸ਼ਤੇ

***ਅਕਬਰ ਦੇ ਦਰਬਾਰ ਤੋਂ ਲੈ ਕੇ ਸੰਸਕ੍ਰਿਤ ਵਿੱਦਿਆ ਕੇਂਦਰਾਂ ਤੱਕ, ਸਦੀਆਂ ਤੱਕ ਚੱਲੇ ਮੁਗ਼ਲ ਰਾਜ ਨੇ ਰਾਜਨੀਤਕ ਤਬਦੀਲੀ, ਜ਼ੋਰਦਾਰ ਬੌਧਿਕ ਸਰਗਰਮੀ ਅਤੇ ਫ਼ਾਰਸੀ ਤੇ ਸੰਸਕ੍ਰਿਤ ਜਗਤ ਦਰਮਿਆਨ ਜੀਵੰਤ ਆਦਾਨ-ਪ੍ਰਦਾਨ ਦਾ ਦੌਰ ਵੇਖਿਆ।***

ਮੌਜੂਦਾ ਹਕੂਮਤ ਅਤੇ ਉਸ ਦੇ ਸਮਰਥਕ ਵਰਗ ਵੱਲੋਂ ਸਾਡੇ ਸਿਰ ਉੱਤੇ ਥੋਪਿਆ ਗਿਆ ਜ਼ਹਿਰੀਲਾ ਵਾਤਾਵਰਣ ਆਪਣੀ ਤਾਕਤ ਭਾਰਤ ਦੀਆਂ ਮੱਧਕਾਲੀ ਸਦੀਆਂ, ਖ਼ਾਸ ਕਰਕੇ ਮੁਗ਼ਲਾਂ ਦੇ ਇਤਿਹਾਸ ਨੂੰ ਨਿਰੋਲ ਕਾਲੇ ਰੂਪ ਵਿੱਚ ਚਿਤਰਿਤ ਕਰਕੇ ਹਾਸਲ ਕਰਦਾ ਹੈ। ਇਸ ਚਿਤਰਨ ਅਨੁਸਾਰ ਉਸ ਸ਼ਕਤੀਸ਼ਾਲੀ ਰਾਜ-ਸੱਤਾ ਦਾ ਇੱਕੋ-ਇੱਕ ਮਕਸਦ ਪ੍ਰਾਚੀਨ ਭਾਰਤ, ਭਾਵ ਹਿੰਦੂ ਸਮਾਜ, ਧਰਮ ਅਤੇ ਸੱਭਿਆਚਾਰ ਦੀ ਸ਼ਾਨ ਨੂੰ ਮਿਟਾਉਣਾ ਸੀ, ਜਿਸ ਦੀ ਸਭ ਤੋਂ ਉੱਚੀ ਅਤੇ ਸੁੰਦਰ ਅਭਿਵਿਅਕਤੀ ਸੰਸਕ੍ਰਿਤ ਭਾਸ਼ਾ ਸੀ। ਇਹ ਚਿਤਰਨ ਇੱਕ ਬੇਹੱਦ ਗੁੰਝਲਦਾਰ ਇਤਿਹਾਸ ਨੂੰ ਹਾਸੋਹੀਣੀ ਹੱਦ ਤੱਕ ਸਰਲ ਬਣਾ ਦਿੰਦਾ ਹੈ, ਜਿਸ ਨੂੰ ਟੀਵੀ ਚੈਨਲਾਂ, ਵਟਸਐਪ, ਯੂਨੀਵਰਸਿਟੀ ਅਤੇ ਸਵੇਰ ਦੀਆਂ ਸ਼ਾਖਾਵਾਂ ਰਾਹੀਂ ਆਮ ਲੋਕਾਂ ਤੱਕ ਆਸਾਨੀ ਨਾਲ ਪਹੁੰਚਾਇਆ ਜਾ ਸਕੇ।

ਪਰ ਇਸ ਪੌੜੀ 'ਤੇ ਥੋੜ੍ਹਾ ਉੱਪਰ ਚੜ੍ਹਦਿਆਂ ਜਦੋਂ ਅਸੀਂ ਪੇਸ਼ੇਵਰ ਅਕਾਦਮਿਕ ਖੇਤਰ ਵੱਲ ਝਾਤ ਮਾਰਦੇ ਹਾਂ ਤਾਂ ਇਹ ਚਿਤਰਨ ਏਨਾ ਸਿੱਧਾ-ਸਾਦਾ ਨਹੀਂ ਰਹਿੰਦਾ ਅਤੇ ਕਈ ਅਜਿਹੇ ਪਹਿਲੂਆਂ ਵੱਲ ਧਿਆਨ ਖਿੱਚਦਾ

## ਹਰਬੰਸ ਮੁਖੀਆ

ਹੈ, ਜਿਹੜੇ ਏਨੇ ਵੀ ਕਾਲੇ ਨਹੀਂ ਹਨ। ਹਾਲਾਂਕਿ ਇਸ ਨਿਰੋਲ ਹਨੇਰੇ ਚਿਤਰਨ ਦੀ ਸਰਲਤਾ ਕਦੇ ਵੀ ਸਵਾਲਾਂ ਦੇ ਘੇਰੇ ਤੋਂ ਬਾਹਰ ਨਹੀਂ ਰਹੀ, ਫਿਰ ਵੀ ਹਾਲ ਹੀ ਵਿੱਚ ਸਾਹਮਣੇ ਆਈਆਂ ਕਈ ਬਿਹਤਰੀਨ ਖੋਜਾਂ ਨੇ ਸੰਸਕ੍ਰਿਤ ਵਿਦਵਤਾ ਅਤੇ ਮੱਧਕਾਲੀ ਭਾਰਤੀ ਸਮਾਜ ਤੇ ਹਕੂਮਤ ਦਰਮਿਆਨ ਬਣੇ ਜਟਿਲ ਸੰਬੰਧਾਂ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਹੈ।

16ਵੀਂ-17ਵੀਂ ਸਦੀਆਂ, ਜਿਹੜੀਆਂ ਮੁਗ਼ਲ ਸੱਤਾ ਦੇ ਸਿਖਰ ਦੇ ਦੌਰ ਸਨ, ਸਮਾਜ ਵਿੱਚ ਸੰਸਕ੍ਰਿਤ ਭਾਸ਼ਾ ਅਤੇ ਹਿੰਦੂ ਦਰਸ਼ਨ ਦੇ ਵੱਡੇ ਵਿਕਾਸ ਦੀਆਂ ਵੀ ਗਵਾਹ ਬਣੀਆਂ। ਇਸੇ ਦੌਰ ਵਿੱਚ ਸੰਸਕ੍ਰਿਤ ਵਿਦਵਤਾ ਨੂੰ ਹਕੂਮਤ ਵੱਲੋਂ ਸਰਪ੍ਰਸਤੀ ਵੀ ਮਿਲੀ। ਹਾਲ ਹੀ ਵਿੱਚ ਪ੍ਰਕਾਸ਼ਿਤ ਕਈ ਬਿਹਤਰੀਨ ਖੋਜ-ਕਾਰਜਾਂ ਵਿੱਚ ਰਾਜ, ਸਮਾਜ ਅਤੇ ਸੰਸਕ੍ਰਿਤ ਵਿਦਵਤਾ ਦੀ ਗਤੀਸ਼ੀਲਤਾ ਵਿਚਕਾਰਲੇ ਨੇੜਲੇ ਸੰਬੰਧਾਂ ਨੂੰ ਉਜਾਗਰ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਮੈਂ ਇੱਥੇ ਸਿਰਫ਼ ਕੁਝ ਦਾ ਜ਼ਿਕਰ ਕਰਾਂਗਾ।

ਸ਼ੈਲਡਨ ਪੋਲੌਕ ਦੀ ਸੰਪਾਦਿਤ ਪੁਸਤਕ ਸੰਸਕ੍ਰਿਤ ਨਾਲੇਜ ਸਿਸਟਮਜ਼ ਔਨ ਦ ਈਵ ਔਫ਼ ਕਲੋਨੀਅਲਿਜ਼ਮ (2005) ਕਈ ਪੱਖਾਂ ਤੋਂ ਇੱਕ ਇਤਿਹਾਸਕ ਰਚਨਾ ਹੈ, ਜਿਸ ਨੇ ਸੰਸਕ੍ਰਿਤ ਅਧਿਐਨ ਦੇ ਸੰਸਾਰ ਨੂੰ ਨਵੇਂ ਸਿਰਿਓਂ ਪਰਿਭਾਸ਼ਿਤ ਕੀਤਾ। ਇਸੇ ਤਰ੍ਹਾਂ ਜੋਨਾਰਡਨ ਗਨੇਰੀ ਦੀ ਪੁਸਤਕ ਦਿ ਲੌਸਟ ਏਜ ਔਫ਼ ਰੀਜ਼ਨ: ਫਿਲਾਸਫ਼ੀ ਇਨ ਅਰਲੀ ਮਾਡਰਨ ਇੰਡੀਆ, 1450-1700 ਈਸਵੀ (2011) ਸੰਸਕ੍ਰਿਤ ਦੇ ਨਯਾਏ ਦਰਸ਼ਨ ਅੰਦਰ ਹੋ ਰਹੇ ਸਰਗਰਮ ਪ੍ਰਯੋਗਾਂ ਨੂੰ ਪੁਨਰ-ਸੁਰਜੀਤ ਕਰਦੀ ਹੈ, ਜਿਸ ਨਾਲ ਨਵ-ਨਯਾਏ ('ਨਵਾਂ ਤਰਕ') ਉੱਭਰਿਆ ਅਤੇ ਜਿਸ ਨਾਲ ਵਾਰਾਣਸੀ ਦੇ ਨਾਲ-ਨਾਲ ਨਬਦਵੀਪ (ਮੌਜੂਦਾ ਨਾਦਿਆ) ਵਰਗੇ ਨਵੇਂ ਸੰਸਕ੍ਰਿਤ ਅਧਿਐਨ ਕੇਂਦਰ ਸਥਾਪਤ ਹੋਏ।

ਇਤਿਹਾਸਕਾਰ ਔਡਰੀ ਟਰੂਸ਼ਕੇ, ਜਿਸ ਨੂੰ ਸੰਸਕ੍ਰਿਤ ਅਤੇ ਫ਼ਾਰਸੀ ਦੋਵਾਂ ਜ਼ੁਬਾਨਾਂ 'ਤੇ ਬਹੁਤ ਵੱਡੀ ਮੁਹਾਰਤ ਹਾਸਲ ਹੈ, ਨੇ ਆਪਣੀਆਂ ਦੋ ਪੁਸਤਕਾਂ, ਕਲਚਰ ਔਫ਼ ਐਨਕਾਊਂਟਰਜ਼: ਸੰਸਕ੍ਰਿਤ ਐਟ ਦ ਮੁਗ਼ਲ ਕੋਰਟ (2016) ਅਤੇ ਦਿ ਲੈਂਗੂਏਜ ਔਫ਼ ਹਿਸਟਰੀ: ਸੰਸਕ੍ਰਿਤ ਨੈਰੇਟਿਵਜ਼ ਔਫ਼ ਮੁਸਲਿਮ ਪਾਸਟਸ (2021) ਵਿੱਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਇਹ ਸਿੱਧ ਕੀਤਾ ਹੈ ਕਿ ਲੱਗਭੱਗ 1550 ਤੋਂ 1650 ਦੇ ਸਮੇਂ ਦੌਰਾਨ ਮੁਗ਼ਲ ਰਾਜ-ਪ੍ਰਬੰਧ ਵਿੱਚ ਸੰਸਕ੍ਰਿਤ ਦੀ ਅਹਿਮ ਭੂਮਿਕਾ ਰਹੀ। ਇਸ ਦਾ ਮਤਲਬ ਸੀ ਸੰਸਕ੍ਰਿਤ ਭਾਸ਼ਾ, ਇਸ ਨਾਲ ਜੁੜੇ ਸੱਭਿਆਚਾਰ ਅਤੇ ਦਰਸ਼ਨ ਦਾ ਗਿਆਨ ਹਾਸਲ ਕਰਨਾ ਅਤੇ ਸੰਸਕ੍ਰਿਤ ਵਿਦਵਾਨਾਂ ਨੂੰ ਸਰਪ੍ਰਸਤੀ ਦੇਣਾ। ਉਨ੍ਹਾਂ ਦੀ ਦੂਜੀ ਕਿਤਾਬ ਸੰਸਕ੍ਰਿਤ ਵਿਦਵਾਨਾਂ ਵੱਲੋਂ 1190 ਦੇ ਦਹਾਕੇ ਤੋਂ 1720 ਦੇ ਦਹਾਕੇ ਤੱਕ ਦੇ ਲੰਮੇ 'ਮੁਸਲਿਮ' ਰਾਜ ਬਾਰੇ ਪੇਸ਼ ਕੀਤੇ ਗਏ ਦ੍ਰਿਸ਼ਟੀਕੋਣਾਂ ਨੂੰ ਫਰੋਲਦੀ ਹੈ। ਇਹ ਦ੍ਰਿਸ਼ਟੀਕੋਣ ਨਿਰੋਲ ਵਿਰੋਧ ਜਾਂ ਨਿੰਦਾ 'ਤੇ ਆਧਾਰਤ ਨਹੀਂ ਸਨ, ਸਗੋਂ ਸੁਭਾਵਿਕ ਤੌਰ 'ਤੇ ਵੰਨ-ਸੁਵੰਨੇ ਸਨ।



ਇਸੇ ਲੜੀ ਵਿੱਚ ਇੱਕ ਹੋਰ ਸ਼ਾਨਦਾਰ ਯੋਗਦਾਨ ਸੈਮੂਅਲ ਰਾਈਟ ਦੀ ਪੁਸਤਕ ਏ ਟਾਈਮ ਔਫ਼ ਨੋਵਲਟੀ: ਲੌਜਿਕ, ਇਮੋਸ਼ਨ ਐਂਡ ਇੰਟਲੈਕਚੁਅਲ ਲਾਈਫ਼ ਇਨ ਅਰਲੀ ਮਾਡਰਨ ਇੰਡੀਆ, 1500-1700 ਈਸਵੀ (2021) ਹੈ, ਜੋ ਬਿਆਨ ਕਰਦੀ ਹੈ ਕਿ ਕਿਵੇਂ ਉਸ ਦੌਰ ਵਿੱਚ ਵੱਖ-ਵੱਖ ਦ੍ਰਿਸ਼ਟੀਕੋਣਾਂ ਰਾਹੀਂ ਬੌਧਿਕ ਜੀਵਨ ਵਿੱਚ ਨਵੀਆਂ ਕਾਢਾਂ ਅਤੇ ਤਜਰਬੇ ਸਾਹਮਣੇ ਆ ਰਹੇ ਸਨ।

ਉੱਚਤਮ ਅਕਾਦਮਿਕ ਮਿਆਰ ਵਾਲੇ ਇਹ ਸਾਰੇ ਕਾਰਜ ਸਾਡੇ ਸਾਹਮਣੇ ਕਿਸੇ ਅਜਿਹੇ ਗਤੀਹੀਣ ਸਮਾਜ ਦੀ ਤਸਵੀਰ ਪੇਸ਼ ਨਹੀਂ ਕਰਦੇ, ਜਿਹੜਾ ਕਿਸੇ ਕੱਟੜ ਦੁਸ਼ਮਣ ਰਿਆਸਤ ਹੱਥੋਂ ਕੁਚਲਿਆ ਮਹਿਸੂਸ ਕਰ ਰਿਹਾ ਹੋਵੇ, ਸਗੋਂ ਇਸ ਦੇ ਉਲਟ ਇਹ ਇੱਕ ਬੇਹੱਦ ਗਤੀਸ਼ੀਲ ਤੇ ਸਿਰਜਣਾਤਮਕ ਸਮਾਜ ਨੂੰ ਦਰਸਾਉਂਦੇ ਹਨ, ਜਿੱਥੇ ਸੰਸਕ੍ਰਿਤ ਭਾਸ਼ਾ, ਸੱਭਿਆਚਾਰ ਅਤੇ ਉਸ ਨਾਲ ਜੁੜੀਆਂ ਦਾਰਸ਼ਨਿਕ ਧਾਰਾਵਾਂ ਉੱਭਰ ਤੇ ਪ੍ਰਫੁੱਲਤ ਹੋ ਰਹੀਆਂ ਸਨ, ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਮੌਜੂਦਾ ਹਕੂਮਤ ਸਾਡੇ ਸਿਰ ਕੀ ਮੜ੍ਹਨ 'ਤੇ ਤੁਲੀ ਹੋਈ ਹੈ।

ਜਿੱਥੇ ਅਜਿਹੀਆਂ ਲਿਖਤਾਂ ਸਾਨੂੰ ਇੱਕ ਉੱਚੇ ਵਿਸ਼ਲੇਸ਼ਣਾਤਮਕ ਪੱਧਰ 'ਤੇ ਲੈ ਜਾਂਦੀਆਂ ਹਨ, ਉੱਥੇ ਹੀ ਵਧੇਰੇ ਤੱਥ-ਅਧਾਰਤ ਪੱਧਰ 'ਤੇ ਸਾਡੇ ਆਪਣੇ ਦੇਸ਼ ਅੰਦਰ ਜੌਨਪੁਰ (ਪੂਰਬੀ ਉੱਤਰ ਪ੍ਰਦੇਸ਼) ਦੇ ਇੱਕ ਪੋਸਟ-ਗ੍ਰੈਜੂਏਟ ਕਾਲਜ ਦੇ ਸੰਸਕ੍ਰਿਤ ਅਧਿਆਪਕ ਪ੍ਰਤਾਪ ਕੁਮਾਰ ਮਿਸ਼ਰ ਨੇ ਮੁਗ਼ਲ ਹੁਕਮਰਾਨਾਂ ਅਤੇ ਦਰਬਾਰੀ ਅਮੀਰਾਂ ਵੱਲੋਂ ਸੰਸਕ੍ਰਿਤ ਵਿਦਵਾਨਾਂ ਨੂੰ ਬਖ਼ਸ਼ੀ ਗਈ ਵਿਆਪਕ ਸਰਪ੍ਰਸਤੀ ਦੇ ਵਿਸਤ੍ਰਿਤ ਵੇਰਵੇ ਇਕੱਠੇ ਕੀਤੇ ਹਨ। ਮਿਸ਼ਰ ਨੇ ਸੁਭਾਵਿਕ ਤੌਰ 'ਤੇ ਆਪਣੀ ਖੋਜ ਦੀ ਸ਼ੁਰੂਆਤ ਅਕਬਰ ਤੋਂ ਕੀਤੀ ਅਤੇ ਉਹ ਹੁਣ ਤੱਕ ਮੁਗ਼ਲ ਸਮਰਾਟ ਅਕਬਰ ਔਰ ਸੰਸਕ੍ਰਿਤ ਦੀਆਂ ਤਿੰਨ ਜਿਲਦਾਂ ਅਤੇ ਖ਼ਾਨਖ਼ਾਨਾ ਅਬਦੁਰ ਰਹੀਮ ਔਰ ਸੰਸਕ੍ਰਿਤ ਉੱਤੇ ਇੱਕ ਜਿਲਦ ਪ੍ਰਕਾਸ਼ਿਤ ਕਰ ਚੁੱਕੇ ਹਨ। ਇਹ ਸਾਰੀਆਂ ਰਚਨਾਵਾਂ ਹਿੰਦੀ ਵਿੱਚ ਹਨ।

ਪਹਿਲੇ ਸੈੱਟ ਦੀ 667 ਸਫ਼ਿਆਂ ਵਾਲੀ ਪਹਿਲੀ ਜਿਲਦ ਅਕਬਰ ਵੱਲੋਂ ਨਿਵਾਜੇ ਗਏ 36 ਪ੍ਰਸਿੱਧ ਬ੍ਰਾਹਮਣ ਅਤੇ 17 ਜੈਨ ਸੰਸਕ੍ਰਿਤ ਵਿਦਵਾਨਾਂ ਦਾ ਮੁਕੰਮਲ ਲੇਖਾ-ਜੋਖਾ ਪੇਸ਼ ਕਰਦੀ ਹੈ; ਇਸ ਤੋਂ ਇਲਾਵਾ ਸੰਸਕ੍ਰਿਤ ਦੇ ਸੱਤ ਮੁਸਲਿਮ ਵਿਦਵਾਨ ਵੀ ਬਾਦਸ਼ਾਹ ਦੀ ਸਰਪ੍ਰਸਤੀ ਦਾ ਆਨੰਦ ਮਾਣ ਰਹੇ ਸਨ। ਬ੍ਰਾਹਮਣ ਵਿਦਵਾਨਾਂ ਵਿੱਚੋਂ ਬਹੁਤੇ ਹਿੰਦੂ ਦਰਸ਼ਨ ਅਤੇ ਵੇਦਾਂਤ ਦੇ ਮਾਹਿਰ ਸਨ।



ਇਨ੍ਹਾਂ ਵਿੱਚੋਂ ਸਭ ਤੋਂ ਵੱਧ ਪ੍ਰਸਿੱਧ ਮਹਾਮਹੋਪਾਧਿਆਏ ਪੰਡਿਤ ਮਹੇਸ਼ ਠਾਕੁਰ ਸਨ, ਜੋ ਮਿਥਿਲਾ ਦੇ ਉਨ੍ਹਾਂ ਵਿਦਵਾਨਾਂ ਦੇ ਸਮੂਹ ਵਿੱਚੋਂ ਆਉਂਦੇ ਸਨ, ਜਿਨ੍ਹਾਂ ਨੇ ਇੱਕ ਤਰ੍ਹਾਂ ਦੇ ਮੁੱਢਲੇ ਅਨੁਭਵਵਾਦ, ਜਿਸ ਵਿੱਚ ਸਬੂਤ ਪੇਸ਼ ਕਰਨਾ ਹੀ ਕਿਸੇ ਤਰਕ ਦੀ ਸੱਚਾਈ ਦਾ ਅੰਤਿਮ ਤੇ ਨਿਰਣਾਇਕ ਆਧਾਰ ਮੰਨਿਆ ਜਾਂਦਾ ਸੀ, ਦੀ ਸ਼ੁਰੂਆਤ ਕੀਤੀ। ਅਕਬਰ ਉਨ੍ਹਾਂ ਦੀ ਵਿਦਵਤਾ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਬਿਹਾਰ ਵਿੱਚ ਹਾਜੀਪੁਰ ਤੋਂ ਤਿਰਹੁਤ ਦੀ ਸਰਕਾਰ (ਪ੍ਰਸ਼ਾਸਕੀ ਇਕਾਈ) ਨੂੰ ਵੱਖ ਕਰਕੇ ਮਹੇਸ਼ ਠਾਕੁਰ ਨੂੰ ਇਸ ਦੇ ਮਾਲਕ ਵਜੋਂ ਸੌਂਪ ਦਿੱਤਾ। ਹਾਲਾਂਕਿ ਮਿਸ਼ਰ ਦੇ ਅਨੁਸਾਰ ਇਸ ਨੂੰ 'ਮਾਲੀਆ ਇਕੱਠਾ ਕਰਨ ਦੇ ਅਧਿਕਾਰ ਸੌਂਪਣਾ' ਕਹਿਣਾ ਸੱਚ ਦੇ ਵਧੇਰੇ ਨੇੜੇ ਹੋਵੇਗਾ। ਬਾਅਦ ਵਿੱਚ ਇਹੀ ਇਲਾਕਾ ਦਰਭੰਗਾ ਰਿਆਸਤ ਦਾ ਕੇਂਦਰ ਬਣਿਆ।

ਮਿਸ਼ਰ ਨੇ ਅਕਬਰ ਦੀ ਸਰਪ੍ਰਸਤੀ ਹੇਠ ਫ਼ਾਰਸੀ ਵਿੱਚ ਅਨੁਵਾਦ ਕੀਤੇ ਗਏ ਸੰਸਕ੍ਰਿਤ ਗ੍ਰੰਥਾਂ ਦੀ ਇੱਕ ਲੰਮੀ ਸੂਚੀ ਸ਼ਾਮਲ ਕੀਤੀ ਹੈ, ਜਿਸ ਵਿੱਚ ਵਾਲਮੀਕਿ ਦੀ ਰਾਮਾਇਣ, ਮਹਾਭਾਰਤ, ਗੀਤਾ, ਸ੍ਰੀਮਦ ਭਾਗਵਤ ਮਹਾਪੁਰਾਣ, ਯੋਗ ਵਸ਼ਿਸ਼ਠ, ਅਥਰਵ ਵੇਦ, ਰਾਜਤਰੰਗਿਣੀ ਅਤੇ ਹੋਰ ਸ਼ਾਸਤਰ ਸ਼ਾਮਲ ਹਨ। ਕਈ ਫ਼ਾਰਸੀ ਗ੍ਰੰਥਾਂ ਦਾ ਸੰਸਕ੍ਰਿਤ ਵਿੱਚ ਵੀ ਅਨੁਵਾਦ ਕੀਤਾ ਗਿਆ ਸੀ। ਇਨ੍ਹਾਂ ਵਿੱਚ ਅਬੁਲ ਫ਼ਜ਼ਲ ਦਾ ਅਕਬਰਨਾਮਾ ਵੀ ਸ਼ਾਮਲ ਸੀ। ਮਿਸ਼ਰ ਨੇ ਇਸ ਦਾ ਅਨੁਵਾਦ ਦੂਜੀ ਜਿਲਦ ਵਿੱਚ ਸ਼ਾਮਲ ਕੀਤਾ ਹੈ।

ਇਸੇ ਮੰਤਵ ਦੀ ਪੂਰਤੀ ਲਈ ਮਿਸ਼ਰ ਨੇ ਵਾਰਾਣਸੀ ਅੰਦਰ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਗੇਟ ਦੇ ਬਿਲਕੁਲ ਬਾਹਰ 'ਆਲ ਇੰਡੀਆ ਮੁਸਲਿਮ-ਸੰਸਕ੍ਰਿਤ ਡਿਫੈਂਸ ਐਂਡ ਈਸਟਰਨ ਰਿਸਰਚ ਇੰਸਟੀਚਿਊਟ' ਦੀ ਸਥਾਪਨਾ ਕੀਤੀ ਹੈ। ਸਾਫ਼ ਹੈ ਕਿ ਅਤੀਤ ਅਤੇ ਵਰਤਮਾਨ ਦੇ ਸੰਸਕ੍ਰਿਤ ਅਤੇ ਮੁਸਲਿਮ ਬੁੱਧੀਜੀਵੀਆਂ ਦਰਮਿਆਨ ਹੋਏ ਇਸ ਆਪਸੀ ਤਾਲਮੇਲ ਨੂੰ ਲੋਕਾਂ ਸਾਹਮਣੇ ਲਿਆਉਣਾ ਮਿਸ਼ਰ ਦੇ ਜੀਵਨ ਦਾ ਮਿਸ਼ਨ ਹੈ।

*ਹਰਬੰਸ ਮੁਖੀਆ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਵਿੱਚ ਇਤਿਹਾਸ ਦੇ ਪ੍ਰੋਫ਼ੈਸਰ ਰਹੇ ਹਨ। ਉਹਨਾਂ ਦਾ ਇਹ ਲੇਖ ਮੌਲਿਕ ਰੂਪ ਵਿੱਚ ਨਿਊਜ਼ ਪੋਰਟਲ 'ਦਿ ਵਾਇਰ' ਉੱਤੇ 26 ਸਤੰਬਰ 2026 ਨੂੰ ਪ੍ਰਕਾਸ਼ਿਤ ਹੋਇਆ ਸੀ।*







# ਗ਼ਦਰ ਲਹਿਰ ਦੇ ਮੋਢੀ : ਗੁਰੂ ਦੱਤ ਕੁਮਾਰ

ਜੀ.ਡੀ. ਕੁਮਾਰ ਉਰਫ਼ ਸਵਾਮੀ ਮੁਕਤਾਨੰਦ ਅਰੋੜਾ ਉਰਫ਼ ਸਵਾਮੀ ਮੁਕਤਾਨੰਦ ਬੀ.ਏ., ਉਰਫ਼ ਗੁਰੂ ਦੱਤ ਕੁਮਾਰ, ਉਰਫ਼ ਜੀ.ਡੀ. ਕੁਮਾਰ ਆਦਿ ਨਾਂਵਾਂ ਵਾਲੇ ਗ਼ਦਰੀ ਦੇਸ਼ ਭਗਤ ਦੀ ਜੀਵਨ ਸ਼ੈਲੀ ਵੀ ਵਿਕੋਲਿਤਰੀ ਹੈ। ਉਹ ਇੱਕ ਅਜਿਹਾ ਦੇਸ਼ ਭਗਤ ਸੀ, ਜਿਸ ਨੇ ਮੁਢਲੇ ਪ੍ਰਵਾਸ ਸਮੇਂ ਕੈਨੇਡਾ, ਅਮਰੀਕਾ, ਮਨੀਲਾ ਅਤੇ ਹਾਂਗਕਾਂਗ ਵਿਚਲੇ ਭਾਰਤੀਆਂ ਨੂੰ ਗੁਲਾਮ ਹੋਣ ਦਾ ਅਹਿਸਾਸ ਕਰਾ ਕੇ ਉਨ੍ਹਾਂ ਅੰਦਰ ਆਜ਼ਾਦੀ ਲਈ ਜਥੇਬੰਦ ਹੋਣ ਦਾ ਪ੍ਰਚਾਰ ਕੀਤਾ। ਉਸ ਦਾ ਜਨਮ ਮੀਆਂਵਾਲੀ ਜ਼ਿਲ੍ਹਾ ਦੇ ਥਾਣਾ ਮੋਹ ਦੇ ਪਿੰਡ ਬਾਈਖੇਲ ਵਿੱਚ ਸ੍ਰੀ ਬੂਟਾ ਰਾਮ ਕੁਮਾਰ ਦੇ ਘਰ 1873 ਈ: ਵਿੱਚ ਹੋਇਆ। ਅੰਮ੍ਰਿਤਸਰ ਤੋਂ ਦਸਵੀਂ ਪਾਸ ਕਰਕੇ 1896 ਈ: ਵਿੱਚ ਰਿਆਸਤ ਬਹਾਵਲਪੁਰ ਵਿੱਚੋਂ ਬੀ.ਏ. ਪਾਸ ਕੀਤੀ। 1896 ਈ: ਤੋਂ 1906 ਤੱਕ ਰਾਵਲਪਿੰਡੀ ਵਿੱਚ ਕਮਿਸ਼ਰੀਏਟ ਵਿਭਾਗ ਵਿੱਚ ਕਲਰਕੀ ਦੀ ਨੌਕਰੀ ਕੀਤੀ। ਗੁਰੂ ਦੱਤ ਕੁਮਾਰ ਦੇ ਨਾਂਅ 'ਤੇ ਉਸ ਨੇ 1907 ਵਿੱਚ ਨੈਸ਼ਨਲ ਕਾਲਜ ਕਲਕੱਤਾ ਵਿੱਚ ਹਿੰਦੀ ਤੇ ਉਰਦੂ ਪੜ੍ਹਾਇਆ ਅਤੇ ਛੇਤੀ ਉਹ ਵਿਦੇਸ਼ ਚਲਾ ਗਿਆ।

ਇਹ ਵੀ ਸੰਭਵ ਹੈ ਕਿ "ਪਗੜੀ ਸੰਭਾਲ ਜੱਟਾ" ਲਹਿਰ ਦੇ ਕਾਰਨ ਨੌਅਬਾਦੀ ਬਿੱਲ ਅਤੇ ਆਬਿਆਨਾ ਵਿੱਚ ਕੀਤਾ ਹੋਇਆ ਵਾਧਾ ਅੰਗਰੇਜ਼ ਸਰਕਾਰ ਨੇ ਵਾਪਸ ਤਾਂ ਲਏ, ਪਰ

## ਚਰੰਜੀ ਲਾਲ ਕੰਗਣੀਵਾਲ

ਲਹਿਰ ਦੇ ਆਗੂਆਂ 'ਤੇ ਕਰੜੀ ਨਜ਼ਰ ਰੱਖੀ ਜਾਣ ਲੱਗ ਪਈ ਸੀ। ਸ. ਅਜੀਤ ਸਿੰਘ, ਸੂਫ਼ੀ ਅੰਬਾ ਪ੍ਰਸ਼ਾਦ ਆਦਿ ਆਗੂ ਵਿਦੇਸ਼ ਵੱਲ ਚਲੇ ਗਏ ਸਨ, ਇਨ੍ਹਾਂ ਵਿੱਚ ਹੀ ਜੀ.ਡੀ. ਕੁਮਾਰ ਸਨ। ਖ਼ੁਫ਼ੀਆ ਵਿਭਾਗ ਦੇ ਅਨੁਸਾਰ, 'ਉਹ ਅਮਰੀਕਾ ਤੋਂ 31 ਅਕਤੂਬਰ 1907 ਵਿੱਚ ਵਿਕਟੋਰੀਆ ਪੁੱਜੇ ਅਤੇ ਉਥੇ ਉੱਘੇ ਇਨਕਲਾਬੀ ਤਾਰਕ ਨਾਥ ਦਾਸ ਦੀ ਸਹਾਇਤਾ ਨਾਲ ਗਰੋਸਰੀ ਸਟੋਰ ਖੋਲ੍ਹਿਆ। ਤਾਰਕ ਨਾਥ ਦਾਸ ਨੂੰ ਉਹ ਕਲਕੱਤੇ ਰਹਿੰਦੇ ਸਮੇਂ ਤੋਂ ਜਾਣਦਾ ਸੀ।'

ਦਸੰਬਰ 1909 ਵਿੱਚ ਜੀ.ਡੀ. ਕੁਮਾਰ ਤੇ ਬਾਬੂ ਹਰਨਾਮ ਸਿੰਘ ਸਾਹਰੀ ਨੇ ਵੈਨਕੂਵਰ ਵਿੱਚ ਇੱਕ "ਇੰਡੀਆ ਹੋਮ" ਕੇਂਦਰ ਖੋਲ੍ਹਿਆ, ਜਿਹੜਾ ਅਸਲ ਵਿੱਚ ਇਨਕਲਾਬੀਆਂ ਦੇ ਮੇਲ-ਮਿਲਾਪ ਅਤੇ ਪਨਾਹ ਲਈ ਵਰਤਿਆ ਜਾਂਦਾ ਸੀ। ਇਸ ਕੇਂਦਰ ਨੂੰ ਮੁਖੌਟਾ ਪੁਆਇਆ ਗਿਆ ਸੀ ਕਿ, "ਉਹ ਪੰਜਾਬੀ ਪ੍ਰਵਾਸੀਆਂ ਨੂੰ ਅੰਗਰੇਜ਼ੀ ਤੇ ਹਿਸਾਬ ਪੜ੍ਹਾਉਣ ਲਈ ਖੋਲ੍ਹਿਆ ਗਿਆ ਹੈ।" ਇਸ ਪਿੱਛੇ ਇਹ ਵੀ ਭਾਵਨਾ ਸੀ ਕਿ ਸਿੱਖ ਫੌਜਾਂ ਵਿੱਚ ਇਹ ਪ੍ਰਚਾਰ ਕੀਤਾ ਜਾਵੇ ਕਿ ਕੈਨੇਡਾ ਵਿੱਚ ਪੰਜਾਬੀ ਕਿੰਨੀ ਬਿਪਤਾ ਵਿੱਚ ਰਹਿੰਦੇ ਹਨ। ਕੁਮਾਰ ਤੇ ਦਾਸ ਦਾ ਇਹ ਵੀ ਵਿਚਾਰ ਸੀ ਕਿ ਸਿੱਖ ਫੌਜੀਆਂ ਵਿੱਚ ਅੰਗਰੇਜ਼ਾਂ ਵਿਰੁੱਧ ਭਾਵਨਾ ਪੈਦਾ ਕੀਤੀ ਜਾਵੇ ਅਤੇ ਅੰਗਰੇਜ਼ਾਂ ਪ੍ਰਤੀ ਉਨ੍ਹਾਂ ਦੀ ਵਫ਼ਾਦਾਰੀ ਨੂੰ ਠੇਸ ਪੁਚਾਈ ਜਾਵੇ। ਇਸੇ ਉਦੇਸ਼ ਨਾਲ ਗੁਰੂ ਦੱਤ ਕੁਮਾਰ ਨੇ ਵੈਨਕੂਵਰ ਵਿੱਚੋਂ ਇੱਕ ਮਾਹਵਾਰੀ ਅਖ਼ਬਾਰ ਗੁਰਮੁਖੀ "ਸੁਦੇਸ਼ ਸੇਵਕ" ਵੀ ਸ਼ੁਰੂ ਕੀਤਾ।

ਥੀਉਸੋਫੀਕਲ ਸੁਸਾਇਟੀ ਬਣਾ ਕੇ ਜੀ.ਡੀ. ਕੁਮਾਰ ਨੇ ਮਾਰਚ 1911 ਵਿੱਚ ਐਡਮੈਂਟਨ, ਵੈਨਕੂਵਰ ਤੇ ਵਿਕਟੋਰੀਆ ਵਿੱਚ ਪ੍ਰਚਾਰ ਸ਼ੁਰੂ ਕੀਤਾ। ਉਸ ਦੇ ਨਾਲ ਬਾਬੂ ਹਰਨਾਮ ਸਿੰਘ ਸਾਹਰੀ, ਜਿਹੜਾ ਅੰਗਰੇਜ਼ੀ ਚੰਗੀ ਤਰ੍ਹਾਂ ਬੋਲ ਲੈਂਦਾ ਸੀ, ਦੋਨੋਂ ਕੈਨੇਡਾ ਵਿੱਚ ਸਮਾਜੀ ਸੁਧਾਰਾਂ ਦਾ ਪ੍ਰਚਾਰ ਕਰਦੇ ਸਨ। ਗੁਰਦੁਆਰਿਆਂ, ਹਿੰਦੀਆਂ ਦੇ ਇਕੱਠਾਂ ਵਾਲੀਆਂ ਥਾਵਾਂ 'ਤੇ ਜਾ ਕੇ ਸ਼ਰਾਬ ਨਾ ਪੀਣ, ਚੰਗੇ ਨਾਗਰਿਕ ਬਣਨ, ਉਹ ਆਦਤਾਂ ਨੂੰ ਛੱਡਣ, ਜਿਹੜੀਆਂ ਕੈਨੇਡਾ ਦੇ ਸ਼ਹਿਰੀਆਂ ਨੂੰ ਪਸੰਦ ਨਹੀਂ ਸਨ, ਦਾ ਪ੍ਰਚਾਰ ਕਰਦੇ, ਪਰ ਅੰਗਰੇਜ਼ਾਂ ਦੇ ਨਸਲੀ ਵਿਤਕਰੇ ਤੋਂ ਤੰਗ ਆਏ ਹਿੰਦੀਆਂ ਨੇ ਉਨ੍ਹਾਂ ਨੂੰ ਅੰਗਰੇਜ਼ੀ ਰਾਜ ਵਿਰੁੱਧ ਬੋਲਣ ਲਈ ਤਿਆਰ ਕਰ ਦਿੱਤਾ। ਇਨ੍ਹਾਂ ਦੋਹਾਂ ਨੇ ਥਾਂ-ਥਾਂ ਜਾ ਕੇ ਪ੍ਰਚਾਰ ਦੀ ਮੁਹਿੰਮ ਚਲਾਈ, ਜਿਸ ਨਾਲ ਪ੍ਰਵਾਸੀਆਂ ਨੂੰ ਜਥੇਬੰਦ ਹੋਣ ਦਾ ਮੌਕਾ ਜੀ.ਡੀ. ਕੁਮਾਰ ਤੇ ਬਾਬੂ ਹਰਨਾਮ ਸਿੰਘ ਸਾਹਰੀ ਰਾਹੀਂ ਪ੍ਰਦਾਨ ਹੋਇਆ। ਜਿਸ ਦੇ ਨਤੀਜੇ ਵਜੋਂ 'ਹਿੰਦੁਸਤਾਨ ਐਸੋਸੀਏਸ਼ਨ' ਨਾਂਅ ਦੀ ਜਥੇਬੰਦੀ ਕੈਨੇਡਾ ਵਿੱਚ ਬਣੀ, ਜਿਸ ਦੇ ਪ੍ਰਧਾਨ ਭਾਈ ਭਾਗ ਸਿੰਘ ਭਿਖੀਵਿੰਡ, ਸਕੱਤਰ ਜੀ.ਡੀ. ਕੁਮਾਰ ਅਤੇ ਖਜ਼ਾਨਚੀ ਭਾਈ ਬਲਵੰਤ ਸਿੰਘ ਖੁਰਦਪੁਰ ਬਣੇ। ਗੁਰਮੁਖੀ ਦਾ ਇੱਕ ਹੋਰ ਪੇਪਰ 'ਪ੍ਰਦੇਸੀ ਖਾਲਸਾ' ਸ. ਅਮਰ ਸਿੰਘ ਝਿੰਗੜ ਵੱਲੋਂ ਜਾਰੀ ਕੀਤਾ ਗਿਆ। ਇਨ੍ਹਾਂ ਸਰਗਰਮੀਆਂ ਦੀ ਚਰਚਾ ਹੋਣ 'ਤੇ ਪੁਲਸ ਦਾ ਖ਼ੁਫ਼ੀਆ ਅਧਿਕਾਰੀ ਹਾਪਕਿਨਸਨ ਦੀ ਕੱਠਪੁਤਲੀ ਉਮਰਾਉ ਸਿੰਘ ਨੇ ਜੀ.ਡੀ. ਕੁਮਾਰ ਦੇ ਕਮਰੇ ਵਿੱਚੋਂ ਯੋਰਾਤ ਤੋਂ ਛਪਦੇ 'ਸੋਸਲਿਸਟ', 'ਬੰਦੇ ਮਾਤਰਮ', 'ਤਲਵਾਰ', ਲਿਟਰੇਟਰ ਅਤੇ ਮੌਲਵੀ ਬਰਕਤ ਉੱਲ੍ਹਾ ਵੱਲੋਂ ਜਾਪਾਨ ਤੋਂ ਜਾਰੀ ਕੀਤਾ "ਇਸਲਾਮਿਕ ਫਰੈਟਰਨਿਟੀ", ਆਇਰਲੈਂਡ ਦੇ 'ਆਇਰਿਸ਼ ਇੰਡੀਪੈਂਡੈਂਟਸ" ਦੀਆਂ ਕਾਪੀਆਂ ਚੁਰਾ ਕੇ ਹੋਪਕਿਨਸਨ ਨੂੰ ਦਿੱਤੀਆਂ। (ਨੋਟ: ਉਮਰਾਉ ਸਿੰਘ ਪਿੰਡ ਝੱਬੇਵਾਲ, ਲੁਧਿਆਣਾ




ਪਹਿਲੇ ਲਾਹੌਰ ਸਾਜਿਸ਼ ਕੇਸ ਵਿੱਚ ਸਰਕਾਰੀ ਗਵਾਹ ਬਣਿਆ ਸੀ।)

ਕੈਨੇਡਾ ਵਿੱਚ ਖਾਲਸਾ ਦੀਵਾਨ ਸੁਸਾਇਟੀ ਜਿਹੜੀ ਸਾਰੇ ਹਿੰਦੀਆਂ ਦੀ ਸਾਂਝੀ ਸੀ, ਵਿੱਚ ਪਾਸ ਕੀਤੇ ਮਤੇ "ਸੁਦੇਸ਼ ਸੇਵਕ" ਵਿੱਚ ਛਾਪੇ ਜਾਂਦੇ ਸਨ। ਇਹ ਪੇਪਰ ਡਾਕ ਰਾਹੀਂ ਭਾਰਤ ਵਿੱਚ ਵੀ ਭੇਜਿਆ ਜਾਂਦਾ ਸੀ। ਹਾਪਕਿਨਸਨ ਨੇ ਇਸ ਅਖ਼ਬਾਰ ਨੂੰ ਬਗ਼ਾਵਤ ਫੈਲਾਉਣ ਵਾਲਾ ਗਰਦਾਨ ਕੇ ਭਾਰਤ ਜਾਣ 'ਤੇ ਰੋਕ ਲਗਵਾ ਦਿੱਤੀ ਅਤੇ ਪਰਚਾ ਬੰਦ ਹੋ ਗਿਆ। ਇਸ ਤਰ੍ਹਾਂ ਜੀ.ਡੀ. ਕੁਮਾਰ ਨੇ ਸਵਦੇਸ਼ ਸੇਵਕ ਅਤੇ ਹਿੰਦੁਸਤਾਨ ਐਸੋਸੀਏਸ਼ਨ ਦੁਆਰਾ ਪ੍ਰਵਾਸੀ ਭਾਰਤੀਆਂ ਅੰਦਰ ਚੇਤਨਾ ਪੈਦਾ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾਈ। ਸਰਕਾਰ ਦੀ ਸਖ਼ਤੀ ਕਾਰਨ ਜੀ.ਡੀ. ਕੁਮਾਰ 1911 ਵਿੱਚ ਕੈਨੇਡਾ ਛੱਡ ਕੇ ਸਿਆਟਲ ਚਲਾ ਗਿਆ ਅਤੇ ਹਰਨਾਮ ਸਿੰਘ ਸਾਹਰੀ ਨਾਲ ਮਿਲ ਕੇ ਹਿੰਦੀ ਮਜ਼ਦੂਰਾਂ ਦੇ ਕੇਂਦਰਾਂ 'ਤੇ ਪ੍ਰਚਾਰ ਕਰਨ ਲੱਗ ਪਿਆ। ਸਿਆਟਲ ਦਾ ਅੱਡਾ ਕੈਨੇਡਾ ਤੇ ਦਰਿਆ ਕੋਲੰਬੀਆ ਦੇ ਮੰਡ ਦੇ ਹਿੰਦੀਆਂ ਵਿਚਾਲੇ ਇੱਕ ਪੜਾਅ ਦਾ ਕੰਮ ਦਿੰਦਾ ਸੀ। ਜੀ.ਡੀ. ਕੁਮਾਰ ਤੇ ਬਾਬੂ ਹਰਨਾਮ ਸਿੰਘ ਸਾਹਰੀ ਇੱਥੋਂ ਵਾਸ਼ਿੰਗਟਨ ਤੇ ਔਰੇਗਾਨ ਸੂਬਿਆਂ ਵਿਚਲੀਆਂ ਮਿੱਲਾਂ ਤੇ ਰੇਲ ਪਟੜੀਆਂ ਉੱਤੇ ਕੰਮ ਕਰਦੇ ਹਿੰਦੀ ਮਜ਼ਦੂਰਾਂ ਦੇ ਡੇਰਿਆਂ ਵਿੱਚ ਪ੍ਰਚਾਰ ਲਈ ਫਿਰਨ ਲੱਗੇ। ਅਮਰੀਕਾ ਵਿੱਚ ਵੀ ਉਹ ਜੂਆ, ਮਾਸ, ਸ਼ਰਾਬ ਤੇ ਵਿਭਚਾਰ ਵਿਰੁੱਧ ਪ੍ਰਚਾਰ ਕਰਨ ਲੱਗ ਪਏ।

ਬ੍ਰਾਈਡਲਵਿਲ ਤੋਂ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਤੇ ਉਸ ਦੇ ਸਾਥੀਆਂ ਨੇ ਉਨ੍ਹਾਂ ਨੂੰ ਸਮਝਾਇਆ ਕਿ ਹੁਣ ਸਿੱਧਾ ਆਜ਼ਾਦੀ ਦੇ ਪ੍ਰਚਾਰ ਲਈ ਕੰਮ ਕਰਨ, ਹੁਣ ਸਮਾਜੀ ਸੁਧਾਰਾਂ ਦਾ ਵਕਤ ਨਹੀਂ। ਇਸ ਵਿਚਾਰ-ਚਰਚਾ ਪਿੱਛੋਂ 1912 ਦੇ ਸ਼ੁਰੂ 'ਚ ਪੋਰਟਲੈਂਡ ਵਿੱਚ ਇੱਕ ਇਕੱਠ ਕੀਤਾ ਗਿਆ। ਜਿਸ ਵਿੱਚ ਬ੍ਰਾਈਡਲਵਿਲ ਤੋਂ ਭਾਈ ਹਰਨਾਮ ਸਿੰਘ ਕੋਟਲਾ ਸਾਥੀਆਂ ਸਮੇਤ, ਪੰਡਤ ਕਾਂਸ਼ੀ ਰਾਮ, ਰਾਮ ਰੱਖਾ ਸਾਹਿਬਾ ਸੜੋਆ ਤੇ ਸਾਥੀ, ਮੋਨਾਰਕ ਮਿੱਲ ਤੋਂ ਭਾਈ ਸੋਹਣ ਸਿੰਘ ਭਕਨਾ, ਊਧਮ ਸਿੰਘ ਕਸੇਲ ਤੇ ਪੋਰਟਲੈਂਡ ਵਿੱਚ ਕੰਮ ਕਰਨ ਵਾਲੇ ਹੋਰ ਸਾਥੀ ਸ਼ਾਮਲ ਹੋਏ। ਇੱਥੇ ਸਰਬ-ਸੰਮਤੀ ਨਾਲ 'ਪੈਸਿਫਿਕ ਹਿੰਦੀ ਐਸੋਸੀਏਸ਼ਨ' ਨਾਂਅ ਦੀ ਜਥੇਬੰਦੀ ਬਣਾਈ ਗਈ। ਜਥੇਬੰਦੀ ਦੇ ਪ੍ਰਧਾਨ ਭਾਈ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਜੀ.ਡੀ. ਕੁਮਾਰ ਤੇ ਖ਼ਜ਼ਾਨਚੀ ਪੰਡਤ ਰਾਮ ਕਿਸ਼ਨ ਮੜੌਲੀ ਚੁਣੇ ਗਏ। ਉਰਦੂ ਵਿੱਚ 'ਹਿੰਦੁਸਤਾਨ' ਨਾਂਅ ਦਾ ਹਫ਼ਤਾਵਾਰੀ ਅਖ਼ਬਾਰ ਕੱਢਣ ਦਾ ਫੈਸਲਾ ਹੋਇਆ। ਇਨ੍ਹਾਂ ਕੇਂਦਰਾਂ 'ਤੇ ਮੀਟਿੰਗਾਂ ਦੀ ਮੁਹਿੰਮ ਚੱਲ ਹੀ ਰਹੀ ਸੀ ਕਿ ਜੀ.ਡੀ. ਕੁਮਾਰ ਪੇਟ ਦੀ ਬਿਮਾਰੀ ਤੋਂ ਪੀੜਤ ਹੋ ਗਏ ਤੇ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਹੋਣਾ ਪਿਆ। ਭਾਈ ਹਰਨਾਮ ਸਿੰਘ ਕੋਟਲਾ ਨੇ ਹਸਪਤਾਲ ਵਿੱਚ ਉਨ੍ਹਾਂ ਦੀ ਬਹੁਤ ਸੇਵਾ ਕੀਤਾ।

ਦੂਜੇ ਪਾਸੇ ਲਾਲਾ ਠਾਕਰ ਦਾਸ ਧੂਰੀ ਪੋਰਟਲੈਂਡ ਆਇਆ ਤਾਂ ਉਸ ਨੇ ਭਾਈ ਸੋਹਣ ਸਿੰਘ ਭਕਨਾ ਤੇ ਪੰ. ਕਾਂਸ਼ੀ ਰਾਮ ਨੂੰ ਸਲਾਹ ਦਿੱਤੀ ਕਿ ਕੈਲੇਫੋਰਨੀਆ ਤੋਂ ਲਾਲਾ ਹਰਦਿਆਲ ਨੂੰ ਬੁਲਾ ਕੇ ਸਭਾ ਦਾ ਕੰਮ ਉਸ ਸਪੁਰਦ ਕੀਤਾ ਜਾਏ। ਲਾਲਾ ਹਰਦਿਆਲ ਨੂੰ ਲਿਖੀ ਗਈ ਚਿੱਠੀ ਪ੍ਰਵਾਨ ਕਰਕੇ ਲਾਲਾ ਹਰਦਿਆਲ ਤਿੰਨ ਮਹੀਨੇ ਬਾਅਦ 25 ਮਾਰਚ 1913 ਨੂੰ ਸੈਂਟਜਾਨ ਪਹੁੰਚ ਗਏ। 21 ਅਪ੍ਰੈਲ 1913 ਨੂੰ ਗ਼ਦਰ ਪਾਰਟੀ ਦਾ ਗਠਨ ਹੋਇਆ ਅਤੇ ਪਹਿਲੀ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾ ਅੰਕ ਛਪਿਆ ਤਾਂ ਗੁਰੂ ਦੱਤ ਕੁਮਾਰ ਪੂਰੀ ਸਰਗਰਮੀ ਨਾਲ ਇਨ੍ਹਾਂ ਸਰਗਰਮੀਆਂ ਵਿੱਚ ਸ਼ਾਮਲ ਸੀ।



1914 ਵਿੱਚ ਕਾਮਾਗਾਟਾ ਮਾਰੂ ਜਹਾਜ ਦੇ ਕੈਨੇਡਾ ਵੱਲ ਜਾਣ ਦੀ ਖ਼ਬਰ ਸੁਣ ਕੇ ਕੁਮਾਰ ਕੈਨੇਡਾ ਰਵਾਨਾ ਹੋ ਗਿਆ। ਉਹ ਬਹੁਤ ਪ੍ਰਸੰਨ ਸੀ ਕਿ ਜਿਸ ਉਦੇਸ਼ ਲਈ ਅਤੇ ਪਾਬੰਦੀਆਂ ਵਿਰੁੱਧ ਪ੍ਰਚਾਰ ਕਰਦਾ ਤੇ ਅਖ਼ਬਾਰ ਵਿੱਚ ਲਿਖਦਾ ਰਿਹਾ ਸੀ ਕਿ ਸਾਡਾ ਵੀ ਜਹਾਜ਼ ਹੋਏ ਜੋ ਹਿੰਦੀਆਂ ਨੂੰ ਕੈਨੇਡਾ ਪਹੁੰਚਾਏਗਾ, ਪਰ ਜਦ ਕੈਨੇਡਾ ਦੀ ਸਰਕਾਰ ਨੇ ਮੁਸਾਫ਼ਰਾਂ ਨੂੰ ਉਤਰਨ ਦੀ ਆਗਿਆ ਨਾ ਦਿੱਤੀ ਤਾਂ ਜੀ.ਡੀ. ਕੁਮਾਰ ਮੁਸਾਫਰਾਂ ਦੀ ਨਿਗਰਾਨੀ ਵਿੱਚ ਲੱਗ ਗਿਆ ਸੀ। ਜਹਾਜ਼ ਵਾਪਸ ਮੋੜਨ ਤੋਂ ਪਹਿਲਾਂ ਹੀ ਕੁਮਾਰ ਬਹੁਤ ਦੁਖੀ ਹੋ ਗਿਆ ਤੇ ਉਸ ਨੇ ਵੀ ਦੇਸ਼ ਜਾ ਕੇ ਆਜ਼ਾਦੀ ਲਈ ਕਾਰਜ ਕਰਨ ਵਾਸਤੇ ਤਿਆਰੀ ਕਰ ਲਈ।

ਪਹਿਲੀ ਜੰਗ ਸ਼ੁਰੂ ਹੋਣ 'ਤੇ ਗ਼ਦਰ ਪਾਰਟੀ ਵੱਲੋਂ ਅੰਗਰੇਜ਼ ਦੇ ਜੰਗ ਵਿੱਚ ਫਸ ਜਾਣ ਨੂੰ ਹੀ ਆਪਣੀ ਸੱਟ ਮਾਰਨ ਦਾ ਵੱਡਾ ਅਧਾਰ ਬਣਾ ਲਿਆ ਅਤੇ ਦੇਸ਼ ਜਾ ਕੇ ਗ਼ਦਰ ਕਰਨ ਦਾ ਐਲਾਨ ਕਰ ਦਿੱਤਾ। ਇਸ ਸਮੇਂ ਜੀ.ਡੀ. ਕੁਮਾਰ ਮਨੀਲਾ ਪੁੱਜ ਕੇ ਹਿੰਦੀਆਂ ਨੂੰ ਪੜ੍ਹਾਉਣ ਅਤੇ ਆਜ਼ਾਦੀ ਦੀ ਸਿੱਖਿਆ ਦੇ ਰਹੇ ਸਨ। 1915 ਈ: ਵਿੱਚ ਉਹ ਮਨੀਲਾ ਤੋਂ ਪੰਜਾਬ ਪੁੱਜ ਗਏ ਆਸਟਰੇਲੀਅਨ ਸਮੁੰਦਰੀ ਜਹਾਜ਼ ਰਾਹੀਂ, ਜਿਸ ਵਿੱਚ 88 ਸਵਾਰ ਸਨ। ਇਨ੍ਹਾਂ ਵਿੱਚ ਹੀ ਗ਼ਦਰੀ ਭਾਈ ਰੰਗਾ ਸਿੰਘ ਖੁਰਦਪੁਰ ਤੇ ਹਰਨਾਮ ਸਿੰਘ ਠੱਠੀਖਾਰਾ ਵੀ ਸ਼ਾਮਲ ਸਨ, ਜਿਹੜੇ ਪਿੱਛੋਂ ਅੰਗਰੇਜ਼ੀ ਸਰਕਾਰ ਵੱਲੋਂ ਸ਼ਹੀਦ ਕੀਤੇ ਗਏ ਸਨ। ਖ਼ੁਫ਼ੀਆ ਵਿਭਾਗ ਦੇ ਅਨੁਸਾਰ, ਜੀ.ਡੀ. ਕੁਮਾਰ 7 ਨਵੰਬਰ 1914 ਨੂੰ 150 ਗ਼ਦਰੀਆਂ ਨਾਲ ਜਾਪਾਨ ਤੋਂ ਐੱਸ.ਐੱਸ. ਮੰਗੋਲੀਆ ਜਹਾਜ਼ ਰਾਹੀਂ ਚਲਿਆ ਅਤੇ ਮਨੀਲਾ ਰੁਕ ਗਿਆ ਸੀ। ਲਾਹੌਰ ਵਿੱਚ ਗ਼ਦਰੀ ਦੇਸ਼ ਭਗਤਾਂ ਉੱਪਰ ਸਰਕਾਰ ਦੀ ਸਖ਼ਤੀ ਦੇ ਇਸ ਦੌਰ ਵਿੱਚ ਜਦੋਂ ਗੁਪਤ ਰੂਪ ਵਿੱਚ ਜੀ.ਡੀ. ਕੁਮਾਰ ਦੇਵ ਸਮਾਜ ਕੋਲ ਗਿਆ ਤਾਂ ਉਨ੍ਹਾਂ ਨੇ ਉਸ ਨੂੰ ਰਾਤ ਕੱਟਣ ਲਈ ਜਗ੍ਹਾ ਵੀ ਨਾ ਦਿੱਤੀ, ਜਿਸ ਲਈ ਉਹ ਅਮਰੀਕਾ ਵਿੱਚੋਂ ਪੈਸੇ ਭੇਜਦਾ ਰਿਹਾ ਸੀ। ਦੇਵ ਸਮਾਜ ਵਾਲੇ ਗ਼ਦਰੀ ਦੇਸ਼ ਭਗਤਾਂ ਦੇ ਫੜੇ ਜਾਣ ਤੋਂ ਬੜੇ ਡਰੇ ਹੋਏ ਸਨ। ਜੀ.ਡੀ. ਕੁਮਾਰ ਹਿੰਦੂ ਮਹਾਂਵਿਦਿਆਲਾ, ਜਵਾਲਾਪੁਰ ਦੇ ਸਾਲ ਕੁ ਭਰ ਮੈਨੇਜਰ ਰਹੇ।

1918 ਵਿੱਚ ਵਾਪਰੇ ਕਰਤਾਰਪੁਰ ਕੇਸ (ਜਬਲਪੁਰ) ਸਮੇਂ ਹੋਏ ਫਸਾਦ ਵਿੱਚ ਜੀ.ਡੀ. ਕੁਮਾਰ ਨੂੰ ਫਸਾਇਆ ਗਿਆ ਸੀ। ਇਸ ਕੇਸ ਵਿੱਚ ਗੁਰੂ ਦੱਤ ਕੁਮਾਰ ਨੇ ਮੋਤੀ ਰਾਮ ਦੇ ਨਾਂਅ ਹੇਠ ਅੱਠ ਸਾਲ ਸਖ਼ਤ ਕੈਦ ਕੱਟ ਕੇ 1926 ਵਿੱਚ ਰਿਹਾਅ ਹੋਏ। ਮੁਕਤਾ ਨੰਦ ਦੇ ਨਾਂਅ ਹੇਠ ਕਾਂਗਰਸ ਲਈ ਯੂ.ਪੀ. ਵਿੱਚ ਕੰਮ ਕਰਦਿਆਂ ਉਸ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ। ਜੇਲ੍ਹ ਵਿੱਚ ਉਸ ਨਾਲ ਬਲਬ ਭਾਈ ਪੰਤ, ਤਿਰਪਾਠੀ ਤੇ ਫੂਲਾ ਸਿੰਘ ਵੀ ਕੈਦ ਰਹੇ ਸਨ। ਗ਼ਦਰੀ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਨੇ ਲਿਖਿਆ:

ਸ੍ਰੀ ਜੀ.ਡੀ. ਕੁਮਾਰ ਅਤੇ ਤਾਰਕਨਾਥ ਦਾਸ, ਦੋਨੋਂ ਵਿਦਿਵਾਨਾਂ ਦੀ ਅਮਰੀਕਾ ਵਿੱਚ ਵਸਣ ਵਾਲੇ ਭਾਰਤੀਆਂ ਵਿੱਚ ਬਹੁਤ ਸੋਹਬਤ ਸੀ। ਰਾਜਨੀਤਿਕ ਦ੍ਰਿਸ਼ਟੀ ਮੈਨੂੰ ਇਨ੍ਹਾਂ ਦੋਨਾਂ ਵਿਦਿਵਾਨਾਂ ਤੋਂ ਪ੍ਰਾਪਤ ਹੋਈ ਸੀ। ਉਹ ਬਹੁਤ ਜੁਸ਼ੀਲੇ ਭਾਸ਼ਣ ਦਿਆ ਕਰਦੇ ਸਨ ਅਤੇ ਉਨ੍ਹਾਂ ਦੇ ਲੇਖ ਅਖ਼ਬਾਰਾਂ ਵਿੱਚ ਛਪਦੇ ਸਨ। ਭਾਵੇਂ ਮੈਂ ਇਨ੍ਹਾਂ ਤੋਂ ਪ੍ਰਭਾਵਿਤ ਹੋਇਆ ਸਾਂ ਪਰ ਮੇਰੀ ਮਨੋਵਿਰਤੀ ਕੁਝ ਹੋਰ ਕਿਸਮ ਦੀ ਸੀ। ਔਰਗਾਨ (ਕੈਲੇਫੋਰਨੀਆ) ਸ਼ਹਿਰ ਦੇ ਆਰੇ ਦੇ ਕਾਰਖਾਨੇ ਵਿੱਚ ਕੰਮ ਕਰਨ ਵਾਲੇ ਭਾਰਤੀ ਮਜ਼ਦੂਰਾਂ ਨੇ ਇੱਕ ਸੰਗਠਨ ਬਣਾ ਲਿਆ, ਪਰ ਇਹ ਸੰਗਠਨ ਵੀ ਮੈਨੂੰ ਪ੍ਰਭਾਵਤ ਨਾ ਕਰ ਸਕਿਆ। ਸ੍ਰੀ ਜੀ.ਡੀ. ਕੁਮਾਰ ਦੀ ਅਗਵਾਈ ਵਿੱਚ ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀਆਂ ਨੇ "ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੇਫ਼ਿਕ ਕੋਸਟ" ਨਾਂਅ ਦੀ ਜਥੇਬੰਦੀ ਬਣਾਈ, ਪ੍ਰੰਤੂ ਉਹ ਬਿਮਾਰ ਹੋ ਗਏ ਤੇ ਜਥੇਬੰਦੀ ਦਾ ਕੰਮ ਰਹਿ ਗਿਆ। ਉਸ ਦੇ ਪ੍ਰਚਾਰ ਨਾਲ ਲੋਕਾਂ 'ਚ ਕਾਫ਼ੀ ਚੇਤਨਾ ਆ ਗਈ ਸੀ। (ਆਤਮ ਕਥਾ ਵਿੱਚੋਂ)

1955 ਈ: ਵਿੱਚ ਜੀ.ਡੀ. ਕੁਮਾਰ ਸਾਧੂ ਆਸ਼ਰਮ ਹੁਸ਼ਿਆਰਪੁਰ ਆ ਗਏ। ਅਮਰੀਕਾ ਅਤੇ ਕੈਨੇਡਾ ਵਿੱਚ ਉਸ ਦੇ ਆਪਣੇ ਚਾਰ ਘਰ ਸਨ, ਪਰ ਭਾਰਤ ਵਿੱਚ ਉਹ ਖੁਆਰ ਹੁੰਦੇ ਰਹੇ ਆਜ਼ਾਦੀ ਦੀ ਖ਼ਾਤਰ। ਇੱਕ ਆਸ਼ਰਮ ਵਿੱਚ ਰਹਿੰਦਿਆਂ ਯੂ.ਪੀ. ਸਰਕਾਰ ਵੱਲੋਂ ਮਿਲਦੀ 30 ਰੁਪਏ ਪੈਨਸ਼ਨ ਨਾਲ ਗੁਜ਼ਾਰਾ ਕੀਤਾ, ਜਿੱਥੇ ਉਸ ਦਾ ਆਪਣਾ ਕੋਈ ਸੰਗੀ-ਸਾਥੀ ਨਹੀਂ ਸੀ। ਆਜ਼ਾਦ ਭਾਰਤ ਵਿੱਚ ਕਸ਼ਟਾਂ ਭਰਿਆ ਜੀਵਨ ਬਿਤਾਉਂਦਿਆਂ 1960 ਦੇ ਅਖੀਰ 'ਚ ਇਹ ਆਜ਼ਾਦੀ ਦਾ ਝੰਡਾ-ਬਰਦਾਰ ਹੁਸ਼ਿਆਰਪੁਰ ਦੇ ਸਾਧੂ ਆਸ਼ਰਮ ਵਿੱਚ ਹੀ ਸਰੀਰ ਤਿਆਗ ਗਏ।

**ਸੰਪਰਕ : 97806-02066**

# ਇਸ ਵਾਰ ਸਾਹਿਤ ’ਚ ਨੋਬਲ ਪੁਰਸਕਾਰ ਜੇਤੂ ਐਨੀ ਕਾਰਸਨ

ਅਤੇ ਇਹ ਉਹ ਥਾਂ ਹੈ ਜਿੱਥੇ 2026 ਦੇ ਸਾਹਿਤ ਵਿੱਚ ਨੋਬਲ ਪੁਰਸਕਾਰ ਜੇਤੂ ਕੈਨੇਡੀਅਨ ਲੇਖਕ ਐਨੀ ਕਾਰਸਨ ਦੀ ਸਭ ਤੋਂ ਮਨਮੋਹਕ ਪ੍ਰੇਮ ਕਹਾਣੀ ਸ਼ੁਰੂ ਹੁੰਦੀ ਹੈ। ਸੁੰਦਰਤਾ ਅਤੇ ਸੱਚ ਦੋ ਵੱਖ-ਵੱਖ ਚੀਜ਼ਾਂ ਹਨ।

ਉਸਦੀ ਪ੍ਰਸ਼ੰਸਾਯੋਗ ਕਿਤਾਬ, ‘ਦ ਬਿਊਟੀ ਆਫ਼ ਦ ਹਸਬੈਂਡ’, ਇੱਕ ਔਰਤ ਦੀ ਕਹਾਣੀ ਦੱਸਦੀ ਹੈ ਜੋ ਇੱਕ ਸੁੰਦਰ ਆਦਮੀ ਨਾਲ ਪਿਆਰ ਵਿੱਚ ਪੈ ਜਾਂਦੀ ਹੈ, ਉਸਦੇ ਝੂਠ ਅਤੇ ਬੇਵਫ਼ਾਈ ਕਾਰਨ ਆਪਣਾ ਵਿਆਹ ਗੁਆ ਦਿੰਦੀ ਹੈ, ਪਰ ਤਲਾਕ ਤੋਂ ਬਾਅਦ ਵੀ, ਉਸ ਪਿਆਰ ਦੀ ਯਾਦ ਤੋਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਮੁਕਤ ਕਰਨ ਵਿੱਚ ਅਸਮਰੱਥ ਹੁੰਦੀ ਹੈ।

ਕਾਰਸਨ ਦੀ ਕਮਾਲ ਦੀ ਯੋਗਤਾ ਇਹ ਹੈ ਕਿ ਉਹ ਟੁੱਟੇ ਹੋਏ ਵਿਆਹ ਬਾਰੇ ਇੱਕ ਪ੍ਰੇਮ ਕਹਾਣੀ ਵਜੋਂ ਨਹੀਂ, ਸਗੋਂ ਇੱਛਾ ਅਤੇ ਭਰਮ ’ਤੇ ਇੱਕ ਸਰਜੀਕਲ ਆਪ੍ਰੇਸ਼ਨ ਵਜੋਂ ਲਿਖਦੀ ਹੈ।

* ਸੁੰਦਰਤਾ ਅਤੇ ਸੱਚ ਵੱਖਰੀਆਂ ਚੀਜ਼ਾਂ ਹਨ।
* ਪਿਆਰ ਅਤੇ ਵਿਸ਼ਵਾਸ ਇੱਕੋ ਚੀਜ਼ ਨਹੀਂ ਹਨ।
* ਛੱਡਣਾ ਅਤੇ ਆਜ਼ਾਦ ਹੋਣਾ ਦੋ ਵੱਖ-ਵੱਖ ਚੀਜ਼ਾਂ ਹਨ।
* ਇੱਛਾ ਅਕਸਰ ਉਸ ਵਿਅਕਤੀ ਨੂੰ ਫੜੀ ਰੱਖਦੀ ਹੈ ਜਿਸਨੇ ਸਾਨੂੰ ਦੁੱਖ ਪਹੁੰਚਾਇਆ ਹੈ।
* ਵਿਆਹ ਸਿਰਫ਼ ਦੋ ਲੋਕਾਂ ਵਿਚਕਾਰ ਇੱਕ ਰਿਸ਼ਤਾ ਨਹੀਂ ਹੈ, ਸਗੋਂ ਯਾਦਦਾਸ਼ਤ, ਇੱਛਾ, ਕਲਪਨਾ ਅਤੇ ਹਕੀਕਤ ਵਿਚਕਾਰ ਇੱਕ ਨਿਰੰਤਰ ਸੰਘਰਸ਼ ਹੈ। ਐਨ ਕਾਰਸਨ ਨੂੰ ਸਮਝਣ ਲਈ, ਇਹ ਜਾਣਨਾ ਕਾਫ਼ੀ ਨਹੀਂ ਹੈ ਕਿ ਉਸਨੇ 2026 ਦਾ ਸਾਹਿਤ ਵਿੱਚ ਨੋਬਲ ਪੁਰਸਕਾਰ ਜਿੱਤਿਆ। ਅਸਲ ਦਿਲਚਸਪੀ ਇਸ ਤੱਥ ਵਿੱਚ ਹੈ ਕਿ ਉਹੀ ਲੇਖਕ ਜਿਸਨੇ ਯੂਨਾਨੀ ਮਿਥਿਹਾਸ, ਦਰਸ਼ਨ, ਕਵਿਤਾ, ਪਿਆਰ, ਵਿਆਹ, ਸਰੀਰ ਅਤੇ ਇਕੱਲਤਾ ਨੂੰ ਇਕੱਠਾ ਕੀਤਾ, ਇੱਕ ਟੁੱਟੇ ਹੋਏ ਵਿਆਹ ਦੀ ਕਹਾਣੀ ਵੀ ਇਸ ਤਰੀਕੇ ਨਾਲ ਲਿਖਦੀ ਹੈ ਜੋ ਕਵਿਤਾ, ਇੱਕ ਨਾਵਲ ਅਤੇ ਇੱਕ ਪੁਰਾਣੇ ਜ਼ਖ਼ਮ ਦੀ ਡਾਇਰੀ ਵਾਂਗ ਮਹਿਸੂਸ ਹੁੰਦਾ ਹੈ।

ਦਿ ਬਿਊਟੀ ਆਫ਼ ਦਿ ਹਸਬੈਂਡ ਦੀ ਕਹਾਣੀ ਇੱਕ ਔਰਤ ਅਤੇ ਉਸਦੇ ਪਤੀ ਵਿਚਕਾਰ ਰਿਸ਼ਤੇ ਦੀ ਕਹਾਣੀ ਹੈ। ਇਹ ਰਿਸ਼ਤਾ ਖਿੱਚ ਨਾਲ ਸ਼ੁਰੂ ਹੁੰਦਾ ਹੈ। ਪਤੀ ਬਹੁਤ ਹੀ ਸੁੰਦਰ ਅਤੇ ਮਨਮੋਹਕ ਹੈ। ਔਰਤ ਉਸ ਨਾਲ ਬਹੁਤ ਪਿਆਰ ਕਰਦੀ ਹੈ। ਪਰ ਉਸ ਖਿੱਚ ਦੇ ਨਾਲ ਚੇਤਾਵਨੀਆਂ ਵੀ ਆਉਂਦੀਆਂ ਹਨ।

ਪਰਿਵਾਰ ਅਤੇ ਉਸਦੇ ਆਲੇ ਦੁਆਲੇ ਦੇ ਲੋਕ ਇਹ ਸੰਕੇਤ ਦਿੰਦੇ ਹਨ ਕਿ ਇਸ ਆਦਮੀ ’ਤੇ ਪੂਰੀ ਤਰ੍ਹਾਂ ਭਰੋਸਾ ਨਹੀਂ ਕੀਤਾ ਜਾ ਸਕਦਾ। ਪਰ ਪਿਆਰ ਵਿੱਚ ਫਸਿਆ ਵਿਅਕਤੀ ਸਲਾਹ ਕਦੋਂ ਸੁਣਦਾ ਹੈ?

ਇਸੇ ਲਈ ਕਾਰਸਨ ਦੀ ਕਿਤਾਬ ਸਿਰਫ਼ ਤਲਾਕ ਦੀ ਕਹਾਣੀ ਨਹੀਂ ਹੈ। ਇਹ ਯਾਦਦਾਸ਼ਤ ਅਤੇ ਇੱਛਾ ਦੀ ਕਹਾਣੀ ਵੀ ਹੈ। ਜੋ ਇੱਕ ਵਿਅਕਤੀ ਭੁੱਲਣਾ ਚਾਹੁੰਦਾ ਹੈ ਉਹ ਅਕਸਰ ਉਹੀ ਹੁੰਦਾ ਹੈ ਜੋ ਉਸਨੂੰ ਸਭ ਤੋਂ ਵੱਧ ਯਾਦ ਰਹਿੰਦਾ ਹੈ। ਐਨ ਕਾਰਸਨ ਇੱਕ ਕੈਨੇਡੀਅਨ ਕਵੀ, ਨਿਬੰਧਕਾਰ, ਅਨੁਵਾਦਕ ਅਤੇ ਕਲਾਸਿਕ ਵਿਦਵਾਨ ਹੈ। 1950 ਵਿੱਚ ਟੋਰਾਂਟੋ ਵਿੱਚ ਜਨਮੀ, ਉਸਨੇ ਪ੍ਰਾਚੀਨ ਯੂਨਾਨੀ ਸਾਹਿਤ ਦਾ ਡੂੰਘਾ ਅਧਿਐਨ ਕੀਤਾ ਅਤੇ ਯੂਨੀਵਰਸਿਟੀਆਂ ਵਿੱਚ ਕਲਾਸਿਕ ਪੜ੍ਹਾਇਆ। ਉਸਦੀਆਂ ਰਚਨਾਵਾਂ ਵਿੱਚ, ਸਾਨੂੰ ਕਵਿਤਾ, ਗੱਦ, ਨਾਟਕ, ਅਨੁਵਾਦ, ਦਰਸ਼ਨ ਅਤੇ ਨਿੱਜੀ ਅਨੁਭਵ ਸਭ ਆਪਸ ਵਿੱਚ ਜੁੜੇ ਹੋਏ ਮਿਲਦੇ ਹਨ। ਉਸਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਪ੍ਰਾਚੀਨ ਯੂਨਾਨੀ ਮਿਥਿਹਾਸ ਅਤੇ ਵਿਚਾਰਾਂ ਨੂੰ ਆਧੁਨਿਕ ਮਨੁੱਖ ਦੀਆਂ ਸਮੱਸਿਆਵਾਂ ਨਾਲ ਜੋੜਦੀ ਹੈ। ਪਿਆਰ, ਇੱਛਾ, ਵਿਛੋੜਾ, ਸੋਗ, ਇਕੱਲਤਾ, ਯਾਦਦਾਸ਼ਤ ਅਤੇ ਮੌਤ ਉਸਦੇ ਸਾਹਿਤ ਵਿੱਚ ਵਾਰ-ਵਾਰ ਵਾਪਸ ਆਉਂਦੀ ਹੈ। ਉਸਦੀਆਂ ਮਸ਼ਹੂਰ ਰਚਨਾਵਾਂ ਵਿੱਚ ‘ਆਟੋਬਾਇਓਗ੍ਰਾਫੀ ਆਫ਼ ਰੈੱਡ’, ‘ਮੈਨ ਇਨ ਦ ਆਫ਼ ਆਵਰਜ਼’, ’ਨੌਕਸ’, ’ਡਿਕ੍ਰੀਏਸ਼ਨ’ ਅਤੇ ’ਦ ਬਿਊਟੀ ਆਫ਼ ਦ ਹਸਬੈਂਡ’ ਸ਼ਾਮਲ ਹਨ।

ਇਸ ਕਿਤਾਬ ਦਾ ਪੂਰਾ ਸਿਰਲੇਖ ਹੈ: ਦ ਬਿਊਟੀ ਆਫ਼ ਦ ਹਸਬੈਂਡ: ਏ ਕਾਲਪਨਿਕ ਲੇਖ ਇਨ 29 ਟੈਂਗੋਜ਼। ਇਹ 2001 ਵਿੱਚ ਪ੍ਰਕਾਸ਼ਿਤ ਹੋਇਆ ਸੀ ਅਤੇ ਇਸਨੂੰ ਕਵਿਤਾ, ਲੇਖ ਅਤੇ ਗਲਪ ਦੇ ਮਿਸ਼ਰਣ ਵਜੋਂ ਦਰਸਾਇਆ ਜਾ ਸਕਦਾ ਹੈ। ਕਿਤਾਬ ਨੇ ਟੀ.ਐਸ. ਐਲੀਅਟ ਪੁਰਸਕਾਰ ਵੀ ਜਿੱਤਿਆ। ਇਹ ਲਗਭਗ 160 ਪੰਨਿਆਂ ਦਾ ਹੈ, ਅਤੇ ਇਸਦੀ ਪੂਰੀ ਕਹਾਣੀ 29 ‘ਟੈਂਗੋਜ਼’ ਵਿੱਚ ਦੱਸੀ ਗਈ ਹੈ। ਇਹ ਉਹ ਥਾਂ ਹੈ ਜਿੱਥੇ ਕਾਰਸਨ ਦੀ ਪ੍ਰਤਿਭਾ ਸ਼ੁਰੂ ਹੁੰਦੀ ਹੈ। ਐਨ ਕਾਰਸਨ: ਜਦੋਂ ਸੁੰਦਰਤਾ ਅਸਲੀ ਨਹੀਂ ਹੈ। ਨੋਬਲ ਜੇਤੂ ਲੇਖਕ ਦੀ ਕਿਤਾਬ, ‘ਦ ਬਿਊਟੀ ਆਫ਼ ਦ ਹਸਬੈਂਡ’, ਪਿਆਰ, ਵਿਆਹ ਅਤੇ ਝੂਠ ਦੀ ਕਹਾਣੀ ਦੱਸਦੀ ਹੈ। ਕਈ ਵਾਰ ਸਾਹਿਤ ਵਿੱਚ ਸਭ ਤੋਂ ਵੱਡਾ ਸਵਾਲ ਇਹ ਨਹੀਂ ਹੁੰਦਾ ਕਿ ਕਹਾਣੀ ਵਿੱਚ ਕੀ ਹੋਇਆ, ਸਗੋਂ ਕੀ ਹੋਇਆ ਉਸਦਾ ਅਰਥ ਕੀ ਸੀ।

ਇੱਕ ਸੁੰਦਰ ਆਦਮੀ ਇੱਕ ਔਰਤ ਨਾਲ ਪਿਆਰ ਵਿੱਚ ਪੈ ਜਾਂਦਾ ਹੈ। ਉਹ ਵਿਆਹ ਕਰਦੇ ਹਨ। ਪਿਆਰ ਹੌਲੀ-ਹੌਲੀ ਸ਼ੱਕ ਵਿੱਚ ਬਦਲ ਜਾਂਦਾ ਹੈ, ਸ਼ੱਕ ਅਸੁਰੱਖਿਆ ਵਿੱਚ, ਅਤੇ ਅਸੁਰੱਖਿਆ ਇੱਕ ਟੁੱਟਦੇ ਵਿਆਹ ਵਿੱਚ ਬਦਲ ਜਾਂਦੀ ਹੈ। ਪਤੀ ਬੇਵਫ਼ਾ ਹੈ ਅਤੇ ਝੂਠ ਬੋਲਦਾ ਹੈ, ਫਿਰ ਵੀ ਪਤਨੀ ਉਸ ਤੋਂ ਪੂਰੀ ਤਰ੍ਹਾਂ ਆਪਣੇ ਆਪ ਨੂੰ ਮੁਕਤ ਕਰਨ ਵਿੱਚ ਅਸਮਰੱਥ ਹੁੰਦੀ ਹੈ।



ਤਲਾਕ ਹੁੰਦਾ ਹੈ, ਰਿਸ਼ਤਾ ਖਤਮ ਹੁੰਦਾ ਹੈ, ਪਰ ਕਹਾਣੀ ਨਹੀਂ ਹੁੰਦੀ।

ਇਹ ਉਹ ਥਾਂ ਹੈ ਜਿੱਥੇ ਕੈਨੇਡੀਅਨ ਲੇਖਕ ਐਨ ਕਾਰਸਨ ਆਪਣੀ ਕਿਤਾਬ, ‘ਦ ਬਿਊਟੀ ਆਫ਼ ਦ ਹਸਬੈਂਡ’ ਨਾਲ ਪਾਠਕ ਦਾ ਸਾਹਮਣਾ ਕਰਦੀ ਹੈ। ਅਤੇ ਇਸ ਕਹਾਣੀ ਵਿੱਚ ਸਭ ਤੋਂ ਵੱਡਾ ਸਵਾਲ ਪਤੀ ਦੀ ਬੇਵਫ਼ਾਈ ਨਹੀਂ ਹੈ। ਸਵਾਲ ਇਹ ਹੈ: ਕੀ ਉਹ ਆਦਮੀ ਜਿਸਨੂੰ ਅਸੀਂ ਸੁੰਦਰ ਮੰਨਦੇ ਹਾਂ ਸੱਚਮੁੱਚ ਸੁੰਦਰ ਹੈ? ਅਤੇ ਕੀ ਸੁੰਦਰਤਾ ਦਾ ਹਕੀਕਤ ਨਾਲ ਕੋਈ ਸਬੰਧ ਹੈ?

8 ਅਕਤੂਬਰ, 2026 ਨੂੰ, ਐਨ ਕਾਰਸਨ ਨੂੰ ਸਾਹਿਤ ਵਿੱਚ ਨੋਬਲ ਪੁਰਸਕਾਰ ਦਾ ਐਲਾਨ ਕੀਤਾ ਗਿਆ। ਸਵੀਡਿਸ਼ ਅਕੈਡਮੀ ਨੇ ਉਸਨੂੰ ਉਸਦੇ ‘ਦਲੇਰ ਅਤੇ ਕਲਪਨਾਤਮਕ ਕੰਮਾਂ’ ਲਈ ਸਨਮਾਨਿਤ ਕੀਤਾ, ਜਿਸ ਵਿੱਚ ਉਹ ਕਲਾਸੀਕਲ ਪਰੰਪਰਾ ਨਾਲ ਜੁੜਦੀ ਹੈ ਅਤੇ ਸਮਕਾਲੀ ਸਾਹਿਤ ਲਈ ਨਵੇਂ ਰੂਪ ਬਣਾਉਂਦੀ ਹੈ। ਕਾਰਸਨ ਦਾ ਜਨਮ 1950 ਵਿੱਚ ਟੋਰਾਂਟੋ, ਕੈਨੇਡਾ ਵਿੱਚ ਹੋਇਆ ਸੀ। ਉਹ ਇੱਕ ਕਵੀ, ਨਿਬੰਧਕਾਰ, ਅਨੁਵਾਦਕ ਅਤੇ ਕਲਾਸੀਕਲ ਸਾਹਿਤ ਦੀ ਵਿਦਵਾਨ ਹੈ। ਉਸਦੀ ਲਿਖਤ ਪ੍ਰਾਚੀਨ ਯੂਨਾਨੀ ਸਾਹਿਤ ਤੋਂ ਲੈ ਕੇ ਆਧੁਨਿਕ ਪਿਆਰ, ਨਿੱਜੀ ਅਨੁਭਵ ਅਤੇ ਪ੍ਰਸਿੱਧ ਸੱਭਿਆਚਾਰ ਤੱਕ ਹੈ। ਉਹ ਵਾਰ-ਵਾਰ ਕਵਿਤਾ ਅਤੇ ਗੱਦ ਵਿਚਕਾਰ ਸੀਮਾਵਾਂ ਨੂੰ ਤੋੜਦੀ ਹੈ। ਇਸਦਾ ਮਤਲਬ ਹੈ ਕਿ ਉਹ ਸਾਹਿਤ ਦੀ ਇੱਕ ਲੇਖਕ ਹੈ ਜਿਸਨੂੰ ਆਸਾਨੀ ਨਾਲ ਸ਼੍ਰੇਣੀਬੱਧ ਨਹੀਂ ਕੀਤਾ ਜਾ ਸਕਦਾ। ਅਤੇ ਸ਼ਾਇਦ ਇਹੀ ਉਹ ਹੈ ਜਿਸਦੀ ਨੋਬਲ ਕਮੇਟੀ ਨੇ ਸਭ ਤੋਂ ਵੱਧ ਪ੍ਰਸ਼ੰਸਾ ਕੀਤੀ।

ਕਾਰਸਨ ਦੇ ਕੰਮ ਵਿੱਚ, ਪੁਰਾਣਾ ਵੀ ਨਵਾਂ ਹੋ ਜਾਂਦਾ ਹੈ। ਐਨ ਕਾਰਸਨ ਦੇ ਸਾਹਿਤਕ ਸੰਸਾਰ ਵਿੱਚ, ਪ੍ਰਾਚੀਨ ਯੂਨਾਨੀ ਦੇਵਤੇ, ਮਿਥਿਹਾਸ ਅਤੇ ਕਵੀ ਅਚਾਨਕ ਆਧੁਨਿਕ ਲੋਕਾਂ ਦੇ ਜੀਵਨ ਵਿੱਚ ਆਪਣਾ ਰਸਤਾ ਲੱਭ ਲੈਂਦੇ ਹਨ। ਉਸਦੀ ਪ੍ਰਸ਼ੰਸਾਯੋਗ ਕਿਤਾਬ, ‘ਆਟੋਬਾਇਓਗ੍ਰਾਫੀ ਆਫ਼ ਰੈੱਡ’ ਵਿੱਚ, ਪ੍ਰਾਚੀਨ ਯੂਨਾਨੀ ਮਿਥਿਹਾਸਕ ਪਾਤਰ ਗੈਰੀਓਨ ਨੂੰ ਆਧੁਨਿਕ ਸੰਵੇਦਨਾਵਾਂ ਨਾਲ ਦੇਖਿਆ ਗਿਆ ਹੈ। ਨੌਕਸ ਨਿੱਜੀ ਦੁੱਖ, ਯਾਦਦਾਸ਼ਤ, ਅਨੁਵਾਦ ਅਤੇ ਵਿਜ਼ੂਅਲ ਸਮੱਗਰੀ ਦਾ ਇੱਕ ਵਿਲੱਖਣ ਮਿਸ਼ਰਣ ਪ੍ਰਦਰਸ਼ਿਤ ਕਰਦੀ ਹੈ। ਉਹ ਸੈਫੋ ਅਤੇ ਹੋਰ ਪ੍ਰਾਚੀਨ ਯੂਨਾਨੀ ਲੇਖਕਾਂ ਦੇ ਆਪਣੇ ਅਨੁਵਾਦਾਂ ਲਈ ਵੀ ਜਾਣੀ ਜਾਂਦੀ ਹੈ।

ਉਸਦੀ ਕਿਤਾਬ, ਜਿਸਨੇ ਪਿਆਰ ਅਤੇ ਵਿਆਹ ਦੇ ਮੁੱਦੇ ਨੂੰ ਸਾਹਿਤ ਦੇ ਕੇਂਦਰ ਵਿੱਚ ਬਹੁਤ ਹੀ ਅਸਾਧਾਰਨ ਤਰੀਕੇ ਨਾਲ ਰੱਖਿਆ, ਉਹ ਹੈ ‘ਦ ਬਿਊਟੀ ਆਫ਼ ਦ ਹਸਬੈਂਡ: ਏ ਫਿਕਸ਼ਨਲ ਐਸੇ ਇਨ 29 ਟੈਂਗੋਜ਼।’

ਇਹ ਕੋਈ ਸਿੱਧ ਪੱਧਰੀ ਕਿਤਾਬ ਨਹੀਂ ਹੈ। ਕਾਰਸਨ ਇਸਨੂੰ ਇੱਕ ‘ਕਾਲਪਨਿਕ ਲੇਖ’ ਕਹਿੰਦੀ ਹੈ ਅਤੇ ਇਸਦੀ ਪੂਰੀ ਕਹਾਣੀ 29 ‘ਟੈਂਗੋਜ਼’ ਵਿੱਚ ਦੱਸਦੀ ਹੈ। ਹੁਣ ਕਲਪਨਾ ਕਰੋ—ਵਿਆਹ ਦੀ ਵਿਆਖਿਆ ਕਰਨ ਲਈ ਇੱਕ ਟੈਂਗੋ!

ਟੈਂਗੋ ਵਿੱਚ ਦੋ ਲੋਕ ਸ਼ਾਮਲ ਹੁੰਦੇ ਹਨ। ਕਈ ਵਾਰ ਇੱਕ ਅਗਵਾਈ ਕਰਦਾ ਹੈ, ਦੂਜਾ ਪਿੱਛਾ ਕਰਦਾ ਹੈ। ਕਈ ਵਾਰ ਉਹ ਨੇੜੇ ਆਉਂਦੇ ਹਨ, ਕਈ ਵਾਰ ਉਹ ਵੱਖ ਹੋ ਜਾਂਦੇ ਹਨ। ਜਦੋਂ ਕਦਮ ਮੇਲ ਖਾਂਦੇ ਹਨ, ਇੱਕ ਨਾਚ ਬਣਦਾ ਹੈ, ਅਤੇ ਜਦੋਂ ਤਾਲ ਟੁੱਟਦੀ ਹੈ, ਤਾਂ ਉਹੀ ਨਾਚ ਇੱਕ ਸੰਘਰਸ਼ ਬਣ ਜਾਂਦਾ ਹੈ। ਕਾਰਸਨ ਲਈ, ਵਿਆਹ ਇਸ ਤਰ੍ਹਾਂ ਦਾ ਹੈ। ਦੋ ਲੋਕ। ਦੋ ਇੱਛਾਵਾਂ। ਦੋ ਸਰੀਰ। ਦੋ ਹੰਕਾਰ। ਅਤੇ ਉਨ੍ਹਾਂ ਵਿਚਕਾਰ ਪਿਆਰ।

ਕੀ ਇਹ ਐਨ ਕਾਰਸਨ ਦੀ ਆਪਣੀ ਕਹਾਣੀ ਹੈ? ਇਹ ਸਵਾਲ ਅਕਸਰ ਪੁੱਛਿਆ ਜਾਂਦਾ ਹੈ। ਇਹ ਕਿਤਾਬ ਇੰਨੀ ਨਿੱਜੀ ਮਹਿਸੂਸ ਹੁੰਦੀ ਹੈ ਕਿ ਪਾਠਕ ਇਸਨੂੰ ਇੱਕ ਆਤਮਕਥਾ ਸਮਝ ਸਕਦੇ ਹਨ। ਪਰ ਕਾਰਸਨ ਨੇ ਇਸਨੂੰ ‘ਕਾਲਪਨਿਕ ਲੇਖ’ ਕਿਹਾ ਹੈ। ਇਸ ਲਈ, ਇਸਨੂੰ ਇੱਕ ਸਿੱਧੀ ਆਤਮਕਥਾ ਕਹਿਣਾ ਉਚਿਤ ਨਹੀਂ ਹੋਵੇਗਾ।

ਕਾਰਸਨ ਨੇ ਨਿੱਜੀ ਅਨੁਭਵ, ਸਾਹਿਤ, ਦਰਸ਼ਨ ਅਤੇ ਕਲਪਨਾ ਨੂੰ ਮਿਲਾ ਕੇ ਇੱਕ ਅਜਿਹਾ ਕੰਮ ਬਣਾਇਆ ਹੈ ਜੋ ਅਸਲ ਮਹਿਸੂਸ ਹੁੰਦਾ ਹੈ, ਫਿਰ ਵੀ ਉਹ ਪਾਠਕ ਨੂੰ ਇਸਨੂੰ ਸਿਰਫ਼ ਇੱਕ ਜੀਵਨੀ ਮੰਨਣ ਤੋਂ ਬਚਣ ਦੀ ਆਜ਼ਾਦੀ ਵੀ ਦਿੰਦੀ ਹੈ।

ਇਹ ਉਸਦੀ ਲਿਖਣ ਸ਼ੈਲੀ ਦੀ ਸੁੰਦਰਤਾ ਹੈ। ਉਹ ਇਹ ਨਹੀਂ ਕਹਿੰਦੀ, ‘ਇਹ ਮੇਰੇ ਨਾਲ ਹੋਇਆ।’ ਉਹ ਸਾਹਿਤ ਸਿਰਜਦੀ ਹੈ ਜੋ ਪਾਠਕ ਨੂੰ ਇਹ ਕਹਿਣ ਲਈ ਮਜਬੂਰ ਕਰਦੀ ਹੈ, ‘ਇਹ ਮੇਰੇ ਨਾਲ ਵੀ ਹੋਇਆ ਹੈ।’

ਕਿਤਾਬ ਦਾ ਸਭ ਤੋਂ ਵੱਡਾ ਦਰਦ।

ਇਸ ਕਿਤਾਬ ਨੂੰ ਪੜ੍ਹਦੇ ਸਮੇਂ ਸਭ ਤੋਂ ਵੱਧ ਪਰੇਸ਼ਾਨ ਕਰਨ ਵਾਲੀ ਗੱਲ ਪਤੀ ਦੀ ਬੇਵਫ਼ਾਈ ਨਹੀਂ ਹੈ।

ਇਹ ਦੁਨੀਆ ਵਿੱਚ ਬਹੁਤ ਆਮ ਹੈ।

ਅਸਲ ਦਰਦ ਇਹ ਹੈ ਕਿ ਪਿਆਰ ਵਿੱਚ ਇੱਕ ਵਿਅਕਤੀ ਅਕਸਰ ਸੱਚਾਈ ਨੂੰ ਜਾਣਦੇ ਹੋਏ ਵੀ ਪਿਆਰ ਕਰਨਾ ਜਾਰੀ ਰੱਖਦਾ ਹੈ। ਸਵੀਡਿਸ਼ ਅਕੈਡਮੀ ਨੇ ਉਸਦੀ ਲਿਖਤ ਨੂੰ ਸਮਕਾਲੀ ਸਾਹਿਤ ਲਈ ਨਵੇਂ ਰੂਪਾਂ ਦੀ ਸਿਰਜਣਾ ਵਜੋਂ ਦਰਸਾਇਆ ਹੈ ਜਦੋਂ ਕਿ ਉਹ ਕਲਾਸੀਕਲ ਪਰੰਪਰਾ ਨਾਲ ‘ਖੇਡਣ ਵਾਲਾ ਸੰਵਾਦ’ ਕਰਦੀ ਹੈ।

ਪਤੀ ਦੀ ਸੁੰਦਰਤਾ’ ਕੋਈ ਨੈਤਿਕ ਸਬਕ ਦੇਣ ਲਈ ਤਿਆਰ ਨਹੀਂ ਹੈ। ਇਹ ਇਹ ਨਹੀਂ ਕਹਿੰਦੀ ਕਿ ਪਤੀ ਬੁਰਾ ਸੀ ਅਤੇ ਇਸ ਲਈ ਪਤਨੀ ਨੂੰ ਉਸਨੂੰ ਛੱਡ ਦੇਣਾ ਚਾਹੀਦਾ ਸੀ। ਇਹ ਇਹ ਵੀ ਨਹੀਂ ਕਹਿੰਦੀ ਕਿ ਪਿਆਰ ਸਭ ਕੁਝ ਸਹਿਣ ਬਾਰੇ ਹੈ। ਇਹ ਹੋਰ ਗੁੰਝਲਦਾਰ ਸਵਾਲ ਪੁੱਛਦੀ ਹੈ।ਇਹ ਪਿਆਰ ਦੀ ਅਦਾਲਤ ਦੀ ਕਹਾਣੀ ਬਣ ਜਾਂਦੀ ਹੈ, ਜਿੱਥੇ ਸਬੂਤ ਮੌਜੂਦ ਹੁੰਦੇ ਹਨ, ਫੈਸਲਾ ਜਾਣਿਆ ਜਾਂਦਾ ਹੈ-ਫਿਰ ਵੀ ਦਿਲ ਵਾਰ-ਵਾਰ ਅਪੀਲ ਕਰਦਾ ਰਹਿੰਦਾ ਹੈ।

ਇਹ ਐਨ ਕਾਰਸਨ ਦੀ ਸ਼ਕਤੀ ਹੈ ਅਤੇ ਸ਼ਾਇਦ ਇਸੇ ਸ਼ਕਤੀ ਦੇ ਕਾਰਨ ਹੀ 2026 ਵਿੱਚ ਸਾਹਿਤਕ ਜਗਤ ਨੇ ਕਿਹਾ, ‘ਇਹ ਆਵਾਜ਼ ਵੱਖਰੀ ਹੈ। ਇਸਨੂੰ ਸੁਣਿਆ ਜਾਣਾ ਚਾਹੀਦਾ ਹੈ।’

**- ਡਾ. ਪ੍ਰਕਾਸ਼ ਹਿੰਦੁਸਤਾਨੀ**

# ‘ਜੰਗਾਂ-ਯੁੱਧਾਂ ਦੀ ਅਣਕਿਆਸੀ ਕੀਮਤ’

**ਡਾ. ਜਸਬੀਰ ਸਿੰਘ ਔਲਖ**

ਜੰਗਾਂ-ਯੁੱਧਾਂ ਦੁਆਰਾ ਕੀਤੀ ਲੰਮੇ ਸਮੇਂ ਤੱਕ ਰਹਿਣ ਵਾਲੀ ਤਬਾਹੀ ਅੱਜ ਵੱਡੀ ਆਲਮੀ ਸਮੱਸਿਆ ਹੈ, ਜਿਹੜੀ ਮਨੁੱਖੀ ਸਮਾਜਾਂ, ਆਰਥਿਕਤਾ ਅਤੇ ਜੀਵਨ ਨੂੰ ਮੁੱਦਤ ਤੱਕ ਕੁਰੇਦਦੀ ਰਹਿੰਦੀ ਹੈ। ਜੰਗ ਡੂੰਘੇ ਸਰੀਰਕ ਅਤੇ ਮਾਨਸਿਕ ਸਦਮੇ, ਅੰਗਹੀਣਤਾ ਦਿੰਦੀ ਹੈ ਅਤੇ ਪਰਵਾਰਕ ਅਤੇ ਸਮਾਜਿਕ ਮਦਦ ਨੂੰ ਖਤਮ ਕਰਦੀ ਹੈ। ਸਿੱਖਿਆ ਅਤੇ ਸਿਹਤ ਢਾਂਚੇ ਦਾ ਢਹਿ-ਢੇਰੀ ਹੋਣਾ ਅਤੇ ਸੋਮਿਆਂ ਦੇ ਘਟ ਜਾਣ ਕਾਰਨ ਸਮੁੱਚੀ ਆਬਾਦੀ ਲੰਮੇ ਸਮੇਂ ਤੱਕ ਜੂਝਦੀ ਹੈ। ਤਬਾਹ ਹੋਇਆ ਇਨਫਰਾਸਟਰੱਕਚਰ, ਆਮਦਨ ਦੇ ਘਟੇ ਸਾਧਨ ਅਤੇ ਜੰਗੀ ਹਾਲਤਾਂ ਵਿੱਚ ਘਿਰਨ ਨਾਲ ਆਰਥਿਕ ਮੰਦਹਾਲੀ ਦਸਤਕ ਦੇ ਦਿੰਦੀ ਹੈ। ਸਮਾਜਿਕ ਤੌਰ ’ਤੇ ਜੰਗ ਨਸਲੀ, ਧਾਰਮਿਕ ਜਾਂ ਰਾਜਨੀਤਕ ਵਖਰੇਵਿਆਂ ਕਰਕੇ ਆਪਸੀ ਵਿਸ਼ਵਾਸ ਨੂੰ ਖਤਮ ਜਾਂ ਘਟਾ ਦਿੰਦੀ ਹੈ ਅਤੇ ਹਿੰਸਾ ਨੂੰ ਜਾਇਜ਼ਤਾ ਪ੍ਰਦਾਨ ਕਰਦੀ ਹੈ। ਇਸ ਨਾਲ ਅਮਨ ਦੀ ਉਡੀਕ ਹੋਰ ਲੰਮੀ ਹੋ ਜਾਂਦੀ ਹੈ। ਵਾਤਾਵਰਨ ਪੱਖੋਂ ਜੰਗ ਜਲ, ਜੰਗਲ, ਜ਼ਮੀਨ ਆਦਿ ਨੂੰ ਪਲੀਤ ਕਰਦੀ ਹੈ। ਰਹਿਣ ਦੀਆਂ ਹਾਲਤਾਂ ਬਦਤਰ ਹੋ ਜਾਂਦੀਆਂ ਹਨ ਅਤੇ ਭੋਜਨ ਸੁਰੱਖਿਆ ਵੀ ਖ਼ਤਰੇ ਵਿੱਚ ਪੈ ਜਾਂਦੀ ਹੈ। ਇਹ ਸਾਰੇ ਕਾਰਕ ਜੰਗ ਨੂੰ ਇੱਕ ਵੱਡੀ ਕੌਮਾਂਤਰੀ ਚੁਣੌਤੀ ਦੇ ਤੌਰ ’ਤੇ ਪੇਸ਼ ਕਰਦੇ ਹਨ। ਅਸਥਿਰਤਾ ਅਤੇ ਦੁੱਖਾਂ ਦੇ ਪਹਾੜ ਸ਼ਰਨਾਰਥੀਆਂ, ਅਸੁਰੱਖਿਆ ਅਤੇ ਆਲਮੀ ਵਿਗੜੇ ਸੰਬੰਧਾਂ ਦੇ ਰੂਪ ਵਿੱਚ ਅਕਸਰ ਹੱਦਾਂ ਤੋਂ ਪਾਰ ਵਿਖਾਈ ਦਿੰਦੇ ਹਨ।

ਜੰਗਾਂ ਨੇ ਮਨੁੱਖਤਾ ਨੂੰ ਆਦਿ ਕਾਲ ਤੋਂ ਘੇਰਿਆ ਹੋਇਆ ਹੈ। ਆਮ ਕਰਕੇ ਜੰਗਾਂ-ਯੁੱਧਾਂ ਵਿੱਚ ਮਰਨ ਵਾਲੇ ਫੌਜੀਆਂ ਦੇ ਨੁਕਸਾਨ ਤੱਕ ਹੀ ਮਹਿਦੂਦ ਕਰ ਲਿਆ ਜਾਂਦਾ ਰਿਹਾ ਹੈ। ਤਵਾਰੀਖੀ ਤੌਰ ’ਤੇ ਪੁਰਾਣੀਆਂ ਸਭਿਅਤਾਵਾਂ ਜਿਵੇਂ ਮੈਸੋਪੈਟਾਮੀਆ, ਯੂਨਾਨੀ ਅਤੇ ਰੋਮ ਵਿੱਚ ਮਨੁੱਖੀ ਨੁਕਸਾਨ, ਆਰਥਿਕ ਗਿਰਾਵਟ ਅਤੇ ਸਮਾਜਿਕ ਅਸੰਤੁਲਨ ਵਰਗੇ ਪੈਮਾਨਿਆਂ ਤੋਂ ਪਰਖਿਆ ਮਿਲਦਾ ਹੈ, ਜਿਸ ਨੂੰ ਨਾ ਟਾਲਿਆ ਜਾ ਸਕਣ ਵਾਲਾ ਭਾਣਾ ਮੰਨ ਲਿਆ ਜਾਂਦਾ ਰਿਹਾ ਹੈ।

ਇਹਨਾਂ ਜੰਗਾਂ ਦੇ ਲੰਮੇ ਸਮੇਂ ਤੱਕ ਅਤੇ ਬਹੁਪੱਖੀ ਪ੍ਰਭਾਵਾਂ ਬਾਰੇ ਦੋਵਾਂ ਸੰਸਾਰ ਜੰਗਾਂ ਤੋਂ ਬਾਅਦ ਹੀ ਗੰਭੀਰ ਮੁਲਾਂਕਣ ਸ਼ੁਰੂ ਹੋਏ ਹਨ। ਜੰਗ ਦੇ ਵਾਵਰੋਲੇ ਨੂੰ ਭੋਲੇ ਜਿਹੇ ਤਰੀਕੇ ਨਾਲ ‘ਚਲ ਹੋਊ’ ਕਹਿ ਕੇ ਟਾਲਿਆ ਨਹੀਂ ਜਾ ਸਕਦਾ, ਕਿਉਂਕਿ ਜੰਗ ਨੇ ਮਨੁੱਖੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਨਾਕਾਰਾਤਮਕ ਤਰੀਕੇ ਨਾਲ ਪ੍ਰਭਾਵਿਤ ਕਰਨਾ ਹੁੰਦਾ ਹੈ। ਇਬਰੋ-ਅਮਰੀਕਾ ਅਲਾਇੰਸ ਫਾਰ ਪੀਸ ਦੀ ਡਾਇਰੈਕਟਰ ਚੋਲੇ ਮਿਉਲਵੇਟਰ ਲਿਖਦੀ ਹੈ ਕਿ ਕੋਈ ਵੀ ਜੰਗੀ ਟਕਰਾਅ ਵਾਤਾਵਰਨ ਨੂੰ ਵਿਗਾੜੇ ਬਿਨਾਂ ਨਹੀਂ ਰਹਿ ਸਕਦਾ। ਉਸ ਮੁਤਾਬਿਕ ਆਲਮੀ ਪੱਧਰ ’ਤੇ ਚਾਲੀ ਪ੍ਰਤੀਸ਼ਤ ਤੋਂ ਵੱਧ ਯੁੱਧ ਦਰਅਸਲ ਕੁਦਰਤੀ ਸਰੋਤਾਂ ’ਤੇ ਕਬਜ਼ੇ ਲਈ ਹੀ ਲੜੇ ਜਾਂਦੇ ਹਨ।

ਜੰਗ ਵਿੱਚ ਹੋਇਆ ਸਿੱਧਾ ਜਾਨੀ ਨੁਕਸਾਨ ਅਤੇ ਕੁੱਝ ਇਮਾਰਤਾਂ ਦਾ ਨਸ਼ਟ ਹੋਣਾ ਤਾਂ ਬਰਫ਼ ਦੇ ਇੱਕ ਤੋਦੇ (Tip of Iceberg) ਦੀ ਤਰ੍ਹਾਂ ਹੀ ਹੈ।

**ਬਸਰੇ ਦੀ ਲਾਮ (ਔਰਤ ਦੀ ਹੋਣੀ)...**

‘ਬਸਰੇ ਦੀ ਲਾਮ ਟੁੱਟਜੇ, ਮੈਂ ਰੰਡੀਓ ਸੁਹਾਗਣ ਹੋਵਾਂ’ ਇਹ ਗੀਤ ਪੰਜਾਬ ਦੀ ਧਰਤੀ ’ਤੇ ਉਦੋਂ ਪਨਪਿਆ ਸੀ, ਜਦੋਂ ਪੰਜਾਬ ਦੀ ਜਵਾਨੀ ਨੂੰ ਜਬਰੀ ਭਰਤੀ ਰਾਹੀਂ ਬਸਤੀਵਾਦੀ ਹਾਕਮ ਯੁੱਧ ਦੀ ਭੱਠੀ ਵਿੱਚ ਝੋਕ ਰਹੇ ਸਨ। ਇਹਨਾਂ ਸ਼ਬਦਾਂ ਵਿੱਚ ਪੰਜਾਬੀ ਔਰਤ ਦੇ ਮਨ ਦੀ ਵੇਦਨਾ ਵਿੱਚ ਹਮਸਫ਼ਰ ਦੇ ਸੁੱਖੀਂ-ਸਾਂਦੀ ਜੰਗ ਵਿੱਚੋਂ ਘਰ ਵਾਪਸ ਆਉਣ ਦੀ ਕਾਮਨਾ ਤਾਂ ਹੈ ਹੀ, ਬਲਕਿ ਕਿਸੇ ਸੰਭਾਵਿਤ ਅਣਹੋਣੀ ਦੀ ਹਾਲਤ ਵਿੱਚ ਉਸ ਦੇ ਆਪਣੇ ਉੱਪਰ ਟੁੱਟਣ ਵਾਲੇ ਦੁੱਖਾਂ ਦੇ ਪਹਾੜ ਦਾ ਇੱਕ ਅਣਕਿਹਾ ਫ਼ਿਕਰ ਹੈ। ਵਿਧਵਾ ਹੋਣ ਦਾ ਮਤਲਬ ਸਿਰਫ ਜੀਵਨ ਸਾਥੀ ਦਾ ਵਿਛੜਨਾ ਹੀ ਨਹੀਂ ਹੁੰਦਾ, ਬਲਕਿ ਪਰਵਾਰਕ, ਸਮਾਜਿਕ, ਆਰਥਿਕ ਅਤੇ ਮਾਨਸਿਕ ਦੁਸ਼ਵਾਰੀਆਂ ਦੀ ਆਹਟ ਹੁੰਦੀ ਹੈ। ਲਗਾਤਾਰ ਜੰਗਾਂ-ਯੁੱਧਾਂ ਦਾ ਮੈਦਾਨ ਰਿਹਾ ਹੋਣ ਕਰਕੇ ਹੀ ਸ਼ਾਇਦ ਕਿਹਾ ਜਾਂਦਾ ਹੈ ਕਿ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਇਹ ਹੋਣੀ ਪੰਜਾਬ ਦਾ ਅੱਜ ਵੀ ਖਹਿੜਾ ਨਹੀਂ ਛੱਡ ਰਹੀ। ਸਤਾਈ ਮਾਰਚ 2023 ਨੂੰ ਮੁਕਲ ਵਾਸਨਿਕ ਦੇ ਸਵਾਲ ਦੇ ਜਵਾਬ ਵਿੱਚ ਰਾਜ ਸਭਾ ਵਿੱਚ ਦਿੱਤੀ ਜਾਣਕਾਰੀ ਅਨੁਸਾਰ ਵਾਰ-ਵਾਰ ਛਾਂਗੇ ਛੋਟੇ ਜਿਹੇ ਪੰਜਾਬ ਵਿੱਚ ਜੰਗੀ ਵਿਧਵਾਵਾਂ (ਜਿਹਨਾਂ ਨੂੰ ਸਰਕਾਰੀ ਭਾਸ਼ਾ ਵਿੱਚ ਵੀਰ-ਨਾਰੀ ਕਿਹਾ ਜਾਂਦਾ ਹੈ) ਦੀ ਗਿਣਤੀ 2132 ਹੈ, ਜਿਹੜੀ ਕਿ ਅੱਜ ਵੀ ਸਾਰੇ ਮੁਲਕ ਵਿੱਚ ਕਿਸੇ ਵੀ ਹੋਰ ਵੱਡੇ ਤੋਂ ਵੱਡੇ ਸੂਬੇ ਨਾਲੋਂ ਵੱਧ ਹੈ।

ਕਿਹਾ ਜਾਂਦਾ ਹੈ ਕਿ ਜੰਗ ਬੁੱਢੇ ਸ਼ੁਰੂ ਕਰਦੇ ਹਨ, ਪਰ ਮਰਦੇ ਜਵਾਨ ਹਨ, ਪਰ ਇਸ ਦੇ ਨਾਲ ਹੀ ਜੰਗ ਦਾ ਸੰਤਾਪ ਔਰਤਾਂ ਅਤੇ ਬੱਚੇ ਭਰ ਜੀਵਨ ਭੁਗਤਦੇ ਹਨ। ਯੂਕਰੇਨ, ਗਾਜ਼ਾ ਅਤੇ ਈਰਾਨ ਵਿੱਚ ਯੁੱਧ ਸ਼ੁਰੂ ਕਰਨ ਵਾਲੇ ਪੁਤਿਨ, ਨੇਤਨਯਾਹੂ ਅਤੇ ਟਰੰਪ ਸੱਤਰ ਸਾਲ ਤੋਂ ਉੱਪਰ ਦੇ ਬੁੱਢੇ ਹਨ। ਦੂਸਰੀ ਸੰਸਾਰ ਜੰਗ ਸ਼ੁਰੂ ਕਰਨ ਲਈ ਜ਼ਿੰਮੇਵਾਰ ਹਿਟਲਰ ਅਤੇ ਮੁਸੋਲਿਨੀ ਦੀ ਉਮਰ 50 ਅਤੇ 56 ਸਾਲ ਸੀ ਅਤੇ ਉਦੋਂ ਜਰਮਨੀ ਅਤੇ ਇਟਲੀ ਦੇ ਨਾਗਰਿਕਾਂ ਦੀ ਔਸਤ ਉਮਰ ਵੀ ਕ੍ਰਮਵਾਰ 60 ਅਤੇ 57.6 ਸਾਲ ਸੀ, ਜਦਕਿ ਜਰਮਨੀ ਅਤੇ ਇਟਲੀ ਦੇ ਨਾਗਰਿਕਾਂ ਦੀ ਅੱਜਕੱਲ੍ਹ ਔਸਤ ਉਮਰ ਕ੍ਰਮਵਾਰ 82 ਅਤੇ 84 ਸਾਲ ਹੈ। ਪਹਿਲੀ ਸੰਸਾਰ ਜੰਗ ਵਿੱਚ ਮਰਨ ਵਾਲਿਆਂ ਦੀ ਸਭ ਤੋਂ ਵੱਡੀ ਗਿਣਤੀ 21 ਤੋਂ 24 ਸਾਲ ਸੀ, ਜਦਕਿ ਦੂਸਰੀ ਸੰਸਾਰ ਜੰਗ ਵਿੱਚ 42 ਫੀਸਦੀ ਮਰਨ ਵਾਲੇ ਫੌਜੀਆਂ ਦੀ ਉਮਰ ਵੀਹ ਸਾਲ ਤੋਂ ਵੀ ਘੱਟ ਸੀ। ਦੂਸਰੀ ਸੰਸਾਰ ਜੰਗ ਤੋਂ ਬਾਅਦ ਦੁਨੀਆ ਭਰ ਦੀਆਂ ਜੰਗਾਂ ਵਿੱਚ ਅਮਰੀਕਾ ਸਿੱਧੇ-ਅਸਿੱਧੇ ਰੂਪ ਵਿੱਚ ਸ਼ਾਮਲ ਰਿਹਾ ਹੈ। ਟਰੂਮੈਨ ਤੋਂ ਟਰੰਪ ਤੱਕ ਅਮਰੀਕਾ ਦੇ ਸਤਾਰਾਂ ਰਾਸ਼ਟਰਪਤੀਆਂ ਦੀ ਔਸਤ ਉਮਰ 59.6 ਸਾਲ ਬਣਦੀ ਹੈ।

ਯੁੱਗਾਂ-ਯੁਗਾਂਤਰਾਂ ਤੋਂ ਔਰਤਾਂ ਜੰਗਾਂ ਦੀ ਮਾਰ ਝੱਲਦੀਆਂ ਆ ਰਹੀਆਂ ਹਨ, ਪਰ ਔਰਤਾਂ ਦੀਆਂ ਦੁਸ਼ਵਾਰੀਆਂ ਦਾ ਕੋਈ ਅਧਿਐਨ ਪੁਰਾਣੇ ਸਮਿਆਂ ਵਿੱਚ ਮੌਜੂਦ ਨਹੀਂ ਹੈ। ਸੰਸਾਰ ਜੰਗਾਂ ਤੋਂ ਬਾਅਦ ਇਸ ਪਾਸੇ ਕੁੱਝ ਪ੍ਰਗਤੀ ਹੋਈ।

ਸੋਸ਼ਲ ਸਾਇੰਸ ਐਂਡ ਮੈਡੀਸਿਨ ਰਸਾਲੇ ਵਿੱਚ ਕੈਨੇਡਾ ਦੀ ਓਟਾਵਾ ਯੂਨੀਵਰਸਿਟੀ ਦੀ ਫੈਕਲਿਟੀ ਆਫ਼ ਮੈਡੀਸਨ ਵੱਲੋਂ ਪੈਗੀ ਜੇ ਕਲੈਨਪਲਾਟਜ ਦੀ ਅਗਵਾਈ ਵਿੱਚ ਨਾਜ਼ੀ ਕੈਂਪਾਂ ਵਿੱਚੋਂ ਬਚੀਆਂ 93 ਔਰਤਾਂ ਦਾ ਇੱਕ ਅਧਿਐਨ ਕੀਤਾ ਗਿਆ। ਇਹਨਾਂ ਵਿੱਚੋਂ 90 ਫੀਸਦੀ ਤੋਂ ਉੱਪਰ ਔਰਤਾਂ ਦੀ ਮਾਹਵਾਰੀ ਭੁੱਖਮਰੀ, ਸਰੀਰਕ ਮਾਨਸਿਕ ਸਦਮਿਆਂ ਅਤੇ ਚੋਰੀਓਂ ਦਿੱਤੇ ਸੰਭਾਵਿਤ ਰਸਾਇਣਾਂ ਕਰਕੇ ਜਾਂ ਬੰਦ ਹੋ ਗਈ ਸੀ ਜਾਂ ਗੜਬੜ ਹੋ ਗਈ ਸੀ। ਇਹਨਾਂ ਵਿੱਚੋਂ ਪੰਦਰਾਂ ਔਰਤਾਂ (16.01 ਫੀਸਦੀ) ਹੀ ਦੋ ਜਾਂ ਵੱਧ ਬੱਚੇ ਪੂਰੇ ਸਮੇਂ ਦੇ ਪੈਦਾ ਕਰ ਸਕੀਆਂ, ਜਦਕਿ ਬਾਕੀ ਜਾਂ ਤਾਂ ਬਾਂਝਪਨ ਦਾ ਸ਼ਿਕਾਰ ਹੋਈਆਂ ਜਾਂ ਜਿਹਨਾਂ ਦੇ ਕਈ ਵਾਰ ਗਰਭਪਾਤ ਹੋਏ ਅਤੇ ਉਹਨਾਂ ਦੀ ਗਰਭ ਅਵਸਥਾ ਪੂਰਾ ਸਮਾਂ ਨਾ ਕਰ ਸਕੀ। ਟਾਈਮਜ਼ ਆਫ਼ ਇੰਡੀਆ ਦੇ 7 ਜੁਲਾਈ 2025 ਦੇ ਅੰਕ ਵਿੱਚ ਛਪੇ ਇੱਕ ਆਰਟੀਕਲ ਅਨੁਸਾਰ ਜੰਗਾਂ ਜਾਂ ਘਰੇਲੂ ਖਾਨਾਜੰਗੀ ਵਿੱਚ ਉਲਝੇ ਦੇਸ਼ਾਂ ਵਿੱਚ ਹਰ ਰੋਜ਼ ਪੰਜ ਸੌ ਔਰਤਾਂ ਗਰਭ ਅਵਸਥਾ ਅਤੇ ਜਣੇਪੇ ਦੀਆਂ ਉਲਝਣਾਂ ਅਤੇ ਡਾਕਟਰੀ ਸਹਾਇਤਾ ਦੀ ਤੋਟ ਕਰਕੇ ਮੌਤ ਦੇ ਮੂੰਹ ਜਾ ਪੈਂਦੀਆਂ ਹਨ। ਲੀ ਐਂਡ ਨਗਿਊਨ ਵੱਲੋਂ ‘ਦ ਲੌਂਗ-ਰਨ ਈਫੈਕਟਸ ਆਫ਼ ਵਾਰ:ਏ ਲਿਟਰੇਚਰ ਰਿਵਿਊ’ ਵਿੱਚ 1990 ਤੋਂ 2018 ਤੱਕ ਹਿੰਸਾਗ੍ਰਸਤ 53 ਮੁਲਕਾਂ ਵਿੱਚ ਜਨਮ ਸਮੇਂ ਬੱਚਿਆਂ ਦੇ ਭਾਰ ਦਾ ਵਿਸ਼ਲੇਸ਼ਣ ਕੀਤਾ ਗਿਆ, ਜਿਸ ਵਿੱਚ ਉਹਨਾਂ ਪਾਇਆ ਕਿ ਗਰਭ ਅਵਸਥਾ ਦੀ ਪਹਿਲੀ ਤਿਮਾਹੀ ਦੌਰਾਨ ਜਿਹਨਾਂ ਗਰਭਵਤੀ ਔਰਤਾਂ ਨੂੰ ਜੰਗੀ ਜਾਂ ਖਾਨਾਜੰਗੀ ਵਾਲੇ ਮਾਹੌਲ ਵਿੱਚ ਰਹਿਣਾ ਪਿਆ, ਉਹਨਾਂ ਦੇ ਬੱਚਿਆਂ ਦਾ ਜਨਮ ਸਮੇਂ ਭਾਰ 2.8 ਪ੍ਰਤੀਸ਼ਤ ਘੱਟ ਸੀ। ਅਨਪੜ੍ਹ ਅਤੇ ਘੱਟ ਆਮਦਨੀ ਵਾਲੀਆਂ ਮਾਵਾਂ ਇਸ ਵਰਤਾਰੇ ਦੀਆਂ ਵੱਧ ਪੀੜਤ ਸਨ।

ਜਦੋਂ ਆਦਮੀ ਜੰਗ ਦੇ ਮੁਹਾਜ਼ ’ਤੇ ਜਾਂਦੇ ਹਨ ਤਾਂ ਘਰ ਦੇ ਗੁਜ਼ਾਰੇ ਦਾ ਦਾਰੋਮਦਾਰ ਔਰਤਾਂ ਦੇ ਸਿਰ ਆ ਪੈਂਦਾ ਹੈ। ‘ਵੂਮੈਨ ਐਂਡ ਵਰਕ ਇਨ ਇਰਾਨ’ ਮੁਤਾਬਿਕ ਈਰਾਨ-ਇਰਾਕ ਜੰਗ ਦੌਰਾਨ ਔਰਤਾਂ ਨੂੰ ਰੁਜ਼ਗਾਰ ਦੇ ਉਹਨਾਂ ਖੇਤਰਾਂ ਵਿੱਚ ਵੀ ਕੰਮ ਕਰਨਾ ਪਿਆ, ਜਿਹੜਾ ਪਹਿਲਾਂ ਉਹਨਾਂ ਲਈ ਵਰਜਿਤ ਸੀ। ਕਈ ਕੰਮ ਤਾਂ ਅਜਿਹੇ ਹਨ, ਜਿਹੜੇ ਔਰਤਾਂ ਨੂੰ ਪਹਿਲੀ ਵਾਰ ਕਰਨੇ ਪਏ। ਇਹ ਵਰਤਾਰਾ ਅਫ਼ਰੀਕੀ ਦੇਸ਼ਾਂ ਲਾਇਬੇਰੀਆ ਅਤੇ ਰਵਾਂਡਾ ਦੀ ਘਰੇਲੂ ਖਾਨਾਜੰਗੀ ਦੌਰਾਨ ਵੀ ਵੇਖਿਆ ਗਿਆ ਸੀ। ਅਮਰੀਕੀ-ਬ੍ਰਿਟਿਸ਼ ਫੌਜੀ ਅੱਡਾ ਬਣਾਉਣ ਲਈ ਡੀਗੋ ਗਾਰਸੀਆ ਤੋਂ ਉਜਾੜੇ ਉੱਥੋਂ ਦੇ ਵਸਨੀਕਾਂ ਨੂੰ ਮਾਲਦੀਵ ਅਤੇ ਸੇਸਲਜ ਵਿੱਚ ਭੇਜਿਆ ਗਿਆ।ਇਸ ਨਾਲ ਉਹਨਾਂ ਲੋਕਾਂ ਦਾ ਸਮੁੱਚਾ ਸਮਾਜਿਕ-ਆਰਥਿਕ ਢਾਂਚਾ ਖਤਮ ਹੋ ਗਿਆ। ਮਜਬੂਰੀਵੱਸ ਉਹਨਾਂ ਲੋਕਾਂ ਨੂੰ ਅਜਿਹੇ ਕੰਮ ਕਰਨੇ ਪਏ, ਜਿਹਨਾਂ ਦੇ ਉਹ ਆਦੀ ਨਹੀਂ ਸਨ। ਇੱਥੋਂ ਤੱਕ ਕਿ ਔਰਤਾਂ ਦਾ ਇੱਕ ਹਿੱਸਾ ਘਰ ਚਲਾਉਣ ਲਈ ਮਜਬੂਰੀ ਵੱਸ ਵੇਸਵਾਗਮਨੀ ਦੇ ਕਿੱਤੇ ਵਿੱਚ ਵੀ ਪੈ ਗਿਆ।



17 ਸਤੰਬਰ 2016 ਨੂੰ ਯੂ ਐੱਨ ਵਿੱਚ ਪੇਸ਼ ਰਿਪੋਰਟ ਅਨੁਸਾਰ ਔਰਤਾਂ ਜੰਗਾਂ ਵਿੱਚ ਜ਼ਿਆਦਾ ਪ੍ਰਭਾਵਿਤ ਹੁੰਦੀਆਂ ਹਨ, ਕਿਉਂਕਿ ਇਸ ਨਾਲ ਪਹਿਲਾਂ ਤੋਂ ਹੀ ਮੌਜੂਦ ਲਿੰਗ ਅਸਮਾਨਤਾ ਹੋਰ ਵਧ ਜਾਂਦੀ ਹੈ, ਰੱਖਿਆਤਮਕ ਸਮਾਜਿਕ ਢਾਂਚਾ ਤਹਿਸ-ਨਹਿਸ ਹੋ ਜਾਂਦਾ ਹੈ। ਜੰਗ ਦੌਰਾਨ ਬਲਾਤਕਾਰ ਇੱਕ ਵੱਡੇ ਜੁਰਮ ਦੇ ਤੌਰ ’ਤੇ ਪ੍ਰਗਟ ਹੁੰਦਾ ਹੈ, ਜਿਸ ਦੀਆਂ ਸ਼ਿਕਾਰ ਔਰਤਾਂ ਹੁੰਦੀਆਂ ਹਨ। ਇਹ ਔਰਤਾਂ ਪ੍ਰਤੀ ਬੇਖੌਫ ਅਤੇ ਵਹਿਸ਼ੀ ਲਿੰਗ ਹਿੰਸਾ ਦਾ ਰੂਪ ਹੁੰਦਾ ਹੈ। ‘ਰੀਵਿਊ ਆਫ਼ ਇੰਟਰਨੈਸ਼ਨਲ ਸਟਡੀਜ਼’ ਵਿੱਚ 2007 ਵਿੱਚ ਰਿਪੋਰਟ ਅਨੁਸਾਰ ਦੁਸ਼ਮਣ ਫੌਜਾਂ ਅਜਿਹਾ ਅਕਸਰ ਔਰਤਾਂ ਨੂੰ ਭੈਅਭੀਤ ਕਰਨ ਅਤੇ ਵਿਰੋਧੀ ਧਿਰ ਨੂੰ ਜ਼ਲੀਲ ਕਰਨ ਲਈ ਕਰਦੀਆਂ ਹਨ। ਜਾਪਾਨੀਆਂ ਦੁਆਰਾ ਕੋਰੀਆਈ, ਚੀਨੀ ਅਤੇ ਸਮੁੱਚੇ ਦੱਖਣ-ਪੂਰਬ ਏਸ਼ੀਆ ਦੇ ਮੁਲਕਾਂ ਦੀਆਂ ਔਰਤਾਂ ’ਤੇ ਢਾਹਿਆ ਜ਼ੁਲਮ ਇਤਿਹਾਸ ਦਾ ਇੱਕ ਸ਼ਰਮਨਾਕ ਪੰਨਾ ਹੈ, ਜਦੋਂ ‘ਲਿੰਗ ਗੁਲਾਮੀ’ (Sexual Slaver) ਨੂੰ ਇੱਕ ਜੰਗੀ ਹਥਿਆਰ ਦੇ ਤੌਰ ’ਤੇ ਵਰਤਿਆ ਗਿਆ। ਇਸ ਨਰਕਨੁਮਾ ਜ਼ਿੰਦਗੀ ਵਿੱਚੋਂ ਬਚੀ ਇੱਕ ਕੋਰੀਆਈ ਔਰਤ ਲੰਗ ਸੂ ਲੀ ਨੇ ਸਾਲ 2007 ਵਿੱਚ ਅਮਰੀਕਾ ਦੇ ਹਾਊਸ ਆਫ ਰੀਪਰੈਜ਼ੰਟੈਟਿਵ ਦੀ ਵਿਦੇਸ਼ੀ ਮਾਮਲਿਆਂ ਸੰਬੰਧੀ ਕਮੇਟੀ ਮੂਹਰੇ ਆਪਣੀ ਅਤੇ ਬਾਕੀ ਜੰਗੀ ਕੈਦੀ ਔਰਤਾਂ ਦੀ ਦਰਦਨਾਕ ਕਹਾਣੀ ਬਿਆਨ ਕੀਤੀ ਸੀ। ਇਸ ਤੋਂ ਬਾਅਦ ਅਮਰੀਕੀ ਸਦਨ ਦੇ ਮਤਾ ਨੰਬਰ 121 ਰਾਹੀਂ ਜਾਪਾਨ ਨੂੰ ਇਹਨਾਂ ਸਾਰੇ ਜੰਗੀ ਅਪਰਾਧਾਂ ਦੀ ਜ਼ਿੰਮੇਵਾਰੀ ਓਟਣ ਦੀ ਤਾਕੀਦ ਕੀਤੀ ਸੀ।

‘ਬੀਜਿੰਗ ਡੈਕਲੇਰੇਸ਼ਨ ਐਂਡ ਪਲੇਟਫਾਰਮ ਫਾਰ ਐਕਸ਼ਨ’ ਅਨੁਸਾਰ ਜੰਗਾਂ ਦੌਰਾਨ ਔਰਤਾਂ ’ਤੇ ਜ਼ੁਲਮ ਇੱਕ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਹੈ ਜਿਸ ਵੱਲ ਫੌਰੀ ਤੌਰ ’ਤੇ ਧਿਆਨ ਦੇਣ ਦੀ ਲੋੜ ਹੈ। ਇਸ ਦਾ ਸਭ ਤੋਂ ਮਾੜਾ ਪੱਖ ਹੈ ਕਿ ਬਲਾਤਕਾਰ ਦੇ ਦੋਸ਼ੀ ਜੰਗੀ ਅਪਰਾਧੀਆਂ ਨੂੰ ਸਜ਼ਾ ਵੀ ਨਹੀਂ ਮਿਲਦੀ। ਲੈਸਲੀ ਥਾਮਸ ਦੁਆਰਾ ਨਿਰਦੇਸ਼ਤ ਫਿਲਮ ‘ਦ ਪ੍ਰੋਸੀਕਿਊਟਰ’ ਕਾਂਗੋ, ਬੋਸਨੀਆ-ਹਰਜੇਗੋਵਨੀਆ ਅਤੇ ਕੋਲੰਬੀਆ ਦੇਸ਼ਾਂ ਵਿੱਚ ਵਾਪਰੇ ਇਹਨਾਂ ਵਰਤਾਰਿਆਂ ਨੂੰ ਉਜਾਗਰ ਕਰਦੀ ਹੈ।

ਜੰਗੀ ਜਾਂ ਘਰੇਲੂ ਖਾਨਾਜੰਗੀ ਖੇਤਰਾਂ, ਹਰ ਵਿਅਕਤੀ ਮਾਨਸਿਕ ਸਿਹਤ ਪੱਖੋਂ ਵੀ ਪ੍ਰਭਾਵਿਤ ਹੁੰਦਾ ਹੈ। ਔਰਤਾਂ ਦੀ ਸਥਿਤੀ ਹੋਰ ਵੀ ਬਦਤਰ ਬਣ ਜਾਂਦੀ ਹੈ। ‘ਗਰਲਜ਼ ਟੂਵਾਰਡਜ਼ ਲੀਡਰਸ਼ਿਪ’ ਦੀ ਬਾਨੀ ਮੁਰਸਾਲੀਨਾ ਆਮੀਨ ਨੇ ਲਗਾਤਾਰ ਜੰਗੀ ਹਾਲਤਾਂ ਜਾਂ ਘਰੇਲੂ ਕਲੇਸ਼ ਦਾ ਸਾਹਮਣਾ ਕਰ ਰਹੀਆਂ ਅਫ਼ਗਾਨ ਔਰਤਾਂ ਦਾ ਅਧਿਐਨ ਕੀਤਾ ਹੈ। ਉਹ ਲਿਖਦੀ ਹੈ, ‘ਸੱਠ ਪ੍ਰਤੀਸ਼ਤ ਔਰਤਾਂ ਦੀ ਮਾਨਸਿਕ ਸਿਹਤ ਜਾਂ ਖਰਾਬ ਸੀ ਜਾਂ ਫਿਰ ਬਹੁਤ ਹੀ ਖਰਾਬ। ਉਹਨਾਂ ਵਿੱਚੋਂ ਵੀ ਅੱਠ ਪ੍ਰਤੀਸ਼ਤ ਵਿੱਚ ਖੁਦਕੁਸ਼ੀ ਦੇ ਰੁਝਾਨ ਪਾਏ ਗਏ। ਉਹ ਜਦੋਂ ਵੀ ਆਪਣਾ ਦੁੱਖ ਦੱਸਣ ਦੀ ਕੋਸ਼ਿਸ਼ ਕਰਦੀਆਂ ਤਾਂ ਉਹਨਾਂ ਵਿੱਚੋਂ ਬਹੁਤੀਆਂ ਦੀ ਭੁੱਬ ਨਿਕਲ ਜਾਂਦੀ, ਸ਼ਾਇਦ ਉਹਨਾਂ ਕੋਲ ਸ਼ਬਦ ਮੁੱਕ ਜਾਂਦੇ ਸਨ।’ ਤਾਲਿਬਾਨ ਦੇ ਸ਼ਾਸਨ ਨੇ ਅਫਗਾਨ ਔਰਤਾਂ ਦੀ ਸਥਿਤੀ ਹੋਰ ਵੀ ਬਦਤਰ ਕਰ ਦਿੱਤੀ ਹੈ। ਗਾਜ਼ਾ ਵਿੱਚ ਹੋਈ ਤਬਾਹੀ ਕਰਕੇ ਨੱਬੇ ਪ੍ਰਤੀਸ਼ਤ ਤੋਂ ਉੱਪਰ ਜਨਤਾ ਕੋਲ ਸੈਨੇਟਰੀ ਸੇਵਾਵਾਂ ਸਹਿਤ ਹਰ ਚੀਜ਼ ਦੀ ਥੁੜ ਪੈਦਾ ਕਰ ਦਿੱਤੀ ਹੈ, ਸਿੱਟੇ ਵਜੋਂ ਔਰਤਾਂ ਨੂੰ ਭੀੜ-ਭੜੱਕੇ ਵਾਲੇ ਸੈਲਟਰ ਹੋਮ ਵਿੱਚ ਗੁਜ਼ਾਰਾ ਕਰਨਾ ਪੈਂਦਾ ਹੈ, ਜਿੱਥੇ ਕੋਈ ਨਿੱਜਤਾ ਵੀ ਨਹੀਂ ਹੁੰਦੀ। ਪਚੱਤਰ ਪ੍ਰਤੀਸ਼ਤ ਫ਼ਲਸਤੀਨੀ ਔਰਤਾਂ ਉਦਾਸੀ ਰੋਗ ਦਾ ਸ਼ਿਕਾਰ ਹਨ, ਪੈਂਹਠ ਪ੍ਰਤੀਸ਼ਤ ਡਰਾਉਣੇ ਸੁਪਨਿਆਂ ਕਰਕੇ ਉੱਭੜਵਾਹੇ ਉੱਠ ਬੈਠਦੀਆਂ ਹਨ। ਗਾਜ਼ਾ ਦੇ ਹਸਪਤਾਲਾਂ ਨੂੰ ਨੇਤਨਯਾਹੂ ਦੀ ਇਜ਼ਰਾਈਲੀ ਫੌਜ ਵੱਲੋਂ ਕੀਤੀ ਬੰਬਾਰੀ ਨੇ ਨੇਸਤੋਨਾਬੂਦ ਕਰ ਦਿੱਤਾ ਹੈ, ਜਿੱਥੋਂ ਉਹ ਕੋਈ ਡਾਕਟਰੀ ਸਹਾਇਤਾ ਲੈ ਸਕਦੀਆਂ। ਉਲਟਾ ਉਹਨਾਂ ਨੂੰ ਆਪੋ ਆਪਣੇ ਟੱਬਰਾਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਵੀ ਚੁੱਕਣੀ ਪੈਂਦੀ ਹੈ।

ਇਸੇ ਤਰ੍ਹਾਂ ਜਾਰਜੀਆ ਵਿੱਚ ਕੋਈ ਦੋ ਲੱਖ ਤੋਂ ਉੱਪਰ ਲੋਕਾਂ ਨੂੰ ਆਪਣੇ ਘਰ-ਬਾਰ ਛੱਡ ਕੇ ਸ਼ੈਲਟਰ ਹੋਮਾਂ ਵਿੱਚ ਸ਼ਰਨ ਲੈਣੀ ਪਈ। ‘ਵੂਮੈਨ ਇਨਫਾਰਮੇਸ਼ਨ ਸੈਂਟਰ’ ਦੀ ਇਲੀਨਾ ਰੁਸਟੇਕੀਆ ਮੁਤਾਬਿਕ ਇਹਨਾਂ ਹਾਲਤਾਂ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਔਰਤਾਂ ਉਦਾਸੀ ਰੋਗ ਦੀਆਂ ਦਵਾਈਆਂ ਲੈ ਰਹੀਆਂ ਸਨ। ਯੂਕਰੇਨ ਵਿੱਚ ਵੀ 2022 ਦੀ ਜੰਗ ਤੋਂ ਬਾਅਦ ਲਿੰਗ ਹਿੰਸਾ ਦੇ ਕੇਸਾਂ ਵਿੱਚ ਛੱਤੀ ਪ੍ਰਤੀਸ਼ਤ ਵਾਧਾ ਦਰਜ ਕੀਤਾ ਗਿਆ। ਬੇਰੁਜ਼ਗਾਰੀ ਦੇ ਵਧਣ ਨਾਲ ਔਰਤਾਂ ਨੂੰ ਨਿਗੂਣੀਆਂ ਉਜਰਤਾਂ ਤੇ ਵੱਧ ਘੰਟੇ ਕੰਮ ਕਰਨ ’ਤੇ ਮਜਬੂਰ ਹੋਣਾ ਪੈ ਰਿਹਾ ਹੈ। ਸਿੱਟਾ ਬਿਆਲੀ ਪ੍ਰਤੀਸ਼ਤ ਔਰਤਾਂ ਉਦਾਸੀ ਰੋਗ ਸਮੇਤ ਮਾਨਸਿਕ ਤੌਰ ’ਤੇ ਪੀੜਤ ਹਨ। ਘਰੋਂ ਬੇਘਰ ਹੋਈਆਂ ਔਰਤਾਂ ਦੀ ਮਾਨਸਿਕ ਹਾਲਤ ਤਾਂ ਹੋਰ ਵੀ ਮਾੜੀ ਹੈ, ਕਿਉਂਕਿ ਉਹਨਾਂ ਨੂੰ ਲੋੜੀਂਦੀ ਡਾਕਟਰੀ ਸਹਾਇਤਾ ਮਿਲਣੀ ਅਸੰਭਵ ਹੈ।

ਲੰਮੇ ਸਮੇਂ ਤੋਂ ਇਜ਼ਰਾਈਲੀ ਹਮਲੇ ਝੱਲੇ ਰਹੇ ਬੈਰੂਤ (ਲਿਬਨਾਨ) ਵਿੱਚ ‘ਵਰਲਡ ਸਾਈਕੈਟਰੀ’ ਵਿੱਚ ਛਪੇ 10 ਤੋਂ 16 ਸਾਲ ਦੇ ਮਾਨਸਿਕ ਤੌਰ ’ਤੇ ਬਿਮਾਰ 224 ਬੱਚਿਆਂ ’ਤੇ ਹੋਏ ਇੱਕ ਅਧਿਐਨ ਵਿੱਚ ਖੁਲਾਸਾ ਹੋਇਆ ਕਿ ਉਹਨਾਂ ਦੀਆਂ ਮਾਵਾਂ ਵੀ ਜੰਗੀ ਮਾਹੌਲ ਕਾਰਨ ਮਾਨਸਿਕ ਤੌਰ ’ਤੇ ਬਿਮਾਰ ਸਨ।

‘ਵੂਮੈਨ ਇਨ ਵਾਰ ਪ੍ਰੋਗਰਾਮ’ ਦੇ ਸੰਸਥਾਪਕ ਡਾਇਰੈਕਟਰ ਜੋਸਿਲਿਨ ਕੈਲੀ ਨੇ ‘ਹਾਰਵਰਡ ਹੁਮੈਨੀਟੇਰੀਅਨ ਇੰਸਟੀਏਟਿਵ’ ਤਹਿਤ ਘਰੇਲੂ ਖਾਨਾਜੰਗੀ ਦਾ ਸ਼ਿਕਾਰ ਕੁੱਝ ਅਫ਼ਰੀਕੀ ਮੁਲਕਾਂ ਦਾ ਦੌਰਾ ਕੀਤਾ। ਕਾਂਗੋ ਵਿੱਚ ਉਸ ਨੇ ਪਾਇਆ ਕਿ ਜੋ ਨੌਜਵਾਨ ਹਿੰਸਕ ਸਰਗਰਮੀਆਂ ਵਿੱਚ ਸ਼ਾਮਲ ਸਨ, ਹਾਲਾਤ ਨਾਰਮਲ ਹੋਣ ਤੋਂ ਬਾਅਦ ਉਹਨਾਂ ਦੀ ਹਿੰਸਕ ਪ੍ਰਵਿਰਤੀ ਕਾਇਮ ਰਹਿੰਦੀ ਹੈ, ਜਿਹੜੀ ਫਿਰ ਪਰਵਾਰਾਂ ਵਿੱਚ, ਖਾਸ ਕਰਕੇ ਔਰਤਾਂ ’ਤੇ ਹਿੰਸਾ ਕਰਦੀ ਹੈ। ਕੋਇਟ ਡੀ ਆਵਾਰੀ, ਕੀਨੀਆ ਅਤੇ ਲਾਇਬੇਰੀਆ ਵਿੱਚ ਖਾਨਾਜੰਗੀ ਬੰਦ ਹੋਣ ਤੋਂ ਬਾਅਦ ਵੀ ਸੰਗੀ-ਸਾਥੀ ਦੀ ਹਿੰਸਾ (Intimate Partner Violence) ਵੱਧ ਰੂਪ ਵਿੱਚ ਔਰਤਾਂ ਨੂੰ ਝੱਲਣੀ ਪਈ। ਕੀਨੀਆ ਅਤੇ ਲਾਇਬੇਰੀਆ ਵਿੱਚ ਤਾਂ ਇਸ ਹਿੰਸਾ ਦੀ ਵਾਧਾ ਦਰ ਪੰਜਾਹ ਪ੍ਰਤੀਸ਼ਤ ਤੋਂ ਵੀ ਵੱਧ ਸੀ। ਇਸ ਹਿੰਸਾ ਦਾ ਬੁਰਾ ਪ੍ਰਭਾਵ ਬੱਚਿਆਂ ’ਤੇ ਵੀ ਪੈਂਦਾ ਹੈ ਅਤੇ ਵੱਡੇ ਹੋ ਕੇ ਵੀ ਉਹਨਾਂ ਦੀ ਸ਼ਖ਼ਸੀਅਤ ਇਸ ਹਿੰਸਕ ਪ੍ਰਵਿਰਤੀ ਦਾ ਸ਼ਿਕਾਰ ਹੁੰਦੀ ਹੈ।

**ਚੌਗਿਰਦੇ ਦਾ ਸੱਤਿਆਨਾਸ਼ :**

ਇਜ਼ਰਾਈਲ ਵੱਲੋਂ ਕੀਤੀ ਬੰਬਾਰੀ ਨਾਲ ਫਲਸਤੀਨ ਦਾ ਵੱਡਾ ਹਿੱਸਾ ਫਸਲਾਂ ਉਗਾਉਣ ਦੇ ਕਾਬਲ ਨਹੀਂ ਰਿਹਾ। ਅੱਸੀ ਪ੍ਰਤੀਸ਼ਤ ਰੁੱਖ ਖਤਮ ਕਰ ਦਿੱਤੇ ਗਏ ਹਨ, ਪੰਜਾਹ ਫ਼ੀਸਦੀ ਤੋਂ ਵੱਧ ਫ਼ਲਸਤੀਨੀ ਧਰਤੀ ਫਸਲ ਉਗਾਉਣ ਦੇ ਕਾਬਲ ਨਹੀਂ ਰਹੀ। ਤਕਰੀਬਨ 130,000 ਕਿਊਸਿਕ ਮੀਟਰ ਅਣ-ਸੋਧਿਆ ਸੀਵਰੇਜ ਸਮੁੰਦਰ ਵਿੱਚ ਪੈ ਰਿਹਾ ਹੈ, ਕਿਉਂਕਿ ਸੀਵਰੇਜ ਸਿਸਟਮ ਤਬਾਹ ਕਰ ਦਿੱਤਾ ਗਿਆ ਹੈ। ਕੋਈ ਸੱਠ ਮਿਲੀਅਨ ਟਨ ਤੋਂ ਵੱਧ ਮਲਬਾ ਜਿਸ ਵਿੱਚ ਅੱਸੀ ਪ੍ਰਤੀਸ਼ਤ ਤੋਂ ਜ਼ਿਆਦਾ ਢੱਠੀਆਂ ਇਮਾਰਤਾਂ ਅਤੇ ਇਹਨਾਂ ਵਿੱਚ ਮਨੁੱਖੀ ਅਤੇ ਜਾਨਵਰਾਂ ਦੇ ਪਿੰਜਰ ਵਾਤਾਵਰਨ ਨੂੰ ਪਲੀਤ ਕਰ ਰਹੇ ਹਨ। ਜੇਕਰ ਰੋਜ਼ਾਨਾ ਢਾਈ ਸੌ ਟਰੱਕ ਵੀ ਇਹ ਮਲਬਾ ਚੱਕਣ ਤਾਂ ਪੰਦਰਾਂ ਸਾਲ ਤੋਂ ਵੱਧ ਸਮਾਂ ਲੱਗੇਗਾ। ਇੱਕ ਅਧਿਐਨ ਮੁਤਾਬਕ ਇਕੱਲੇ ਸਾਲ 2021 ਵਿੱਚ ਹੀ 54 ਅਜਿਹੇ ਟਕਰਾਅ ਹੋਏ, ਜਿਹਨਾਂ ਨੇ ਬਨਸਪਤੀ ਅਤੇ ਜੀਵਾਂ ਨੂੰ ਨੁਕਸਾਨ ਪਹੁੰਚਾਇਆ ਸੀ।

ਜੰਗਾਂ-ਯੁੱਧਾਂ ਨਾਲ ਹੋਈ ਜ਼ਹਿਰੀਲੀ ਧਰਤੀ, ਫ਼ੌਜੀ ਰਹਿੰਦ ਖੂੰਹਦ, ਗੈਰ-ਉਪਜਾਊ ਕੀਤੀ ਖੇਤੀ ਯੋਗ ਜ਼ਮੀਨ, ਦੂਸ਼ਿਤ ਹੋਏ ਪਾਣੀ ਦੇ ਸੋਮੇ ਅਤੇ ਜੀਵ ਜੰਤੂਆਂ ’ਤੇ ਪਏ ਬੁਰੇ ਪ੍ਰਭਾਵ ਸ਼ਾਇਦ ਹੀ ਕਦੇ ਕੋਈ ਗੱਲ ਕੀਤੀ ਗਈ ਹੋਵੇ। ਇਕੱਲੇ ਯੂਕਰੇਨ ਵਿੱਚ ਹੀ ਵਾਤਾਵਰਨ ਦੇ ਸੱਤਰ ਬਿਲੀਅਨ ਡਾਲਰ ਦੇ ਨੁਕਸਾਨ ਦਾ ਅਨੁਮਾਨ ਹੈ। ਬੰਬਾਂ, ਮਿਜ਼ਾਇਲਾਂ ਅਤੇ ਅੱਗਾਂ ਲੱਗਣ ਨਾਲ ਪਲੀਤ ਹੁੰਦੀ ਹਵਾ, ਪਾਣੀ ਦੇ ਸੋਮਿਆਂ ਵਿੱਚ ਰਲੇ ਤੇਲ ਅਤੇ ਰਸਾਇਣਾਂ ਨਾਲ ਮਰਦੇ ਜੀਵ ਜੰਤੂਆਂ ਦੇ ਨਾਲ-ਨਾਲ ਜਾਨਵਰਾਂ ਦੀਆਂ ਕੁਦਰਤੀ ਰਿਹਾਇਸ਼ਾਂ ਵੀ ਪ੍ਰਭਾਵਿਤ ਹੁੰਦੀਆਂ ਹਨ।

ਜੰਗਾਂ ਵਿੱਚ ਅਕਸਰ ਹੋਏ ਨੁਕਸਾਨ ਅਤੇ ਪੁਨਰ-ਉਸਾਰੀ ਵਾਸਤੇ ਮੁਆਵਜ਼ੇ ਦੀ ਗੱਲ ਹੁੰਦੀ ਹੈ, ਪਰ ਜਦੋਂ ਹਵਾ, ਜ਼ਮੀਨ ਅਤੇ ਪਾਣੀ ਨੂੰ ਹੋਏ ਨੁਕਸਾਨ ਦੀ ਗੱਲ ਹੁੰਦੀ ਹੈ ਤਾਂ ਲੰਮੀ ਚੁੱਪ ਪਸਰ ਜਾਂਦੀ ਹੈ। ਤਬਾਹ ਹੋਈ ਧਰਤੀ ਤੇ ਜੰਗਲਾਂ ਦਾ ਮੁੜ-ਉੱਗਣਾ ਜੇਕਰ ਨਾ-ਮੁਮਕਿਨ ਵੀ ਨਾ ਹੋਵੇ, ਫਿਰ ਵੀ ਸ਼ਾਇਦ ਦਹਾਕੇ ਜਾਂ ਸਦੀਆਂ ਬੀਤ ਜਾਣ ਜਦੋਂ ਜੰਗਲ ਮੁੜ ਹਰਾ-ਭਰਾ ਹੋ ਸਕੇ। ਤੇਲ, ਭਾਰੀ ਧਾਤਾਂ, ਜ਼ਹਿਰੀਲੇ ਰਸਾਇਣ, ਖੋਦੀਆਂ ਸੁਰੰਗਾਂ ਅਤੇ ਖਾਈਆਂ ਮਾਨੋ ਆਪੋ ਆਪਣੇ ਤਰੀਕੇ ਨਾਲ ‘ਮਾਤਾ ਧਰਤਿ ਮਹਤੁ’ ਨਾਲ ਯੁੱਧ ਲੜ ਰਹੇ ਹੋਣ। ਪਾਣੀ ਦੇ ਸੋਮੇ ਇੱਕ ਵਾਰ ਖਤਮ ਹੋਏ ਸ਼ਾਇਦ ਹੀ ਮੁੜ ਕਾਇਮ ਹੋ ਸਕਣ। ਕੁੱਝ ਜੀਵ ਪ੍ਰਜਾਤੀਆਂ ਖ਼ਤਰਨਾਕ ਹੱਦ ਤੱਕ ਅਲੋਪ ਹੋ ਜਾਂਦੀਆਂ ਹਨ। ਮੌਜ਼ੰਮਬੀਕ ਵਿੱਚ 1977-92 ਦਰਮਿਆਨ ਚੱਲੇ ਗ੍ਰਹਿ ਯੁੱਧ ਦੇ ਕੀਤੇ ਅਧਿਐਨ ਵਿੱਚ ਖੁਲਾਸਾ ਹੋਇਆ ਸੀ ਕਿ ਗੋਰੋਂਗੋਸਾ ਨੈਸ਼ਨਲ ਪਾਰਕ ਵਿੱਚ ਜਾਨਵਰਾਂ ਦੀ ਗਿਣਤੀ ਨੱਬੇ ਫੀਸਦੀ ਤੱਕ ਘਟ ਗਈ ਸੀ। ਫ਼ੌਜੀ ਸਰਗਰਮੀਆਂ ਸਮੁੱਚੇ ਇਕੋ ਸਿਸਟਮ ਦੇ ਟੁਕੜੇ ਕਰ ਦਿੰਦੀਆਂ ਹਨ। ਫ਼ੌਜੀ ਸਰਗਰਮੀਆਂ ਦਾ ਇੱਕ ਹੋਰ ਪਹਿਲੂ ਸ਼ੋਰ (Noise) ਹੈ। ਲਗਾਤਾਰ ਫ਼ੌਜੀ ਸ਼ੋਰ ਜਾਨਵਰਾਂ ਦੇ ਵਰਤਾਓ, ਆਵਾਜਾਈ ਰਾਹਾਂ (Migration Routes) ਅਤੇ ਜਣਨ ਚੱਕਰ (Breeding Cycles) ’ਤੇ ਬਹੁਤ ਹੀ ਮਾੜਾ ਪ੍ਰਭਾਵ ਪਾਉਂਦਾ ਹੈ, ਜਿਸ ਨਾਲ ਅਕਸਰ ਜੀਵ ਪ੍ਰਜਾਤੀਆਂ ਨੂੰ ਆਪਣੀਆਂ ਕੁਦਰਤੀ ਰਹਿਣ ਥਾਵਾਂ (Natural Habitats) ਛੱਡਣ ਲਈ ਮਜਬੂਰ ਹੋਣਾ ਪੈਂਦਾ ਹੈ ਅਤੇ ਇਸ ਨਾਲ ਉਹਨਾਂ ਦੇ ਪ੍ਰਲੋਪ ਹੋਣ ਦਾ ਖਤਰਾ ਵੀ ਵਧ ਜਾਂਦਾ ਹੈ।

ਇੱਕ ਅੰਗਰੇਜ਼ੀ ਸ਼ਬਦ ਈਕੋਲੋਜੀ (Ecology) ਹੈ, ਜਿਸ ਦਾ ਮਤਲਬ ਵਾਤਾਵਰਨ ਵਿਗਿਆਨ ਹੈ। ਈਕੋਸਾਈਡ ਸ਼ਬਦ ਯੂਨਾਨੀ (oikos ਮਤਲਬ ਘਰ) ਅਤੇ ਲਤੀਨੀ (caedere ਮਤਲਬ ਮਾਰਨਾ) ਭਾਸ਼ਾਵਾਂ ਦੇ ਜੋੜ ਰਾਹੀਂ ਹੋਂਦ ਵਿੱਚ ਆਇਆ ਸੀ। ਮੋਟੇ ਤੌਰ ’ਤੇ ਇਸ ਦਾ ਭਾਵ ਧਰਤੀ ਨੂੰ ਕਤਲ ਕਰਨਾ ਹੈ। ‘ਦ ਇਨਵੈਨਸ਼ਨ ਆਫ਼ ਈਕੋਸਾਈਡ’ ਦੇ ਅਮਰੀਕੀ ਲੇਖਕ ਡੇਵਿਡ ਜੀਰਲਰ ਨੇ ਈਕੋਸਾਈਡ ਨੂੰ ਵਾਤਾਵਰਨ ਨੂੰ ਨੇਸਤੋਨਾਬੂਦ ਕਰਨ ਨੂੰ ਜੰਗੀ ਹਥਿਆਰ ਦੇ ਤੌਰ ’ਤੇ ਪ੍ਰਭਾਸ਼ਿਤ ਕੀਤਾ ਸੀ ਜਦੋਂ ਅਮਰੀਕੀ ਧਾੜਵੀਆਂ ਨੇ 1961 ਤੋਂ 1971 ਤੱਕ ਦੇ ਦਹਾਕੇ ਵਿੱਚ ਵੀਅਤਨਾਮ, ਲਾਊਸ ਅਤੇ ਕੰਬੋਡੀਆ ਦੇ ਛੇ ਮਿਲੀਅਨ ਏਕੜ ਜੰਗਲਾਂ ਨੂੰ ਜੰਗੀ ਹਵਾਈ ਜਹਾਜ਼ਾਂ ਰਾਹੀਂ ‘ਏਜੰਟ ਆਰੇਂਜ’ ਨਾਂਅ ਦੇ ਵੀਹ ਮਿਲੀਅਨ ਗੈਲਨ ਰਸਾਇਣ ਦਾ ਸਪਰੇਅ ਨਾਲ ਖਤਮ ਕਰ ਦਿੱਤਾ ਸੀ। ਇਸ ਨਾਲ ਵੀਅਤਨਾਮੀ-ਜਾਵਾ ਗੈਂਡੇ, ਇੰਡੋ-ਚਾਈਨੀਜ਼ ਟਾਈਗਰ, ਏਸ਼ੀਅਨ ਹਾਥੀ ਆਦਿ ਜਾਨਵਰ ਖਤਮ ਹੋਣ ਦੇ ਕਿਨਾਰੇ ਪਹੁੰਚ ਗਏ ਸਨ। ਅਮਰੀਕਾ ਤਾਂ ਪੂਛ ਦਬਾ ਕੇ ਖਿਸਕ ਗਿਆ ਸੀ, ਪਰ ਵੀਅਤਨਾਮ ਦੇ ਜੰਗਲ ਹਾਲੇ ਵੀ ਸਾਹ ਲੈਣ ਨੂੰ ਤਰਸਦੇ ਹਨ।

ਰੂਸ-ਯੂਕਰੇਨ ਵਿੱਚ ਜਦੋਂ ਦੀ ਲੜਾਈ ਸ਼ੁਰੂ ਹੋਈ ਹੈ ਤਾਂ ਅੰਦਾਜ਼ਨ ਦਸ ਮਿਲੀਅਨ ਹੈਕਟੇਅਰ ਜੰਗਲ ਤਬਾਹ ਹੋ ਚੁੱਕੇ ਹਨ। ਕੋਈ 230 ਮਿਲੀਅਨ ਟਨ ਕਾਰਬਨ ਆਕਸਾਈਡ ਦੇ ਬਰਾਬਰ ਗ੍ਰੀਨਹਾਊਸ ਗੈਸਾਂ ਪੈਦਾ ਹੋਈਆਂ ਹਨ। ਐਨੀਆਂ ਗ੍ਰੀਨਹਾਊਸ ਗੈਸਾਂ ਤਕਰੀਬਨ ਪੰਜਾਹ ਮਿਲੀਅਨ ਕਾਰਾਂ ਇੱਕ ਸਾਲ ਵਿੱਚ ਪੈਦਾ ਕਰਦੀਆਂ ਹਨ। ਛੇ ਜੂਨ 2023 ਨੂੰ ਰੂਸੀ ਹਮਲੇ ਵਿੱਚ ਯੂਕਰੇਨ ਦਾ ਨੋਵਾ ਰਾਖੋਵਕਾ ਡੈਮ ਟੁੱਟ ਗਿਆ, ਜਿਸ ਨਾਲ ਹਜ਼ਾਰਾਂ ਏਕੜ ਖੇਤਰ ਵਿੱਚ ਵੀਹ-ਵੀਹ ਫੁੱਟ ਪਾਣੀ ਭਰ ਗਿਆ। ਮੌਤਾਂ ਤੋਂ ਇਲਾਵਾ ਹਜ਼ਾਰਾਂ ਘਰ ਬਰਬਾਦ ਹੋਏ, ਫਸਲਾਂ ਬਰਬਾਦ ਹੋਈਆਂ ਅਤੇ ਕਿੰਨੇ ਪਰਵਾਰ ਬੇਘਰ ਹੋਏ ਹੋਣਗੇ? ਡੈਮ ਤੋਂ ਆਈ ਕੋਈ 83000 ਟਨ ਗਾਦ (Silt) ਜਿਸ ਵਿੱਚ ਤਾਂਬਾ, ਕੈਡਮੀਅਮ, ਨਿਕਲ ਆਦਿ ਭਾਰੀ ਧਾਤਾਂ ਸਨ, ਉਹ ਜ਼ਮੀਨ ਵਿੱਚ ਰਲ ਗਈਆਂ । ਇੱਕ ਸੌ ਪੰਜਾਹ ਟਨ ਸਨਅਤੀ ਰਹਿੰਦ-ਖੂੰਹਦ ਡਨਾਈਪਰੋ ਨਦੀ ਵਿੱਚ ਰਲ ਗਈ, ਜਿਸ ਨਾਲ ਪੀਣ ਵਾਲੇ ਪਾਣੀ ਦਾ ਸੰਕਟ ਵੀ ਪੈਦਾ ਹੋ ਗਿਆ। ਯੇਲ ਸਕੂਲ ਆਫ਼ ਐਨਵਾਇਰਮੈਂਟ ਬੰਬਾਰੀ ਅਤੇ ਮਿਜ਼ਾਇਲਾਂ/ਡਰੋਨਾਂ ਵਿੱਚੋਂ ਨਿਕਲੇ 1600 ਮਿਲੀਅਨ ਟਨ ਕਣ ਹਵਾ ਨੂੰ ਪ੍ਰਦੂਸ਼ਿਤ ਕਰ ਰਹੇ ਹਨ। ਤੀਹ ਪ੍ਰਤੀਸ਼ਤ ਯੂਕਰੇਨੀ ਧਰਤੀ ਫਸਲ ਉਗਾਉਣ ਦੇ ਕਾਬਲ ਨਹੀਂ ਰਹੀ। ਨੀਦਰਲੈਂਡ ਸਥਿਤ ਪੀਸ ਸੰਸਥਾ ਪੀ ਏ ਐਕਸ ਨੇ ਵੀ ਇਸ ਰਿਪੋਰਟ ਦੀ ਪੁਸ਼ਟੀ ਕੀਤੀ ਹੈ।

ਧਰਤੀ ’ਤੇ ਪੈਣ ਵਾਲੇ ਨਾਕਾਰਾਤਮਕ ਜੰਗੀ ਪ੍ਰਭਾਵ ਭਵਿੱਖ ਵਿੱਚ ਅਨਾਜ ਦੀ ਘੱਟ ਪੈਦਾਵਾਰ ਨਿਕਲਦੇ ਹਨ, ਜਿਸ ਨਾਲ ਭੁੱਖਮਰੀ ਦੀਆਂ ਹਾਲਤਾਂ ਵਿਕਸਤ ਹੋ ਜਾਂਦੀਆਂ ਹਨ।

1990-91 ਦੌਰਾਨ ਯੂਗੋਸਲਾਵੀਆ ਦੇ ਘਰੇਲੂ ਯੁੱਧ ਵਿੱਚ ਨਾਟੋ ਦੇਸ਼ਾਂ ਵੱਲੋਂ ਸਰਬੀਆ ਦੇ ਸਨਅਤੀ ਅਦਾਰਿਆਂ ’ਤੇ ਕੀਤੀ ਬੰਬਾਰੀ ਨੇ ਡੈਨੂਬੇ ਨਦੀ ਦਾ ਪਾਣੀ ਖਤਰਨਾਕ ਰਸਾਇਣਾਂ ਨਾਲ ਪਲੀਤ ਕਰ ਦਿੱਤਾ ਸੀ। ਇਹ ਨਦੀ ਜਰਮਨੀ ਵਿੱਚੋਂ ਸ਼ੁਰੂ ਹੋ ਕੇ ਕਾਲੇ ਸਾਗਰ ਵਿੱਚ ਸਮਾਉਣ ਤੋਂ ਪਹਿਲਾਂ 2850 ਕਿਲੋਮੀਟਰ ਪੈਂਡਾ ਦਸ ਯੂਰਪੀ ਦੇਸ਼ਾਂ ਵਿੱਚ ਤਹਿ ਕਰਦੀ ਹੈ ਅਤੇ ਅਨੇਕਾਂ ਸ਼ਹਿਰਾਂ ਦੀ ਜੀਵਨ ਰੇਖਾ ਹੈ। ਇਸੇ ਤਰ੍ਹਾਂ 1991 ਵਿੱਚ ਜਦੋਂ ਇਰਾਕੀ ਫੌਜਾਂ ਕੁਵੈਤ ਤੋਂ ਵਾਪਸ ਮੁੜ ਰਹੀਆਂ ਸਨ ਤਾਂ ਕੁਵੈਤ ਦੇ ਸੱਤ ਸੌ ਤੇਲ ਦੇ ਖੂਹ ਅੱਗ ਦੇ ਸਪੁਰਦ ਕਰ ਦਿੱਤੇ ਗਏ ਸਨ ਅਤੇ ਲੱਖਾਂ ਗੈਲਨ ਤੇਲ ਨੂੰ ਫਾਰਸ ਦੀ ਖਾੜੀ ਵਿੱਚ ਰਲਾ ਦਿੱਤਾ ਗਿਆ ਸੀ। ਸਦਾਮ ਹੁਸੈਨ ਵਿਰੁੱਧ ‘ਵਿਆਪਕ ਤਬਾਹੀ’ ਦੇ ਪ੍ਰਾਪੇਗੰਡੇ ਰਾਹੀਂ ਇਰਾਕ ’ਤੇ ਕੀਤੇ ਹਮਲੇ ਦੌਰਾਨ ਇਰਾਕ ਵਿੱਚ ਲੰਮੇ ਸਮੇਂ ਤੱਕ ਵਾਤਾਵਰਨ ਨੂੰ ਪਲੀਤ ਕੀਤਾ ਹੈ। ਇਸਲਾਮਿਕ ਸਟੇਟ ਅਤੇ ਅਮਰੀਕੀ ਫ਼ੌਜਾਂ ਵਿੱਚ ਚੱਲੇ ਜੰਗੀ ਸੰਘਰਸ਼ ਵਿੱਚ ਜਦੋਂ ਮੌਸੂਲ ਸ਼ਹਿਰ ਨੂੰ ਕਬਜ਼ੇ ਵਿੱਚ ਲੈਣ ਦੀ ਮੁਹਿੰਮ ਚੱਲੀ ਤਾਂ ਇਸਲਾਮਿਕ ਸਟੇਟ ਦੇ ਅੱਤਵਾਦੀਆਂ ਨੇ ਤੇਲ ਦੇ ਕੋਈ ਉੱਨੀ ਖੂਹਾਂ ਨੂੰ ਅੱਗ ਲਗਾ ਦਿੱਤੀ ਸੀ। ਕੁਆਰਾਹ ਕਸਬੇ ਵਿੱਚ ਸਲਫ਼ਰ ਦੀ ਇੱਕ ਫੈਕਟਰੀ ਦੀ ਤਬਾਹੀ ਕਾਰਨ ਸਾਰਾ ਵਾਤਾਵਰਣ ਪਲੀਤ ਹੋਇਆ। ਸਾਲ 2022 ਅਤੇ 2023 ਵਿੱਚ ਯੂ ਐੱਨ ਓ ਦੀ ਵਾਤਾਵਰਨ ਸੰਸਥਾ ਵੱਲੋਂ ਕੀਤੇ ਅਧਿਐਨ ਨੇ ਸਪੱਸ਼ਟ ਕੀਤਾ ਕਿ ਫੈਕਟਰੀਆਂ, ਇਮਾਰਤਾਂ ਅਤੇ ਸੀਵਰੇਜ ਸਿਸਟਮ ਨੂੰ ਪਹੁੰਚੇ ਨੁਕਸਾਨ ਕਰਕੇ ਟਿਗਰਿਸ ਨਦੀ ਦਾ ਪਾਣੀ ਵੀ ਭਾਰੀ ਧਾਤਾਂ ਨਾਲ ਪ੍ਰਦੂਸ਼ਤ ਹੋ ਚੁੱਕਿਆ ਹੈ। ਇਹਨਾਂ ਸਾਲਾਂ ਦੌਰਾਨ ਇੱਕ ਸੌ ਵੀਹ ਸੈਂਪਲ ਵੱਖ ਵੱਖ ਖੇਤਰਾਂ ਵਿੱਚ ਟਿਗਰਿਸ ਨਦੀ ਵਿੱਚੋਂ ਲਏ ਗਏ। ਅਧਿਐਨ ਮੁਤਾਬਕ ਕੈਡਮੀਅਮ, ਪਾਰਾ, ਬਿਜਲਈ ਚਾਲਕਾਂ (Electrical Conductivity), ਖਾਰਾਪਣ (Salinity) ਅਤੇ ਟੋਟਲ ਆਰਗੈਨਿਕ ਕਾਰਬਨ (Total Organic Carbon) ਟਿਗਰਿਸ ਨਦੀ ਦੇ ਕੰਢੇ ਵਸੇ ਮੌਸੂਲ ਸ਼ਹਿਰ ਅਤੇ ਨਾਲ ਲੱਗਦੇ ਖੇਤਰਾਂ ਵਿੱਚ ਸੰਸਾਰ ਸਿਹਤ ਸੰਗਠਨ (World Health Organisation) ਵੱਲੋਂ ਨਿਰਧਾਰਤ ਪੈਮਾਨਿਆਂ ਤੋਂ ਕਿਤੇ ਵੱਡੀ ਪੱਧਰ ’ਤੇ ਮੌਜੂਦ ਸਨ।

ਅਮਰੀਕਾ-ਇਜ਼ਰਾਈਲ ਵੱਲੋਂ ਈਰਾਨ ’ਤੇ ਕੀਤੇ ਹਮਲੇ ਨੇ ਵਾਤਾਵਰਣ ਵਿਗਾੜਾਂ ਲਈ ਨਵੀਂ ਚਿੰਤਾ ਪੈਦਾ ਕੀਤੀ ਹੈ। ਕਾਲੀ ਵਰਖਾ ਵਰਗੇ ਵਰਤਾਰੇ ਸਾਹਮਣੇ ਹਨ। ਗਾਰਡੀਅਨ ਅਖ਼ਬਾਰ ਵਿੱਚ ਛਪੀ ਰਿਪੋਰਟ ਅਨੁਸਾਰ ਜੰਗ ਦੇ ਪਹਿਲੇ ਚੌਦਾਂ ਦਿਨਾਂ ਵਿੱਚ ਹੀ ਨਸ਼ਟ ਹੋਈਆਂ ਇਮਾਰਤਾਂ, ਫ਼ੌਜੀ ਵਾਹਨਾਂ ਦੇ ਫ਼ਿਊਲ, ਤੇਲ ਫੈਕਟਰੀਆਂ ਤੇ ਬੰਬਾਰੀ, ਮਿਲਟਰੀ ਹਾਰਡਵੇਅਰ ਦੀ ਤਬਾਹੀ ਆਦਿ ਨਾਲ ਤਕਰੀਬਨ ਪੰਜ ਮਿਲੀਅਨ ਕਾਰਬਨ ਡਾਈਆਕਸਾਈਡ ਗੈਸ ਪੈਦਾ ਹੋ ਗਈ ਸੀ। ਐਨੀ ਕਾਰਬਨ ਡਾਈਆਕਸਾਈਡ ਗੈਸ ਚੁਰਾਸੀ ਛੋਟੇ ਦੇਸ਼ ਇੱਕ ਸਾਲ ਵਿੱਚ ਪੈਦਾ ਕਰਦੇ ਹਨ।

ਜੰਗਾਂ-ਯੁੱਧਾਂ ਵਿੱਚ ਵਾਤਾਵਰਨ ਨੂੰ ਜੰਗੀ ਹਥਿਆਰ ਦੇ ਤੌਰ ’ਤੇ ਵਰਤਣ ਦੀ ਪ੍ਰੰਪਰਾ ਪੁਰਾਣੀ ਹੈ। ਮਹਾਂਭਾਰਤ ਵਿੱਚ ਅਰਜਨ ਵੱਲੋਂ ਕਬਾਇਲੀਆਂ ਨੂੰ ਖਦੇੜਨ ਲਈ ਖਾਂਡਵਪ੍ਰਸਤ ਜੰਗਲਾਂ ਨੂੰ ਅੱਗ ਲਾਉਣ ਦਾ ਬਿਰਤਾਂਤ ਮਿਲਦਾ ਹੈ। ਇਸੇ ਤਰ੍ਹਾਂ ਪੰਜਵੀਂ ਈਸਾ ਪੂਰਵ ਜਦੋਂ ਈਰਾਨੀ ਫੌਜਾਂ ਯੂਰਪ ਵੱਲ ਅੱਗੇ ਵਧ ਰਹੀਆਂ ਸਨ ਤਾਂ ਸਕਾਈਥੀਅਨ ਫੌਜਾਂ ਨੇ ਪਿੱਛੇ ਹਟਣ ਤੋਂ ਪਹਿਲਾਂ ਪੱਕ ਚੁੱਕੀਆਂ ਫਸਲਾਂ ਨੂੰ ਅੱਗ ਲਗਾ ਦਿੱਤੀ ਸੀ ਅਤੇ ਖੂਹਾਂ ਵਿੱਚ ਜ਼ਹਿਰ ਮਿਲਾ ਦਿੱਤਾ ਸੀ।

ਵਾਤਾਵਰਨ ਨੂੰ ਨੁਕਸਾਨ ਜੰਗੀ ਸਮੇਂ ਜਾਂ ਉਸ ਤੋਂ ਬਾਅਦ ਹੀ ਨਹੀਂ ਹੁੰਦਾ, ਬਲਕਿ ਉਸ ਤੋਂ ਪਹਿਲਾਂ ਵੀ ਹੁੰਦਾ ਹੈ। ਕਨਫਲਿਕਟ ਐਂਡ ਐਨਵਾਇਰਮੈਂਟ ਅਬਜ਼ਰਬੇਟਰੀ (CEOBS) ਅਨੁਸਾਰ ਜੰਗਾਂ ਦੇ ਮਾੜੇ ਪ੍ਰਭਾਵ ਜੰਗਾਂ ਦੌਰਾਨ ਜਾਂ ਉਸ ਤੋਂ ਬਾਅਦ ਹੀ ਨਹੀਂ ਪ੍ਰਗਟ ਹੁੰਦੇ, ਬਲਕਿ ਪਹਿਲਾਂ ਵੀ ਮੌਜੂਦ ਹੁੰਦੇ ਹਨ। ਖੁਦ ਫੌਜੀ ਸਿਖਲਾਈ ਵੀ ਕੁਦਰਤੀ ਲੈਂਡਸਕੇਪ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਹਵਾ ਨੂੰ ਪਲੀਤ ਕਰਦੀ ਹੈ। ਇੰਟਰਨੈਸ਼ਨਲ ਡਾਇਲਾਗ ਆਨ ਅੰਡਰਵਾਟਰ ਮੁਨੀਸਨਜ ਜ਼ਮੀਨ ਅਤੇ ਸਾਗਰਾਂ ਦੇ ਅੰਦਰ ਰਹਿਣ ਵਾਲੇ ਪ੍ਰਾਣੀ ਵੀ ਪ੍ਰਭਾਵਿਤ ਹੁੰਦੇ ਹਨ। ਬਹੁਤ ਸਾਰੀਆਂ ਉਦਾਹਰਣਾਂ ਹਨ, ਜਦੋਂ ਫਾਲਤੂ ਜੰਗੀ ਸਾਮਾਨ ਨੂੰ ਸਮੁੰਦਰ ਵਿੱਚ ਸੁੱਟ ਦਿੱਤਾ ਗਿਆ, ਜਿਸ ਨਾਲ ਸਮੁੰਦਰ ਵਿੱਚ ਰਹਿਣ ਵਾਲੇ ਜੀਵ ਜੰਤੂਆਂ ਦੀ ਕੁਦਰਤੀ ਜ਼ਿੰਦਗੀ ਖਤਮ ਹੋ ਗਈ।

ਜੰਗਾਂ-ਯੁੱਧਾਂ ਵਿੱਚ ਵਾਤਾਵਰਨ ਦੀ ਤਬਾਹੀ ਕੋਈ ਆਰਜ਼ੀ ਵਰਤਾਰਾ ਨਹੀਂ, ਬਲਕਿ ਮਨੁੱਖਤਾ ਲਈ ਲੰਮੇ ਸਮੇਂ ਦਾ ਸਰਾਪ ਬਣ ਜਾਂਦੀ ਹੈ। ਹੁਣ ਜਦੋਂ ਦੁਨੀਆ ਬਾਰੂਦ ਦੇ ਢੇਰ ’ਤੇ ਬੈਠੀ ਹੈ ਅ ਤ

ਬਾਕੀ ਆਖਰੀ ਤੋਂ ਪਹਿਲੇ ਸਫ਼ੇ ’ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਸੰਸਾਰਕ ਗਤੀਸ਼ੀਲਤਾ ਦਾ ਸਦੀਵੀ ਸੱਚ






ਫੋਕਸ

**ਚਰਚਾ ਇੱਕ ਪੁਸਤਕ ਦੀ**

**ਰਾਮਪਾਲ ਸ਼ਾਹਪੁਰੀ (ਡਾ.)**

## ਨਾਚ

(ਕਾਵਿ-ਸੰਗ੍ਰਹਿ)
**ਸਵਰਨਜੀਤ ਸਵੀ**
**ਪੰਨੇ-176, ਮੁੱਲ-350 ਰੁਪਏ**
**ਸਤਲੁਜ ਪ੍ਰਕਾਸ਼ਨ, ਪੰਚਕੂਲਾ**

ਸਵਰਨਜੀਤ ਸਵੀ ਪੰਜਾਬੀ ਸਾਹਿਤ ਜਗਤ ਦਾ ਅਹਿਮ ਹਸਤਾਖਰ ਹੈ। ਉਸ ਦੇ ਅਸਤਿਤਵ ਦੇ ਅਨੇਕਾਂ ਰੰਗ ਹਨ। ਇਕੋ ਸਮੇਂ ਉਹ ਕਵੀ ਦੇ ਨਾਲ-ਨਾਲ ਚਿੱਤਰਕਾਰ, ਮੂਰਤੀਕਾਰ, ਫੋਟੋਗ੍ਰਾਫਰ ਹੈ। ਉਸ ਦੇ ਸਤਾਰਾਂ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ।‘ਨਾਚ’ ਉਸ ਦਾ ਅਠਾਰ੍ਹਵਾਂ ਕਾਵਿ-ਸੰਗ੍ਰਹਿ ਹੈ। ਇਸ ਕਾਵਿ-ਸੰਗ੍ਰਹਿ ਵਿੱਚ 107 ਦੇ ਕਰੀਬ ਕਵਿਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਕਵਿਤਾਵਾਂ ਸੰਸਾਰਕ ਗਤੀਸ਼ੀਲਤਾ ਦੇ ਸਦੀਵੀ ਸੱਚ ਦੀ ਪਛਾਣ ਕਰ, ਅਤੀਤ ਵਿੱਚੋਂ ਭਵਿੱਖ ਦੀ ਤਸਵੀਰਕਸ਼ੀ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਵਿੱਚ ਨ੍ਰਿਤ ਬੋਲਦਾ ਹੈ। ਸ਼ਬਦ ਨਾਚ ਕਰਦੇ ਹਨ। ਹਵਾਵਾਂ ਤੈਰਦੀਆਂ ਹਨ। ਪਿਆਰ ਜਿਸਮਾਂ ਦੀ ਕੈਦ ਤੋਂ ਆਜ਼ਾਦ ਹੋ, ਅਸਮਾਨੋਂ ਪਾਰ ਦੇ ਸਦੀਵੀ ਸੱਚ ਨੂੰ ਆਪਣੀ ਤਾਸੀਰ ਵਿੱਚ ਸ਼ਾਮਲ ਕਰਨ ਲਈ ਉਤਸੁਕ ਹੈ। ਹਰ ਕਵਿਤਾ ਨਾਚ ਦੇ ਨਵੇਂ ਅਰਥ ਪੇਸ਼ ਕਰ ਰਹੀ ਹੈ। ਨਾਚ ਤੇ ਨਾਚੀ ਵੱਖਰਤਾ ਦੀਆਂ ਸਭ ਹੱਦਾਂ ਤੋਂ ਪਾਰ ਜਾ ਇੱਕ-ਦੂਜੇ ਵਿੱਚ ਇੱਕਮਿਕ ਹੋ, ਇੱਕ ਰੂਪ ਹੋਏ ਨਜ਼ਰੀਂ ਪੈਂਦੇ ਹਨ। ਤੜਫ਼ ਦੀ ਜੱਦੋ-ਜਹਿਦ ’ਚੋਂ ਪੁੰਗਰਿਆ ਸੁਰ, ਬੰਸਰੀ ਹੋ ਜਾਣਾ ਚਾਹੁੰਦਾ ਹੈ। ਇਨ੍ਹਾਂ ਕਵਿਤਾਵਾਂ ਵਿੱਚ ਚੁੱਪ ਧੁਰ ਅੰਦਰ ਨੂੰ ਚੀਰ ਰਹੀ ਹੈ। ਬੁੱਲ੍ਹ ਫਰਕ-ਫਰਕ, ਕੋਏ ਸਿੱਲ੍ਹੇ ਹੋ ਕੇ, ਚੁੱਪ ਅੰਦਰਲੀ ਗਹਿਰਾਈ ਦੀ ਥਾਹ ਪਾਉਣਾ ਚਾਹੁੰਦੇ ਹਨ।ਇਹ ਕਵਿਤਾਵਾਂ ਇਹ ਵੀ ਦੱਸਦੀਆਂ ਹਨ ਕਿ ਮੁਲਾਕਾਤ ਸਮੇਂ ਨਜ਼ਦੀਕੀਆਂ ਵਿੱਚ ਅਕਸਰ ਮੋਹ ਦੀ ਬਿੰਦੀ ਰਹਿ ਹੀ ਜਾਂਦੀ ਹੈ।

ਅੱਜ ਦੇ ਸਮੇਂ ਵਿੱਚ ਮਨੁੱਖ, ਮਨੁੱਖ ਉੱਤੇ ਵਿਸ਼ਵਾਸ ਨਾ ਕਰਕੇ, ਮਸ਼ੀਨਾਂ ’ਤੇ ਵਿਸ਼ਵਾਸ ਕਰਨ ਲੱਗਾ ਹੈ। ਮਸ਼ੀਨੀਕਰਨ ਦੇ ਕਾਰਨ ਮਨੁੱਖ ਅੰਦਰੋਂ ਇਮਾਨਦਾਰੀ ਮਰ ਰਹੀ ਹੈ। ਪੂੰਜੀ ਦੇ ਬੋਝ ਹੇਠ ਮਨੁੱਖ ਦੀਆਂ ਕੋਮਲ ਭਾਵਨਾਵਾਂ ਦਬਣ ਲੱਗੀਆਂ ਹਨ। ਨੈਤਿਕਤਾ ਵਿਹੂਣੀਆਂ ਮਸ਼ੀਨਾਂ ਮਨੁੱਖ ਦੀਆਂ ਚੀਕਾਂ ਨੂੰ ਸ਼ਾਂਤ ਤਾਂ ਕਰਦੀਆਂ ਹਨ, ਪਰ ਮਨੁੱਖ ਦੇ ਦਰਦ ਨੂੰ ਨਹੀਂ ਪਛਾਣਦੀਆਂ। ਇਨ੍ਹਾਂ ਕਵਿਤਾਵਾਂ ਵਿੱਚ ਮਸ਼ੀਨਾਂ ਦੀ ਇਮਾਨਦਾਰੀ ਨੂੰ ਪੇਸ਼ ਕੀਤਾ ਹੈ, ਪਰ ਨਾਲ ਹੀ ਮਸ਼ੀਨਾਂ ਅਤੇ ਮਨੁੱਖੀ ਫਿਤਰਤ ਵਿੱਚ ਅੰਤਰ ਵੀ ਦਰਸਾਇਆ ਹੈ। ਇਹ ਕਵਿਤਾਵਾਂ ਬੀਤੇ ਵਿੱਚੋਂ ਮੁਹੱਬਤ ਦੇ ਨਕਸ਼ਾਂ ਨੂੰ ਪਛਾਣਦੀਆਂ ਹਨ, ਜੋ ਨਕਸ਼ ਅੱਜ ਧੁੰਦਲੇ ਹੋ ਚੁੱਕੇ ਹਨ। ਅਨੰਤ ਜਲ ਦੀ ਵਿਸ਼ਾਲਤਾ ਨੂੰ ਦੁਮੇਲ ’ਚੋਂ ਦਿਖਾਉਂਦੀਆਂ ਇਹ ਕਵਿਤਾਵਾਂ ਕਿਸੇ ਕਰਾਮਾਤ ਵਾਂਗ ਪੁਸਤਕ ਦੇ ਵਰਕਿਆਂ ’ਤੇ ਉੱਕਰੀਆਂ ਹਨ। ਇਸ ਵਿੱਚ ਰੰਗਾਂ ਦੇ ਉਘੜਨ, ਫੈਲਣ, ਪੱਕਣ ਤੇ ਫਿੱਕੇ ਹੋ ਜਾਣ ਦੀ ਕਿਰਿਆ, ਧੁੱਪ ਦੀ ਮੁਹੱਬਤ ਦੇ ਪ੍ਰਤੀਫਲ ਵਜੋਂ ਪੇਸ਼ ਹੋਈ ਹੈ ਤੇ ਕਵੀ ਛਤਰੀਆਂ ਦੀ ਛਾਂ ਨੂੰ ਮਾਂ ਦੇ ਅੰਚਲ ਦੀ ਛਾਂ ਨਾਲ ਮੇਲਦਾ ਹੈ। ਬੇਵਸ ਗ਼ਰੀਬਾਂ ਦੇ ਰਈਸਾਂ ਵੱਲ ਅੱਡੇ ਹੱਥਾਂ ਦੀ ਬੇ-ਚਾਰਗੀ ਨੂੰ ਕਵੀ ਜ਼ਿੰਦਗੀ ਜਿਉਣ ਦੇ ਸੁਪਨੇ ਦੇ ਟੁੱਟ ਜਾਣ ਵਜੋਂ ਵੇਖਦਾ ਹੈ।

ਸਾਡੇ ਸਮਾਜ ਵਿੱਚ ਪਰਵਾਰ ਖੰਡਿਤ ਹੋ ਰਹੇ ਹਨ। ਆਪਸੀ ਮੁਹੱਬਤ ਘਟ ਗਈ ਹੈ। ਸਵੈ ਮੋਹ ਵਿੱਚ ਜਿਉਂਦਿਆਂ ਅਸੀਂ ਦੂਸਰਿਆਂ ਲਈ ਜਿਉਣਾ ਤਾਂ ਮਨੋ ਹੀ ਵਿਸਾਰ ਦਿੱਤਾ ਹੈ। ਸਾਂਝੀਵਾਲਤਾ ਇਕੱਲਤਾ ਦੇ ਖੰਭ ਲਾ ਕੇ ਤਿੱਤਰ ਹੋ ਗਈ ਹੈ। ਘਰਾਂ ਵਿੱਚ ਜਿੰਨੇ ਮੂੰਹ ਓਨੇ ਹੀ ਬੋਲ, ਜਿੰਨੀਆਂ ਜੀਭਾਂ, ਓਨੇ ਹੀ ਸੁਆਦ, ਜਿੰਨੇ ਦਿਮਾਗ਼, ਓਨੇ ਹੀ ਫੈਸਲੇ, ਗੱਲ ਕੀ ਘਰ ਦੇ ਜੀਆਂ ਦੇ ਮੂੰਹ ਕਮਰਿਆਂ ਦੇ ਖੂੰਜਿਆਂ ਵੱਲ ਹਨ। ਘਰੋਂ ਬਾਜ਼ਾਰ ਗਿਆਂ ਘਰ ਦੀ ਸੁਆਣੀ ਨੂੰ ਸਭ ਦੇ ਸੁਆਦਾਂ ਨੂੰ ਧਿਆਨ ਵਿੱਚ ਰੱਖਦਿਆਂ, ਸਬਜ਼ੀ, ਫਰੂਟ ਜਾਂ ਹੋਰ ਸਮੱਗਰੀ ਖ਼੍ਰੀਦਣੀ ਪੈਂਦੀ ਹੈ। ਇਸ ਵਰਤਾਰੇ ਨੂੰ ਕਵੀ ਨੇ ਆਪਣੀ ਕਵਿਤਾ ਵਿੱਚ ਬਾਖੂਬੀ ਪੇਸ਼ ਕੀਤਾ ਹੈ। ਪਰ ਕਿਤੇ-ਕਿਤੇ ਉਹ ਆਪਸੀ ਮੋਹ ਦੀਆਂ ਤੰਦਾਂ ਨੂੰ ਜੋੜਨ ਲਈ ਵੀ ਕਿਰਿਆਸ਼ੀਲ ਨਜ਼ਰ ਆਉਂਦਾ ਹੈ–

ਤੇਰੀ ਛੋਹ ਬਿਨਾਂ
ਚਾਹ ਮਿੱਠੀ ਕਿਵੇਂ ਹੁੰਦੀ।

ਇਹ ਕਵਿਤਾ ਜਿੱਥੇ ਸ਼ਾਂਤ ਟਿਕੇ ਹੋਏ ਵਾਤਾਵਰਨ ਵਿੱਚੋਂ ਜੰਗ ਦੇ ਨਕਸ਼ ਉਘਾੜਦੀ ਹੈ, ਉੱਥੇ ਸ਼ਹੀਦ ਤੇ ਗਦਾਰ ਦੀ ਸ਼ਨਾਖਤ ਵੀ ਕਰਦੀ ਹੈ। ਕਵੀ ਦੀ ਨਜ਼ਰ ਵਿੱਚ ਧਰਤੀ ’ਤੇ ਖਿੱਚੀਆਂ ਲੀਕਾਂ ਮਾਨਵਾਂ ਦੀ ਆਪਸੀ ਨਫ਼ਰਤ ਨੂੰ ਦਰਸਾਉਂਦੀਆਂ ਹਨ। ਇਹ ਨਫ਼ਰਤ ਵਿੱਚੋਂ ਹੀ ਦੂਸਰੀਆਂ ਧਰਤੀਆਂ ’ਤੇ ਕਬਜ਼ਾ ਕਰਨ ਦੀ ਮਨੁੱਖੀ ਰੁਚੀ ਦਾ ਝਲਕਾਰਾ ਪੈਂਦਾ ਹੈ। ਔਰਤ ਮਰਦ ਦੀ ਮੁਹੱਬਤ ਨੇ ਸਦੀਆਂ ਦੇ ਫਾਸਲੇ ਤੈਅ ਕਰਦਿਆਂ, ਇਕੱਠਿਆਂ ਜੀਵਨ ਗੁਜ਼ਾਰਿਆ ਹੈ। ਪੂੰਜੀ ਤੇ ਵਿਸ਼ਵੀਕਰਨ ਦੇ ਫੈਲਾਅ ਨੇ ਇਸ ਰਿਸ਼ਤੇ ਨੂੰ ਸ਼ੱਕ ਦੇ ਘੇਰੇ ਵਿੱਚ ਅਜਿਹਾ ਲਿਆ ਕੇ ਖੜ੍ਹਾ ਕੀਤਾ ਹੈ ਕਿ ਚੱਕਰਵਿਊ ਵਾਂਗ ਇਹ ਘੇਰੇ ਨੂੰ ਤੋੜਨਾ ਅਸੰਭਵ ਕਾਰਜ ਬਣ ਗਿਆ ਮਹਿਸੂਸ ਹੁੰਦਾ ਹੈ।ਕਵੀ ਲਿਖਦਾ ਹੈ–

ਲੱਖਾਂ ਸਾਲ ਦਾ ਸਾਥ
ਪਲ ’ਚ ਭਲਾ
ਸ਼ੱਕ ਦੇ ਸਿੰਗਾਂ ’ਤੇ ਲਟਕ ਰਹੇ ਹਾਂ।

ਅਜੋਕੇ ਸਮੇਂ ਵਿੱਚ ਸਵੈ ਦੀ ਪਛਾਣ ਦਾ ਮਸਲਾ ਵੀ ਗੰਭੀਰ ਰੂਪ ਵਿੱਚ ਪੇਸ਼ ਹੋਇਆ ਹੈ। ਬੰਦੇ ਦਾ ਸਵੈ ਨਾ ਤਾਂ ਕਥਾ ਵਾਂਗ ਨਿਰੰਤਰ ਵਹਿਣ ਵਿੱਚ ਹੈ, ਨਾ ਰਹਾਉ ਵਾਂਗ ਰੁਕਿਆ ਹੋਇਆ ਹੈ। ਬੰਦੇ ਦੇ ਸੁਪਨਿਆਂ ਦਾ ਸੰਸਾਰ ਹਨੇਰੇ ਵਿੱਚ ਗੁਆਚ ਗਿਆ ਹੈ। ਉਸ ਦੇ ਮਾਇਆ ਦੇ ਮੋਹ ਵਿੱਚੋਂ ਸਦੀਵੀ ਆਨੰਦ ਦੀ ਅਧੂਰੀ ਤਲਾਸ਼, ਉਸ ਨੂੰ ਕਿੰਨੇ ਹੀ ਅਣਸੁਲਝੇ ਸਵਾਲਾਂ ਵਿੱਚ ਉਲਝਾ ਰਹੀ ਹੈ। ਇਨਸਾਨੀਅਤ ਅਜਿਹੇ ਸੰਸਾਰ ਦੇ ਬੂਹੇ ਵੱਲ ਦਸਤਕ ਦੇਣ ਜਾ ਰਹੀ ਹੈ, ਜਿਸ ਬੂਹੇ ਦਾ ਅਜੇ ਨਾਮਕਰਨ ਹੀ ਨਹੀਂ ਹੋਇਆ। ਕਵੀ ਨੇ ਬੀਜ ਅੰਦਰਲੇ ਬੀਜ ਦੇ ਨਾਚ ਨੂੰ ਅਤੇ ਸਮੁੱਚੀ ਕਾਇਨਾਤ ਦੇ ਨਾਚ ਨੂੰ ਆਪਣੀ ਕਵਿਤਾ ਵਿੱਚ ਬਾਖੂਬੀ ਪੇਸ਼ ਕੀਤਾ ਹੈ। ਰੂਹ ਦੇ ਰਾਗ ਨੂੰ ਦਰਸਾਉਣਾ, ਇਸ ਕਵਿਤਾ ਦਾ ਹਾਸਲ ਹੈ। ਨਦੀਆਂ ਅੰਦਰਲੇ ਪਾਣੀਆਂ ਦਾ ਨ੍ਰਿਤ ਸ਼ਿਵ ਦੀਆਂ ਜਟਾਵਾਂ ਤੋਂ ਨਿਕਲਦੀ ਗੰਗਾ ਦੇ ਦਰਸ਼ਨ ਕਰਾਉਂਦਾ ਹੈ। ਸ਼ਮਸ਼ਾਨ ਦੀਆਂ ਆਵਾਜ਼ਾਂ ਮੌਤ ਨਾਲ ਸੰਵਾਦ ਰਚਾ ਰਹੀਆਂ ਹਨ। ਕਰਤਾਰਪੁਰ ਸਾਹਿਬ ਦੀ ਪਰਿਕਰਮਾ ਕਰਦਿਆਂ, ਰਾਗੀ ਦੇ ਸੁਰ ਕਿਵੇਂ ਕਠੋਰ ਚਿੱਤ ਨੂੰ ਪਿਘਲਾਉਂਦੇ ਹਨ।ਇਹ ਕਵਿਤਾਵਾਂ ਉਹਨਾਂ ਮਲੂਕ ਪਲਾਂ ਦੀ ਕਥਾ ਨੂੰ ਪੇਸ਼ ਕਰਦੀਆਂ ਹਨ।

ਇਹ ਕਵਿਤਾਵਾਂ ਸਮਾਜ ਵਿੱਚ ਪ੍ਰਚਲਿਤ ਰਿਸ਼ਵਤਖੋਰੀ ਦਾ ਪਾਜ ਉਘਾੜਦੀਆਂ ਹਨ। ਲੋਕ ਏਕਤਾ ਦੀ ਸ਼ਕਤੀ ਦਾ ਪ੍ਰਗਟਾਵਾ ਕਰਦੀਆਂ, ਇਹ ਕਵਿਤਾਵਾਂ ਲੋਕਾਈ ਦੇ ਹੱਕਾਂ ਦੀ ਆਵਾਜ਼ ਨੂੰ ਬੁਲੰਦ ਕਰਦੀਆਂ ਹਨ। ਮਨੁੱਖ ਵੱਲੋਂ ਸਵਾਰਥ ਹਿੱਤ ਕੁਦਰਤੀ ਸੋਮਿਆਂ ਦੀ ਬਰਬਾਦੀ ਦੇ ਨੰਗੇ ਨਾਚ ਦਾ ਬਿਆਨ ਬੜੀ ਖ਼ੂਬਸੂਰਤੀ ਨਾਲ ਇਨ੍ਹਾਂ ਕਵਿਤਾਵਾਂ ਵਿੱਚ ਪੇਸ਼ ਹੋਇਆ ਹੈ। ਇਨ੍ਹਾਂ ਕਵਿਤਾਵਾਂ ਵਿੱਚ ਸਿਰਾਂ ਵਾਲਿਆਂ ਦੇ ਸਿਰਾਂ ਦਾ, ਸਿਆਸਤ ਅੱਗੇ ਝੁਕ ਜਾਣ ਦਾ ਮਲਾਲ ਹੈ। ਇਹ ਸਿਆਸਤ ਨੇ ਹੀ ਸਾਨੂੰ ਧਰਮਾਂ, ਮਜ਼੍ਹਬਾਂ ਦੀਆਂ ਵੰਡੀਆਂ ਵਿੱਚ ਵੰਡਿਆ ਹੈ। ਅੱਜ ਸਾਡੀ ਵੰਡ ਵੰਡਾਉਣ ਦੀ ਗੂੜ ਹੋ ਚੁੱਕੀ ਆਦਤ ਨੇ ਸਾਨੂੰ ਹਵਾਵਾਂ, ਪਾਣੀਆਂ, ਛਾਵਾਂ, ਭਾਵਨਾਵਾਂ ਅਤੇ ਮੁਹੱਬਤਾਂ ਨੂੰ ਵੰਡਣ ਲਈ ਉਕਸਾ ਦਿੱਤਾ ਹੈ ਤਾਂ ਜੋ ਸਾਡੀ ਹਉਮੈ ਕਿਸੇ ਵੀ ਤਰ੍ਹਾਂ ਸਾਂਝੀਵਾਲਤਾ ਦੇ ਭਾਵ ਤੋਂ ਸਦਾ ਲਈ ਵਿਰਵੀ ਹੋ ਜਾਵੇ। ਸਾਡੀ ਹੋਂਦ ਨੂੰ ਖ਼ਤਮ ਕਰਨ ਵਾਲਿਆਂ ਦੇ ਮਨਸੂਬੇ ਪੂਰੇ ਹੋ ਜਾਣ।

ਇਨ੍ਹਾਂ ਕਵਿਤਾਵਾਂ ਦੀ ਖ਼ੂਬਸੂਰਤੀ ਇਹ ਵੀ ਹੈ ਕਿ ਇਹ ਕਵਿਤਾਵਾਂ ਜਿੱਥੇ ਸਾਨੂੰ ਗੰਭੀਰ ਮੁੱਦਿਆਂ ਪ੍ਰਤੀ ਚੇਤਨ ਕਰਦੀਆਂ ਹਨ, ਉੱਥੇ ਪੰਜਾਬ ਦੇ ਚੜ੍ਹਦੀ ਕਲਾ ਦੇ ਫਲਸਫੇ ਨੂੰ ਵੀ ਪੇਸ਼ ਕਰਦੀਆਂ ਹਨ। ਕਿੰਨੀਆਂ ਹੀ ਕੁਦਰਤੀ ਆਫਤਾਂ ਪੰਜਾਬ ’ਤੇ ਆਈਆਂ ਜਾਂ ਨੀਤੀ ਘਾੜਿਆਂ ਨੇ ਪੰਜਾਬ ਨੂੰ ਬਰਬਾਦ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ, ਪਰ ਪੰਜਾਬ ਹੈ ਕਿ ਹਰ ਵਾਰ ਦੁੱਗਣੇ ਜੋਸ਼ ਨਾਲ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦਾ ਆ ਰਿਹਾ ਹੈ। ਇਹ ਕਵਿਤਾਵਾਂ ਉੱਜੜ ਰਹੀ ਧਰਤੀ ਦਾ ਸੋਗ ਵੀ ਮਨਾਉਂਦੀਆਂ ਹਨ ਤੇ ਉੱਜੜੇ ਪਿੰਡਾਂ ਦੇ ਸੁਪਨਿਆਂ ਦੇ ਦਰਦ ਨੂੰ ਵੀ ਬਿਆਨ ਕਰਦੀਆਂ ਹਨ। ਕਵੀ ਅਨੁਸਾਰ ਵਿਕਾਸ ਦੇ ਨਾਂਅ ’ਤੇ ਉਜਾੜੇ ਦਾ ਵਾਤਾਵਰਨ ਸਿਰਜਿਆ ਜਾ ਰਿਹਾ ਹੈ। ਇਹ ਕਵਿਤਾਵਾਂ ਜੀਵਨ ਦੇ ਆਰੰਭ ਤੋਂ ਅੰਤ ਨਾਲ ਜੁੜੇ ਸਰਬ ਕਾਲੀ ਮਸਲਿਆਂ ਵਿੱਚੋਂ ਨਾਚ ਦੀਆਂ ਮੁਦਰਾਵਾਂ ਦੀ ਪਛਾਣ ਕਰਦੀਆਂ ਹਨ। ਦਿਲ ਦੀ ਧੜਕਣ ਦੇ ਰੁਕ ਜਾਣ ਤੋਂ ਬਾਅਦ ਸ਼ਾਂਤ ਸੁਰ ਨੂੰ ਵੀ ਸੰਗੀਤਕ ਸੁਰ ਨਾਲ ਮੇਲਦੀਆਂ ਹਨ। ਕਾਵਿ-ਸੰਗ੍ਰਹਿ ਵਿੱਚ ਸਮੁੱਚਾ ਬ੍ਰਹਿਮੰਡ ਨਾਚ ਦਾ ਮੁਰੀਦ ਬਣਿਆ ਹੋਇਆ ਹੈ। ਇਹ ਪੁਸਤਕ ਜ਼ਿੰਦਗੀ ਦੇ ਸਮੁੱਚ ਨੂੰ ਪੇਸ਼ ਕਰਦੀ ਹੈ। ਖ਼ੂਬਸੂਰਤ ਕਾਵਿ-ਸੰਗ੍ਰਹਿ ਲਈ ਸਵਰਨਜੀਤ ਸਵੀ ਵਧਾਈ ਦਾ ਹੱਕਦਾਰ ਹੈ।

**ਮੋਬਾ. 99148-86310**

# ਇਨਸਾਨੀ ਰਿਸ਼ਤਗੀ ਦੀਆਂ ਤਰਬਾਂ

**ਸਾਹਿਤ ਚਿੰਤਨ**

**ਗੋਪਾਲ ਸਿੰਘ ਬੁੱਟਰ**

## ਤੌਫ਼ੀਕ ਬਖ਼ਸ਼ ਮੌਲਾ

**ਪ੍ਰੋ. ਕੁਲਵੰਤ ਸਿੰਘ ਔਜਲਾ**
**ਸਫੇ-143, ਮੁੱਲ-300 ਰੁਪਏ**
**ਸੁੰਦਰ ਬੁੱਕ ਡਿਪੋ, ਜਲੰਧਰ**

‘ਤੌਫ਼ੀਕ ਬਖ਼ਸ਼ ਮੌਲਾ’ ਪ੍ਰੋਫੈਸਰ ਕੁਲਵੰਤ ਸਿੰਘ ਔਜਲਾ ਦਾ ਚੌਥਾ ਕਾਵਿ ਸੰਗ੍ਰਹਿ ਹੈ। ਪੰਜਾਬੀ ਦਾ ਬਹੁਪੱਖੀ ਲੇਖਕ ਪ੍ਰੋ. ਔਜਲਾ ਜਿੱਥੇ ਆਪਣੀ ਤੀਖਣ ਚਿੰਤਨੀ ਸੋਝੀ ਨਾਲ ਸਾਹਿਤਕ ਕਿਰਤਾਂ ਦੀ ਬਾਕਮਾਲ ਵਿਆਖਿਆ, ਵਿਸ਼ਲੇਸ਼ਣ ਤੇ ਮੁਲਾਂਕਣ ਕਰਨ ਦੀ ਮੁਹਾਰਤ ਰੱਖਦਾ ਹੈ, ਉੱਥੇ ਉਹ ਇਸ ਕਾਰਜ ਦੇ ਨਾਲ-ਨਾਲ ਵਾਰਤਕ ਅਤੇ ਕਾਵਿ ਰਚਨਾ ਦੇ ਖੇਤਰ ਵਿੱਚ ਆਪਣੇ ਆਕਰਸ਼ਣ ਭਰਪੂਰ ਰਚਨਾਤਮਕ ਕੌਸ਼ਲ ਦਾ ਪਰੀਚੈ ਵੀ ਸਹਿਜੇ ਹੀ ਦੇ ਜਾਂਦਾ ਹੈ।

ਪ੍ਰੋਫੈਸਰ ਔਜਲਾ ਇਨਸਾਨੀ ਜ਼ਿੰਦਗੀ ਅਤੇ ਇਨਸਾਨੀ ਰਿਸ਼ਤਿਆਂ ਨਾਲ ਸੰਬੰਧਤ ਵਸਤੂ ਨੂੰ ਪ੍ਰਮੁੱਖਤਾ ਨਾਲ ਆਪਣੀ ਸੰਵੇਦਨਾ ਦੇ ਘੇਰੇ ਦੀ ਵਸਤੂ ਬਣਾ ਕੇ ਪ੍ਰਤੀਬਿੰਬਤ ਕਰਨ ਵਾਲਾ ਵਿਲੱਖਣ ਮੁਹਾਵਰੇ ਵਾਲਾ ਪੰਜਾਬੀ ਸ਼ਾਇਰ ਹੈ।

ਹੱਥਲੀ ਕਾਵਿ ਪੁਸਤਕ ‘ਤੌਫੀਕ ਬਖਸ਼ ਮੌਲਾ’ ਵੀ ਪ੍ਰੋ. ਔਜਲਾ ਦੇ ਬਾਕੀ ਕਾਵਿ ਵਾਂਗੂ ਹੀ ਮੁੱਖ ਤੌਰ ’ਤੇ ਮਾਨਵੀ ਰਿਸ਼ਤਿਆਂ ਦੀ ਸੰਵੇਦਨਾ ਦੇ ਨੇੜਲੇ ਅਨੁਭਵਾਂ ਜਾਂ ਸਰੋਕਾਰਾਂ ਨਾਲ ਹੀ ਸੰਬੰਧਤ ਹੈ। ਇਸ ਕਾਵਿ ਵਿੱਚ ਮਾਨਵੀ ਰਿਸ਼ਤਿਆਂ ਦੇ ਨਿੱਘ, ਮੋਹ, ਚਾਅ, ਉਤਸ਼ਾਹ, ਸੰਵੇਦਨਾ, ਸੁਹਜ ਅਤੇ ਇਹਨਾਂ ਦੀ ਟੁੱਟ-ਭੱਜ ਦੀ ਕਸਕ, ਉਦਾਸੀ, ਬੇਚੈਨੀ, ਲਾਚਾਰੀ ਤੇ ਵੇਦਨਾ ਦੇ ਦੁੱਖ-ਸੁੱਖ ਭਿੰਨੀਆਂ ਤਰਬਾਂ ਛਿੜਦੀਆਂ ਸਹਿਜੇ ਹੀ ਅਨੁਭਵ ਕੀਤੀਆਂ ਜਾ ਸਕਦੀਆਂ ਹਨ, ਭਾਵ ਸਾਰੇ ਰੰਗਾਂ ਦੇ ਅਨੁਭਵਾਂ ਨੂੰ ਇਸ ਕਾਵਿ ਪੁਸਤਕ ਵਿੱਚ ਸੰਕਲਿਤ ਕੀਤਾ ਗਿਆ ਹੈ। ਪ੍ਰੋਫੈਸਰ ਔਜਲਾ ਕਾਵਿ ਦੀ ਇਹ ਵਿਲੱਖਣ ਸਿਫਤ ਇਹ ਹੈ ਕਿ ਉਹ ਹਰ ਕਿਸਮ ਦੇ ਜ਼ਿਹਨੀ ਤੌਰ ’ਤੇ ਸਾਹਿਤਕ ਰਮਜ਼ਾਂ ਦੀਆਂ ਬਾਰੀਕੀਆਂ ਦੀ ਥਾਹ ਪਾਉਣ ਦੇ ਸਮਰੱਥ ਅਤੇ ਸ਼ਬਦਾਂ ਦੀਆਂ ਗੁੰਜਾਰਾਂ/ਤਰਬਾਂ ਨੂੰ ਮਹਿਸੂਸਣ/ਮਾਨਣ ਵਾਲੇ ਹਸਾਸ ਪ੍ਰਤਿਭਾਵਾਨ ਚਿੰਤਕਾਂ ਤੋਂ ਲੈ ਕੇ ਸਾਧਾਰਨ ਮਨੋ-ਧਰਾਤਲ ਵਾਲੇ ਪਾਠਕਾਂ ਦੇ ਸੁਹਜ, ਸੁਆਦ, ਤ੍ਰਿਪਤੀ ਕਰਨਯੋਗ ਕਲਾਤਮਿਕ ਯੋਗਤਾ ਰੱਖਦਾ ਹੈ। ਭਾਵ ਇਨਸਾਨੀ ਜੀਵਨ ਦੇ ਜ਼ਿਕਰ ਤੇ ਫਿਕਰ ਨਾਲ ਭਰਪੂਰ ਇਹ ਕਾਵਿ ਰਚਨਾ ਮਨੁੱਖ ਦੀਆਂ ਸੁਹਜ ਲੋੜਾਂ ਦੀ ਪੂਰਤੀ ਕਰਕੇ ਉਸ ਨੂੰ ਆਨੰਦਿਤ ਤੇ ਵਿਸਮਾਦਤ ਕਰਨ ਦੀ ਸਮਰੱਥਾ ਵੀ ਰੱਖਦੀ ਹੈ ਅਤੇ ਉਸ ਨੂੰ ਇਹਨਾਂ ਸਮਾਜਿਕ ਸਰੋਕਾਰਾਂ ਨੂੰ ਠੀਕ ਤਰ੍ਹਾਂ ਸਮਝਣ ਲਈ ਲੋੜੀਂਦੇ ਚਿੰਤਨੀ ਜਲੌਅ ਸੰਪੰਨ ਸੇਧ ਤੇ ਸੋਝੀ ਵੀ ਪ੍ਰਦਾਨ ਕਰਦੀ ਹੈ। ?




‘ਤੌਫ਼ੀਕ ਬਖ਼ਸ਼ ਮੌਲਾ’ ਕਾਵਿ ਪੁਸਤਕ ਸਮਰਪਿਤ ਹੀ ਲੇਖਕ ਨੇ ਉਹਨਾਂ ਮਿੱਤਰਾਂ ਨੂੰ ਕੀਤੀ ਹੈ, ਜੋ ਵਸਤੂ ਜਗਤ ’ਚੋਂ ਲੋਪ ਹੋ ਕੇ ਉਹਦੇ ਚੇਤਿਆਂ ਵਿੱਚ ਜਾ ਸਮਾਏ ਹਨ। ਇਸ ਪੁਸਤਕ ਦੀਆਂ ਕਵਿਤਾਵਾਂ ਲਈ ਸ਼ਾਇਰ ਨੇ ਨੌਂ ਖੰਡ ਵਿਉਂਤੇ ਹਨ, ਜਿਹੜੇ ਇਨਸਾਨੀ ਰਿਸ਼ਤਗੀ ਅਤੇ ਇਨਸਾਨੀ ਜੀਵਨ ਦੇ ਵਿਭਿੰਨ ਸਰੋਕਾਰਾਂ ਨਾਲ ਹੀ ਸੰਬੰਧਤ ਹਨ, ਜਿਵੇਂ ‘ਆਸ ਉਮੀਦ ਤੇ ਮੁਹੱਬਤ ਦੀਆਂ ਕਵਿਤਾਵਾਂ’, ‘ਗਹਿਰੇ ਰਿਸ਼ਤਿਆਂ ਦੀਆਂ ਕਵਿਤਾਵਾਂ’, ‘ਅਤੀਤ ਨਾਲ ਜੋੜਦੀਆਂ ਕਵਿਤਾਵਾਂ’, ਮਾਨਵ ਰੰਗ ਦੀਆਂ ਕਵਿਤਾਵਾਂ’, ‘ਪਰਵਾਸ ਤੇ ਸਵਾਸ ਰੰਗੀਆਂ ਕਵਿਤਾਵਾਂ’, ‘ਸਮਾਜਿਕ ਚਿੰਤਨ ਦੀਆਂ ਕਵਿਤਾਵਾਂ’, ‘ਵਕਤ ਨਾਲ ਜੂਝਦੀਆਂ ਕਵਿਤਾਵਾਂ’, ‘ਭਾਵਨਾਮਈ ਕਵਿਤਾਵਾਂ’ ਅਤੇ ‘ਕੁਝ ਉਦਾਸ ਕਵਿਤਾਵਾਂ’ ਇਹ ਸਾਰੇ ਖੰਡ ਮਾਨਵੀ ਰਿਸ਼ਤਿਆਂ ਤੇ ਮਾਨਵੀ ਰਿਸ਼ਤਿਆਂ ਨਾਲ ਸੰਬੰਧਤ ਸਰੋਕਾਰਾਂ ਨੂੰ ਵੱਖ-ਵੱਖ ਕੋਨਾਂ ਤੋਂ ਦੇਖਣ, ਮਹਿਸੂਸ ਕਰਨ ਅਤੇ ਇਸ ਵਸਤੂ ਅਨੁਭਵ ਨੂੰ ਆਪਣੀ ਸੰਵੇਦਨਾ ਦੀ ਗ੍ਰਿਫ਼ਤ ਵਿੱਚ ਲੈ ਕੇ ਉਸ ਦਾ ਸਫਲ ਕਾਵਿ-ਰੂਪਾਂਤ੍ਰਣ ਕਰਨ ਦਾ ਸਫਲ ਉਪਰਾਲਾ ਹਨ।

* ਰੋਹ ਵਿਦਰੋਹ ਦੀਆਂ ਨਜ਼ਮਾਂ ਬਣਾਉਣੀਆਂ, ਮੋਹ ਵਿੱਚ ਭਿੱਜ ਕੇ ਦਰਵੇਸ਼ੀਆਂ ਕਮਾਉਣੀਆਂ ਮੁੜ ਮੁੜ ਪੁੰਗਰਦਿਆਂ ਤੇ ਮੁੜ ਮੁੜ ਝੜਦਿਆਂ ਸਫਰ ਮੁਕਾ ਲਿਆ ਕਲਮ ਕਲਮ ਲੜਦਿਆਂ। ...

ਸਾਧਾਰਨ, ਸਾਦਾ ਸ਼ਬਦਾਂ ਵਿੱਚ ਵਿਸ਼ੇਸ਼ ਗਹਿਰ-ਗੰਭੀਰ ਅਰਥ ਭਰਨੇ, ਉਹਨਾਂ ਦੀਆਂ ਕਾਵਿਕ ਸ਼ਕਤੀਆਂ ਜਗਾ ਕੇ ਉਹਨਾਂ ਨੂੰ ਸ਼ਾਇਰਾਨਾ ਪਰਵਾਜ਼ ਬਖਸ਼ਣੀ ‘ਤੌਫ਼ੀਕ ਬਖਸ਼ ਮੌਲਾ’ ਦੇ ਸ਼ਾਇਰ ਪ੍ਰੋਫੈਸਰ ਕੁਲਵੰਤ ਸਿੰਘ ਔਜਲਾ ਦੀ ਕਵਿਤਾ ਦਾ ਪ੍ਰਮੁੱਖ ਗੁਣ ਹੈ।

‘ਮੇਰੀ ਕਾਵਿਕ ਆਤਮ ਕਥਾ-ਤੌਫੀਕ ਬਖਸ਼ ਮੌਲਾ’ ਦੇ ਕੁਝ ਸ਼ਬਦ ਲਿਖਦਿਆਂ ਪ੍ਰੋਫੈਸਰ ਔਜਲਾ ਨੇ ਇਹਨਾਂ ਕਵਿਤਾਵਾਂ ਨੂੰ ਆਪਣੀ ਜ਼ਿੰਦਗੀ ਦੀ ਕਾਵਿਕ ਝਲਕ ਕਿਹਾ। ਇਸ ਦੌਰ ਵਿੱਚ ਜਦ ਇਨਸਾਨ, ਪੰਜਾਬ ਅਤੇ ਕਵਿਤਾ ਆਪਣੀ ਅਸਲੀ ਪਛਾਣ ਤੋਂ ਵਿਰਵੇ ਹੁੰਦੇ ਜਾ ਰਹੇ ਹਨ, ਆਪਣੀ ਕਵਿਤਾ ਬਾਰੇ ਲਿਖਦਿਆਂ ਪ੍ਰੋ. ਔਜਲਾ ਇਹ ਵਿਚਾਰ ਪ੍ਰਗਟਾਉਂਦਾ ਹੈ ਕਿ, ‘ਇਸ ਸੰਗ੍ਰਹਿ ਵਿੱਚ ਵੱਖ-ਵੱਖ ਸੁਰਾਂ ਤੇ ਸੋਚਾਂ ਨਾਲ ਸੰਵਾਦ ਰਚਾਉਂਦੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਮੇਰੀ ਕਵਿਤਾ ਮੇਰੇ ਧੜਕਦੇ ਦਿਲ ਦੀ ਸਮਾਜਿਕ, ਇਤਿਹਾਸਕ ਸਹਿਜ ਸੁਭਾਵਿਕਤਾ ਵਿੱਚੋਂ ਪੈਦਾ ਹੁੰਦੀ ਹੈ। ਮੇਰੀ ਸੁਰਤ ਤੇ ਸੰਵੇਦਨਾ ਵਿੱਚ ਕਵਿਤਾ ਹੈ। ਕਵਿਤਾ ਵਾਂਗੂ ਜਿਉਣਾ, ਸੋਚਣਾ ਤੇ ਵਿਚਰਨਾ ਮੇਰਾ ਪੈਸ਼ਨ (Passion) ਹੈ। ਮੇਰੇ ਇਸ ਪੈਸ਼ਨ ਨੇ ਮੈਨੂੰ ਅਕਵੀ ਹੋਣ ਤੋਂ ਬਚਾਈ ਰੱਖਿਆ ਹੈ। ਨਕਲੀ ਗਿਆਨ ਦੇ ਸੰਦਾਂ ਨਾਲ ਕਵਿਤਾ ਲਿਖਣ ਦੇ ਇਸ ਭਿਆਨਕ ਯੁੱਗ ਵਿੱਚ ਵੀ ਮੈਂ ਦਿਲ ਦੇ ਆਵੇਸ਼ ਤੇ ਆਦਰਸ਼ ਮੁਤਾਬਕ ਕਵਿਤਾ ਸਿਰਜਦਾ ਹਾਂ।

ਕਵਿਤਾ ਦੀਆਂ ਬਾਰੀਕੀਆਂ ਨੂੰ ਸਮਝਣ, ਸਮਝਾਉਣ ਦੇ ਯਤਨ ਵਜੋਂ ਅਤੇ ਔਜਲਾ ਕਾਵਿ ਬਾਰੇ ਆਪਣੇ ਅਨੁਭਵ ਪੇਸ਼ ਕਰਦਿਆਂ ਸਰਵਣ ਸਿੰਘ ਔਜਲਾ ਦੇ ਪੁਸਤਕ ਦੇ ਆਰੰਭ ਵਿੱਚ ਦਿੱਤੇ ਗਏ ਕੁਝ ਸ਼ਬਦ ਇਸ ਸ਼ਾਇਰ ਦੀ ਸ਼ਾਇਰੀ ਦੀ ਰੂਹ ਨੂੰ ਪ੍ਰਸਤੁਤ ਕਰਦੇ ਹਨ : ਪ੍ਰੋਫੈਸਰ ਕੁਲਵੰਤ ਸਿੰਘ ਔਜਲਾ ਦੀ ਕਿਤਾਬ ‘ਤੌਫੀਕ ਬਖਸ਼ ਮੌਲਾ’ ਭਾਵਨਾਮਈ ਕਿਤਾਬ ਹੈ। ਇਸ ਕਿਤਾਬ ਦੀਆਂ ਕਵਿਤਾਵਾਂ ਜ਼ਿੰਦਗੀ ਨੂੰ ਸੁਪਨਸ਼ੀਲ ਬਣਾਉਣ ਦਾ ਸੁਨੇਹਾ ਦਿੰਦੀਆਂ ਹਨ। ਪੰਜਾਬੀ ਸ਼ਾਇਰੀ ਵਿੱਚ ਗਿਣਾਤਮਕ ਅਤੇ ਗੁਣਾਤਮਕ ਵਾਧਾ ਕਰਨ ਵਾਲੀ ਇਸ ਪੁਸਤਕ ਦਾ ਸਵਾਗਤ ਕਰਦਿਆਂ ਮੈਂ ਲੇਖਕ ਤੋਂ ਹੋਰ ਉਚੇਰੇ, ਡੂੰਘੇਰੇ ਸਾਹਿਤ ਤੇ ਸਰਬਕਾਲੀ ਔਧ ਵਾਲੇ ਸਾਹਿਤ ਦੀ ਉਮੀਦ ਕਰਦਾ ਹਾਂ। ਆਮੀਨ!

## ਤਸਬੀ ਤੋਂ ਤਵੀ ਤੱਕ

**ਗੁਰ-ਜੀਵਨੀ-ਸਿੱਖ ਵਿਰਾਸਤ**
**(ਭਾਈ ਸੰਤੋਖ ਸਿੰਘ ਰਚਿਤ ‘ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ’ ਦੀ ਕਥਾ ’ਤੇ ਅਧਾਰਿਤ ਹੈ)**
**ਭਾਗ-1**
**(ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੇਂ ਗੁਰੂ ਅਰਜਨ ਦੇਵ ਜੀ ਤੱਕ)**
**ਰਚਨਕਾਰ-ਗੁਰਮੁਖ ਸਿੰਘ**
**ਸਫੇ : 508, ਮੁੱਲ : 1095 ਰੁਪਏ**
**ਲੋਕ ਗੀਤ ਪ੍ਰਕਾਸ਼ਨ, ਮੁਹਾਲੀ**

‘ਤਸਬੀ ਤੋਂ ਤਵੀ ਤੱਕ’ ਪੁਸਤਕ ਵੱਡੇ ਅਕਾਰ, ਤਿੰਨ ਭਾਗਾਂ ਵਿੱਚ ਪ੍ਰਕਾਸ਼ਤ ਕੀਤੀ ਗਈ ਹੈ। ਇਸ ਦੇ ਲੇਖਕ ਗੁਰਮੁਖ ਸਿੰਘ ਨੇ ਨੌਕਰੀ ਤੋਂ ਵਿਹਲੇ ਹੋ ਕੇ ਇਹ ਕਿਤਾਬ ਲਿਖੀ ਹੈ। ਉਸ ਨੇ ਦੋ ਸ਼ਬਦ ’ਚ ਕਿਹਾ ਕਿ ਗੁਰਦੁਆਰਾ ਸਾਹਿਬ ’ਚ ਨਿੱਤ ਦਿਨ ‘ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਰੋਜ਼ਾਨਾ ਹੁੰਦੀ ਸੀ। ਇਹ ਕਥਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੋਂ ਸ਼ੁਰੂ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤੱਕ ਕਈ ਸਾਲਾਂ ’ਚ ਪੂਰੀ ਹੋਈ। ਲੇਖਕ ਉਸ ਕਥਾ ਨੂੰ ਰੋਜ਼ ਸੁਣਦਾ ਤੇ ਘਰ ਜਾ ਕੇ ਲਿਖ ਲੈਂਦਾ। ਇਸ ਤਰ੍ਹਾਂ ਲੇਖਕ ਗੁਰੂਆਂ ਦਾ ਜੀਵਨ ਫ਼ਲਸਫ਼ਾ ਆਮ ਜਨਤਾ ਨੂੰ ਸਮਝਾਉਣ ਲਈ ਇਸ ਕਥਾ ਨੂੰ ਤਿੰਨ ਭਾਗਾਂ ’ਚ ਲਿਖਦਾ ਹੈ। ਤਿੰਨਾਂ ਭਾਗਾਂ ਦੇ ਪੰਨੇ ਤਕਰੀਬਨ 1726 ਬਣਦੇ ਹਨ।




ਪਹਿਲੇ ਭਾਗ ’ਚ ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਦੇ ਜੀਵਨ, ਬਾਣੀ ਅਤੇ ਕਾਰਜਾਂ ਦਾ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਅਤੇ ਬਾਣੀ ਦੀ ਵਿਸਥਾਰ ਨਾਲ ਵਿਆਖਿਆ ਕੀਤੀ ਗਈ ਹੈ। ਉਸ ਤੋਂ ਉਪਰੰਤ ਗੁਰੂ ਅੰਗਦ ਦੇਵ ਜੀ ਦਾ ਜੀਵਨ ਹੈ। ਭਾਈ ਲਹਿਣਾ ਜੀ ਦਾ ਜ਼ਿਕਰ, ਸਿੱਧਾਂ ਨਾਲ ਮੁਲਾਕਾਤ, ਗੁਰੂ ਅੰਗਦ ਦਾ ਜੀਵਨ ਥੋੜ੍ਹੇ ਪੰਨਿਆਂ ’ਚ ਹੈ। ਗੁਰੂ ਅਮਰਦਾਸ ਜੀ ਦਾ ਗੋਇੰਦਵਾਲ ਵਿਖੇ ਦਾ ਜੀਵਨ, ਅਕਬਰ ਦਾ ਜ਼ਿਕਰ ਆਦਿ ਰੌਚਿਕਤਾ ਭਰਪੂਰ ਹੈ। ਅੱਗੇ ਲੇਖਕ ਗੁਰੂ ਰਾਮਦਾਸ ਜੀ ਦਾ ਜੀਵਨ ਬਿਆਨ ਕਰਦਾ ਹੈ। ਬਿਧੀਚੰਦ, ਪ੍ਰਿਥੀਚੰਦ, ਭਾਈ ਲਹਿਣਾ, ਬੀਬੀ ਭਾਨੀ, ਬਾਬਾ ਬੁੱਢਾ ਜੀ ਨਾਲ ਸੰਵਾਦ ਅਤੇ ਸੰਬੰਧ ਦੇ ਪ੍ਰਸੰਗ ਰੌਚਿਕ ਢੰਗ ਨਾਲ ਬਿਆਨ ਕੀਤੇ ਹਨ।

ਗੋਇੰਦਵਾਲ ਵਿਖੇ ਗੁਰੂ ਅਰਜਨ ਦੇਵ ਜੀ ਦੇ ਜੀਵਨ ਨੂੰ ਬਿਆਨ ਕਰਦਾ ਲੇਖਕ ਉਨ੍ਹਾਂ ਦੇ ਜੀਵਨ ਨੂੰ ਬਿਆਨ ਕਰਦਾ ਹੈ। ਬੀਬੀ ਭਾਨੀ ਤੇ ਭਾਈ ਗੁਰਦਾਸ ਨਾਲ ਹੋਈ ਗੱਲਬਾਤ, ਅੰਮ੍ਰਿਤਸਰ ਪ੍ਰਗਟ ਹੋਣ ਦਾ ਪ੍ਰਸੰਗ, ਗੋਇੰਦਵਾਲ ਤੇ ਅੰਮ੍ਰਿਤਸਰ ਦੇ ਕਾਰਜ ਬਾਰੇ ਜ਼ਿਕਰ ਹੈ। ਇਸ ਦੇ ਨਾਲ ਲੋਕਾਂ ਦੇ ਜੀਵਨ ਨੂੰ ਲਿਖਤ ’ਚ ਬਿਆਨ ਕੀਤਾ ਗਿਆ ਹੈ। ਜ਼ਿੰਮੀਦਾਰ ਜੋ ਮੁਗਲਾਂ ਤੇ ਤੁਰਕਾਂ ਦੇ ਅਧੀਨ ਸਨ, ਉਨ੍ਹਾਂ ਦਾ ਵਿਹਾਰ ਕਿਸ ਤਰ੍ਹਾਂ ਦਾ ਸੀ। ਭਾਈ ਸੰਤੋਖ ਸਿੰਘ ਨੇ ਇਹ ਲਿਖਤ ਭਾਵੇਂ ਗੁਰੂ ਦੇ ਜੀਵਨ ਬਾਰੇ ਲਿਖੀ ਹੈ, ਪਰ ਉਸ ਵੇਲੇ ਦੇ ਰਾਜਸੀ, ਸਮਾਜਿਕ ਅਤੇ ਧਾਰਮਿਕ ਜੀਵਨ ਦਾ ਵੀ ਪਤਾ ਲੱਗਦਾ ਹੈ।

## ਮੀਰੀ ਪੀਰੀ ਤੋਂ ਸ਼ਹਾਦਤ ਤੱਕ

**ਰਚਨਾਕਾਰ-ਗੁਰਮੁਖ ਸਿੰਘ**
**ਸ.ਫੇ : 640, ਮੁੱਲ : 1095 ਰੁਪਏ**
**ਲੋਕ ਗੀਤ ਪ੍ਰਕਾਸ਼ਨ, ਮੁਹਾਲੀ**

ਇਸ ਭਾਗ ’ਚ ਗੁਰੂ ਹਰਗੋਬਿੰਦ ਜੀ, ਗੁਰੂ ਹਰਿਰਾਇ ਸਾਹਿਬ ਜੀ, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਗੁਰੂ ਤੇਗ ਬਹਾਦਰ ਜੀ ਦੇ ਜੀਵਨ ਫ਼ਲਸਫ਼ੇ ਨੂੰ ਕਲਮਬੰਦ ਕੀਤਾ ਗਿਆ ਹੈ। ਗੁਰੂ ਹਰਗੋਬਿੰਦ ਦਾ ਸਮਾਂ ਰਾਜਸੀ ਉਥਲ-ਪੁਥਲ ਦਾ ਸਮਾਂ ਸੀ। ਜੀਵਨ ਸਾਵਾਂ ਤੇ ਸਿੱਧਾ ਨਹੀਂ ਸੀ। ਤੁਰਕ ਸਿੱਖੀ ਦਾ ਘਾਣ ਕਰਨ ਲਈ ਕਈ ਤਰ੍ਹਾਂ ਦੇ ਹੱਥਕੰਡੇ ਵਰਤ ਰਹੇ ਸਨ। ਜਹਾਂਗੀਰ, ਸ਼ਾਹਜਹਾਨ ਦਾ ਹਰਗੋਬਿੰਦ ਪ੍ਰਤੀ ਵਰਤਾਓ ਦਾ ਵਰਨਣ ਹੈ। ਇਸ ਸਮੇਂ ’ਚ ਸਿੱਖੀ ਤੇ ਗੁਰੂ ਬਹੁਤ ਨਾਜ਼ੁਕ ਦੌਰ ’ਚੋਂ ਲੰਘ ਰਹੇ ਸਨ, ਗਵਾਲੀਅਰ ਦੇ ਕਿਲ੍ਹੇ ਦਾ ਪ੍ਰਸੰਗ, ਸੱਤਾ ਨਾਲ ਜੰਗ, ਜ਼ੁਲਮ, ਤਿਆਗ, ਸੇਵਾ, ਨਿਆਂ, ਸ਼ਹਾਦਤ ਤੇ ਲੜਾਈਆਂ ਆਦਿ ਦੇ ਪ੍ਰਸੰਗ ਆਉਂਦੇ ਹਨ। ਗੁਰੂ ਤੇਗ ਬਹਾਦਰ ਦਾ ਜੀਵਨ ਸਿੱਖੀ ਨੂੰ ਬਚਾਉਣ ਤੇ ਸੰਘਰਸ਼ ’ਚ ਬੀਤਿਆ। ਪ੍ਰਿਥੀਚੰਦ, ਧੀਰ ਮੱਲ, ਸੋਢੀਆਂ ਦੀਆਂ 22 ਮੰਜੀਆਂ, ਮੱਖਣ ਸ਼ਾਹ ਲੁਬਾਣਾ ਦਾ ਵਰਨਣ ਕੀਤਾ ਗਿਆ ਹੈ। ਇਹ ਸਮਾਂ ਅਰਾਜਕਤਾ ਦਾ ਸੀ। ਮੀਰੀ ਪੀਰੀ ਦਾ ਸਿਧਾਂਤ, ਅਕਾਲ ਤਖ਼ਤ ਦਾ ਮਹੱਤਵ, ਬੰਦੀਛੋੜ, ਸਿੱਖਾਂ ਨੂੰ ਸੰਤ ਸਿਪਾਹੀ ਬਣਾਉਣ ਦੇ ਸੰਕਲਪ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਹਰਿਰਾਇ ਦੇ ਦਇਆ, ਸੇਵਾ, ਮਨੁੱਖਤਾ ਦੇ ਭਲੇ ਦੇ ਕਾਰਜਾਂ ਨੂੰ ਸੁਚੱਜੇ ਢੰਗ ਨਾਲ ਬਿਆਨ ਕੀਤਾ ਹੈ। ਕਿਤਾਬ ਇਤਿਹਾਸ ਦੇ ਨਾਲ ਨਾਲ ਸਿੱਖੀ ਦੇ ਸਿਧਾਂਤ, ਆਦਰਸ਼, ਨਿਆਂ, ਸੁਚੱਜਾ ਜੀਵਨ ਵੀ ਸਾਨੂੰ ਦੱਸਦੀ ਹੈ।




## ਨਿਸਚੈ ਕਰਿ ਅਪਨੀ ਜੀਤ ਕਰੋਂ

**ਰਚਨਾਕਾਰ-ਗੁਰਮੁਖ ਸਿੰਘ**
**ਸ.ਫੇ-528, ਮੁੱਲ-995**
**ਲੋਕ ਗੀਤ ਪ੍ਰਕਾਸ਼ਨ, ਮੁਹਾਲੀ**

ਤੀਜੇ ਭਾਗ ’ਚ ਗੁਰੂ ਗੋਬਿੰਦ ਸਿੰਘ ਦੇ ਜੀਵਨ, ਸੰਘਰਸ਼ ਤੇ ਸਿੱਖੀ ਸਿਦਕ ਬਾਰੇ ਗੁਰੂ ਗੱਦੀ ਤੋਂ ਲੈ ਕੇ ਸ਼ਹਾਦਤ ਤੱਕ ਨੂੰ ਵਿਸਥਾਰ ਨਾਲ ਲਿਖਿਆ ਹੈ। ਮੁਗਲ ਸਲਤਨਤ ਔਰੰਗਜ਼ੇਬ ਵੱਲੋਂ ਸਿੱਖੀ ਦਾ ਘਾਣ ਅਤੇ ਪੀਰ ਬੁੱਧੂ ਸ਼ਾਹ ਨਾਲ ਮਿਲਾਪ, ਜੰਗਾਂ, ਖਾਲਸਾ ਪੰਥ ਦੀ ਸਾਜਣਾ, ਭਾਈ ਨੰਦ ਲਾਲ ਨਾਲ ਮਿਲਾਪ, ਮਸੰਦ ਪ੍ਰਥਾ ਦਾ ਅੰਤ ਕਰਨਾ, ਲੰਗਰ ਦਾ ਮਹੱਤਵ, ਲੋਹਗੜ੍ਹ ਕਿਲ੍ਹਾ, ਮਾਧੋ ਦਾਸ ਬੈਰਾਗੀ ਨਾਲ ਮਿਲਾਪ ਅਤੇ ਹੋਰ ਅਨੇਕਾਂ ਪ੍ਰਸੰਗ ਜੋ ਗੁਰੂ ਗੋਬਿੰਦ ਸਿੰਘ ਨਾਲ ਜੁੜੇ ਹੋਏ ਹਨ, ਉਹ ਪੜ੍ਹਨ ਤੇ ਸਮਝਣ ਨੂੰ ਮਿਲਦੇ ਹਨ। ਇਹ ਭਾਗ ਗੁਰੂ ਗੋਬਿੰਦ ਸਿੰਘ ਉੱਤੇ ਕੇਂਦਰਤ ਹੈ, ਉਸ ਦੇ ਨਾਲ-ਨਾਲ ਸਿੱਖਾਂ ਵਿੱਚ ਨਿਡਰਤਾ, ਆਤਮ-ਬੱਲ ਦੀ ਗੱਲ ਵੀ ਕੀਤੀ ਗਈ ਹੈ। 1699 ਦੀ ਵਿਸਾਖੀ ਦੇ ਇਤਿਹਾਸਕ ਪ੍ਰਸੰਗ ਨੂੰ ਵਿਸਥਾਰ ਨਾਲ ਪੇਸ਼ ਕੀਤਾ ਗਿਆ ਹੈ। ਪੰਜ ਪਿਆਰਿਆਂ ਰਾਹੀਂ ਜਾਤ-ਪਾਤ ਨੂੰ ਤੋੜਨ ਦਾ ਰਾਹ ਦੱਸਿਆ ਤੇ ਖਾਲਸਾ ਪੰਥ ਦੀ ਸਥਾਪਨਾ ਕੀਤੀ। ਇਹ ਸਮਾਂ ਯੁੱਧ, ਜੰਗਾਂ ਦਾ ਰਿਹਾ। ਚਮਕੌਰ ਦੀ ਜੰਗ, ਸਰਸਾ ਨਦੀ ’ਤੇ ਪਿਆ ਵਿਛੋੜਾ, ਸਾਹਿਬਜ਼ਾਦਿਆਂ ਦੀ ਸ਼ਹਾਦਤ, ਮਾਤਾ ਗੁਜਰੀ ਦੇ ਧੀਰਜ ਦਾ ਵਰਣਨ ਹੈ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਗੁਰਗੱਦੀ ਦਾ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪਣ ਤੱਕ ਜ਼ਿਕਰ ਹੈ। ਤਿੰਨੇ ਭਾਗ ਬੜੇ ਵਿਸਥਾਰ ਨਾਲ ਗੁਰੂਆਂ ਤੇ ਉਸ ਵੇਲੇ ਦੀ ਸਮਾਜਿਕ, ਰਾਜਸੀ ਤੇ ਧਾਰਮਿਕ ਸਥਿਤੀ ਬਿਆਨ ਕਰਦੇ ਹਨ। ਚੇਤੇ ਰਹੇ ‘ਗੁਰ ਪ੍ਰਤਾਪ ਸੂਰਜ ਗ੍ਰੰਥ ਛੰਦਾਂਬੰਦੀ ’ਚ ਲਿਖਿਆ ਗਿਆ ਹੈ। ਗੁਰਮੁਖ ਸਿੰਘ ਨੇ ਸੁਣੀ ਹੋਈ ਵਿਆਖਿਆ ਨੂੰ ਸੁਚੱਜੇ ਰੂਪ ਤੇ ਵਿਧੀ ਨਾਲ ਤਿੰਨ ਭਾਗਾਂ ਵਿੱਚ ਲਿਖਿਆ ਹੈ।




**- ਭਗਵੰਤ ਰਸੂਲਪੁਰੀ**
**ਮੋਬਾ. 94170-64350**

# ਪੁਸਤਕ ਰੀਵਿਊ

## ਮਨੁੱਖ ਤੋਂ ਪਰਮਾਤਮਾ ਤੱਕ

**ਡਾ. ਸੁਖਰਾਜ ਸਿੰਘ ਬਾਜਵਾ**
**ਪੰਨੇ : 164, ਮੁੱਲ : 250 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

9 ਪਾਠਾਂ ’ਤੇ ਆਧਾਰਤ ਇਹ ਪੁਸਤਕ ਮਨੁੱਖ ਦੀ ਉਤਪਤੀ ਸੰਬੰਧੀ ਸੱਚਾਈ ਤੋਂ ਗੱਲ ਸ਼ੁਰੂ ਕਰਦੀ ਹੈ। ਲੇਖਕ ਚਾਰਲਸ ਡਾਰਵਿਨ ਦੇ ਸਿਧਾਂਤ ਤੋਂ ਗੱਲ ਸ਼ੁਰੂ ਕਰਕੇ ਬੀਗਲ ਦੇ ਵਿਕਾਸਵਾਦ ਦੇ ਸਿਧਾਂਤ ਦਾ ਵਿਸਤਾਰ ਸਹਿਤ ਵਰਣਨ ਕਰਦਾ ਹੈ। ਉਹ ਗਲਾਪਾਗੋਸ ਟਾਪੂ ਦੀ ਉਦਾਹਰਣ ਲੈ ਸੰਬੰਧਤ ਸਿਧਾਂਤਾਂ ਬਾਰੇ ਜਾਣਕਾਰੀ ਦਿੰਦਾ ਹੈ ਅਤੇ ਡਾਰਵਿਨ ਦੇ ਸਿਧਾਂਤ ਨੂੰ ਦਲੀਲਾਂ ਸਹਿਤ ਬਿਆਨਦਾ ਹੈ। The Descent of Man ਅਤੇ Selection in Relation to Sex ਦੇ ਵਿਵਾਦਾਂ ਨੂੰ ਮੁੱਦਾ ਬਣਾਉਂਦਾ ਹੋਇਆ ਉਹ ਮਨੁੱਖੀ ਜਨਮ ਦੀ ਸਾਰੀ ਪ੍ਰਕਿਰਿਆ ਬਾਰੇ ਵਿਸਤਾਰ ਵਿੱਚ ਦੱਸਦਾ ਹੈ। ਅਗਲੇ ਪਾਠ ਵਿੱਚ ਉਹ ਆਦਿ ਮਨੁੱਖ ਦੇ ਡਰ, ਸਹਿਮ ਤੇ ਸੁਰੱਖਿਆ ਦੀਆਂ ਬੁਝਾਰਤਾਂ ਦੇ ਹੱਲ ਕੁਦਰਤ ਸੰਬੰਧੀ ਉਸ ਦੀ ਅਗਿਆਨਤਾ ਵਿੱਚੋਂ ਤਲਾਸ਼ਦਾ ਹੈ। ਜਾਨਵਰ, ਕੁਦਰਤੀ ਆਫਤਾਂ ਅਤੇ ਬਿਮਾਰੀ ਆਦਿ ਲੌਕਿਕ ਵਸਤਾਂ ਦੇ ਡਰਾਂ ਦੇ ਨਾਲ-ਨਾਲ ਉਹ ਅਲੌਕਿਕ ਆਤਮਾਵਾਂ ਅਤੇ ਭੂਤਾਂ ਆਦਿ ਦੇ ਡਰ ਨੂੰ ਬਿਆਨਦਾ ਹੋਇਆ ਇਹਨਾਂ ਦੇ ਹੱਲ ਜਾਦੂ, ਟੂਣੇ ਅਤੇ ਹੋਰ ਅਨੁਸ਼ਠਾਨਾਂ ਵਿੱਚੋਂ ਲੱਭਣ ਦੀ ਕੋਸ਼ਿਸ਼ ਕਰਦਾ ਹੈ।




ਫਿਰ ਲੇਖਕ ਗੱਲ ਸ਼ੁਰੂ ਕਰਦਾ ਹੈ ਰੱਬ ਦੀ ਰਚਨਾ ਦੀ, ਮਨੁੱਖ ਦੀ ਤੁੱਛ ਕਲਪਨਾ ਰਾਹੀਂ ਉਹ ਰੱਬ ਨੂੰ ਸਮਝਣ ਦਾ ਯਤਨ ਕਰਦਾ ਹੈ ਅਤੇ ਰੱਬ ਦੀ ਸੁਰੱਖਿਆ ਹੇਠ ਅਲੌਕਿਕ ਤਾਕਤਾਂ ਤੋਂ ਬਚਾਅ ਮਹਿਸੂਸ ਕਰਦਾ ਹੈ। ਅਗਲੇ ਪਾਠਾਂ ਵਿੱਚ ਉਹ ਧਰਮ, ਧਾਰਮਿਕ ਗ੍ਰੰਥਾਂ ਅਤੇ ਜਾਤੀ-ਪ੍ਰਥਾ ਆਦਿ ਬਾਰੇ ਵਿਚਾਰ ਚਰਚਾ ਕਰਦਾ ਹੋਇਆ ਵਿਗਿਆਨਕ ਸੋਚ ਤੇ ਧਾਰਮਿਕ ਵਿਸ਼ਵਾਸ ਦੀ ਤੁਲਨਾ ਕਰਦਾ ਹੈ। ਇਸੇ ਆਧਾਰ ’ਤੇ ਉਹ ਮਨੁੱਖ ਕੇਂਦਰਤ ਇਸ ਸਾਰੀ ਕਾਇਨਾਤ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ।

**- ਡਾ. ਸੰਦੀਪ ਰਾਣਾ**

## DIVORCE IS NOT THE END

**(ਨਾਵਲ)**
**ਮਨਜੀਤ ਕੌਰ**
**ਪੰਨੇ : 144, ਮੁੱਲ : 270 ਰੁਪਏ**
**ਹੁਨਰ ਪਬਲੀਕੇਸ਼ਨਜ਼, ਭੁਨਰਹੇੜੀ, ਪਟਿਆਲਾ**

ਮਨਜੀਤ ਕੌਰ ਦਾ ਹਥਲਾ ਨਾਵਲ DIVORCE IS NOT THE END ਸਮਾਜ ਦੀ ਅਜੋਕੇ ਸਮੇਂ ਦੀ ਗੰਭੀਰ ਸਮੱਸਿਆ ਨੂੰ ਲੈ ਕੇ ਪਲੇਠੀ ਰਚਨਾ ਕੀਤੀ ਗਈ ਹੈ। ਇਸ ਨਾਵਲ ‘ਤਲਾਕ ਅੰਤ ਨਹੀਂ’ ਨਾਲ ਲੇਖਿਕਾ ਨੇ ਸਾਹਿਤਕ ਪਿੜ ਵਿੱਚ ਪਰਵੇਸ਼ ਕੀਤਾ ਹੈ। ਨਾਵਲ ਵਿਚ ਛੋਟੇ-ਛੋਟੇ ਤੇਈ ਵੱਖ-ਵੱਖ ਕਾਂਡ ਸਿਰਲੇਖਾਂ ਨਾਲ ਦਰਜ ਹਨ। ਇਸ ਨਾਵਲ ਵਿੱਚੋਂ ਲੰਘਦਿਆਂ ਨਾਵਲ ਦੀ ਨਾਇਕਾ ਜੀਤ ਦੇ ਜੀਵਨ ਦਾ ਬਿਰਤਾਂਤ ਮਿਲਦਾ ਹੈ। ਕੁੜੀ ਦੇ ਪੇਕਿਆਂ ਤੋਂ ਆਖ਼ਰੀ ਮੁਕਾਮ ਤੱਕ ਸਫ਼ਰ ਤਹਿ ਕਰਦਿਆਂ ਧੁਰੋਂ ਲਿਖੇ ਲੇਖਾਂ ਨੂੰ ਹੀ ਮੰਨਿਆ ਗਿਆ ਹੈ। ਸਮਾਜ ਦੀਆਂ ਵਿਸੰਗਤੀਆਂ ਅੰਧਵਿਸ਼ਵਾਸ, ਧਰਮ ਅਤੇ ਜਾਤ-ਪਾਤ ਤੋਂ ਉੱਪਰ ਉੱਠ ਕੇ ਜੀਤ ਜ਼ਿਆਦਾ ਕਰਮ ਵਿਚ ਵਿਸ਼ਵਾਸ ਰੱਖਦੀ ਹੈ। ਬਾਹਰ ਜਾਣ ਦੀ ਲੱਗੀ ਹੋੜ ਵਿਚ ਜੀਤ ਅਤੇ ਹੋਰ ਸਹਿਪਾਠਣਾਂ ਗਗਨਦੀਪ ਪੀ.ਟੀ.ਈ ਦਾ ਕੋਰਸ ਕਰਨ ਲਗਦੀਆਂ ਹਨ। ਕੋਰਸ ਦੌਰਾਨ ਗਗਨਦੀਪ ਨੂੰ ਜੀਤ ਦੀ ਉਮਰ ਦਾ ਪਤਾ ਲੱਗਣ ’ਤੇ ਆਪਣੇ ਮਾਮੇ ਕੁਲਵੀਰ ਨਾਲ ਵਿਆਹ ਦੀ ਗੱਲ ਕਰਦੀ ਹੈ, ਜਿਹੜਾ ਕੇਵਲ ਦਸ ਪਾਸ ਹੈ ਅਤੇ ਯੂ.ਕੇ ਜਾਣਾ ਚਾਹੁੰਦਾ ਹੈ।




ਜੀਤ ਅਤੇ ਕੁਲਵੀਰ ਦਾ ਵਿਆਹ ਹੁੰਦੇ ਹੀ ਕੋਰੋਨਾ ਦਾ ਦੌਰ ਸ਼ੁਰੂ ਅਤੇ ਕੁਲਵੀਰ ਦੇ ਘਰ ਦੇ ਬਦਲਦੇ ਹਾਲਾਤ ਨੂੰ ਹੋਇਆ ਦਿਖਾਇਆ ਗਿਆ ਹੈ। ਜਿੱਥੇ ਜੀਤ ਅਤੇ ਪਰਵਾਰ ਵਾਲੇ ਗੁਰੂ ਗ੍ਰੰਥ ਸਾਹਿਬ ਦੀ ਓਟ ਲੈਂਦੇ ਹਨ, ਉੱਥੇ ਕੁਲਵੀਰ ਦਾ ਪਰਵਾਰ ਕਹਿਣ ਨੂੰ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ, ਪਰ ਡੇਰਿਆਂ, ਪੰਡਤਾਂ ਆਦਿ ਵਿਚ ਜ਼ਿਆਦਾ ਵਿਸ਼ਵਾਸ ਰੱਖਦਾ ਹੈ ਅਤੇ ਇਸ ਤੋਂ ਵੀ ਅੱਗੇ ਕੁਲਵੀਰ ਨੂੰ ਜਨਮ ਤੋਂ ਨਸ਼ੇ ਦੀ ਓਵਰ ਡੋਜ਼ ਉਸ ਨੂੰ ਉਸ ਦੀ ਮਾਂ ਸੋਮਾ ਦਿੰਦੀ ਹੈ, ਕਿਉਂਕਿ ਉਹ ਇਕ ਗੰਦੀ ਔਰਤ ਹੈ, ਜਿਸ ਦੇ ਸੰਬੰਧ ਘਰ ਕੰਮ ਕਰਦੇ ਜਗਨੇ ਨਾਲ ਹਨ, ਜਿਸ ਦਾ ਪਤਾ ਜੀਤ ਨੂੰ ਲੱਗਦੇ ਹੀ ਜੀਤ ਉਪਰ ਉਸ ਦੀ ਸੱਸ, ਪਤੀ ਅਤੇ ਨਣਾਨਾਂ ਵੱਲੋਂ ਸ਼ੁਰੂ ਹੁੰਦਾ ਹੈ। ਜੀਤ ਦਾ ਚਾਚਾ ਸਹੁਰਾ ਸਾਰਾ ਭੇਦ ਖੋਲ੍ਹਦਾ ਹੈ। ਇਹ ਵੀ ਪਤਾ ਲਗਦਾ ਹੈ ਕਿ ਮਾੜੀ ਸੱਸ ਸੋਮਾ ਨੇ ਇਸੇ ਕਰਕੇ ਆਪਣੇ ਪਤੀ ਸੁਰਜੀਤ ਦਾ ਕਤਲ ਕੀਤਾ। ਇੱਥੋਂ ਤੱਕ ਹੀ ਨਹੀਂ, ਸਗੋਂ ਪੈਸਾ ਕਮਾਉਣ ਲਈ ਆਪਣੀ ਨੂੰਹ ਨੂੰ ਇਹ ਕਹਿਣਾ ਕਿ ਤੇਰੇ ਕੋਲ ਸਰੀਰ ਹੈ ਤੇ ਮੇਰੇ ਕੋਲ ਤਜਰਬਾ। ਮੇਰੇ ਕੋਲ ਸਰਕਾਰੇ-ਦਰਬਾਰੇ ਅਜਿਹੇ ਬੰਦੇ ਹਨ, ਜਿਨ੍ਹਾਂ ਕੋਲੋਂ ਜਿੰਨੀ ਕਮਾਈ ਯੂ ਕੇ ਜਾ ਕੇ ਕਰਨੀ ਹੈ, ਉਸ ਤੋਂ ਵੱਧ ਇੱਥੇ ਹੋ ਸਕਦੀ ਹੈ। ਇਸ ਦੇ ਨਾਂਹ ਕਰਨ ’ਤੇ ਜੀਤ ਉਪਰ ਅੱਤਿਆਚਾਰ ਵਧ ਜਾਂਦਾ ਹੈ, ਪਰ ਜੀਤ ਘਰ ਜੋੜਨ ਲਈ ਅਤੇ ਵਿਦੇਸ਼ ਜਾਣ ਲਈ ਚੁੱਪ-ਚਾਪ ਅੱਤਿਆਚਾਰ ਸਹਿੰਦੀ ਹੈ। ਜੀਤ ਦੇ ਸਹੁਰਿਆਂ ਵੱਲੋਂ ਆਨੀਂ-ਬਹਾਨੀਂ ਜੀਤ ਦੇ ਪਰਵਾਰ ਤੋਂ ਪੈਸਾ ਮੰਗਣਾ ਵੀ ਦਾਜ ਹੀ ਹੈ।

ਫਿਰ ਜੀਤ ਦੇ ਸਹੁਰਿਆਂ ਵੱਲੋਂ ਪੁਲਸ ਅਤੇ ਰਾਜਨੀਤਕ ਲੋਕਾਂ ਨਾਲ ਗੰਢ-ਤੁੱਪ ਕਰਕੇ ਜੀਤ ਨੂੰ ਹਰਸ਼ ਕਰਨ ਦੀ ਵਿੱਥਿਆ ਬਿਆਨ ਹੁੰਦੀ ਹੈ। ਇਸ ਨਾਵਲ ਤੋਂ ਪਤਾ ਲੱਗਦਾ ਹੈ ਕਿ ਸਮਾਜ ਵਿਚ ਸ਼ਰੀਫ਼ ਆਦਮੀ ਦੀ ਕੋਈ ਬੁੱਕਤ ਨਹੀਂ ਹੈ ਅਤੇ ਜਿਸ ਕੀ ਲਾਠੀ ਉਸ ਕੀ ਭੈਂਸ ਵਾਲੀ ਕਹਾਵਤ ਵਾਂਗ ਲੁੱਚਿਆਂ ਦਾ ਬੋਲਬਾਲਾ ਹੈ। ਜੀਤ ਵੱਲੋਂ ਮਦਦ ਮੰਗਣ ’ਤੇ ਪਤਾ ਲੱਗਦਾ ਹੈ ਕਿ ਸਾਰੇ ਸਾਕ-ਸੰਬੰਧੀਆਂ ਵੱਲੋਂ ਉਸ ਦੇ ਮੋਬਾਈਲ ਨੰਬਰ ਨੂੰ ਬਲੌਕ ਕਰ ਦਿੱਤਾ ਜਾਂਦਾ ਹੈ। ਫਿਰ ਜੀਤ ਆਪਣੇ ਮਾਪਿਆਂ ਦੇ ਖਰਚ ’ਤੇ ਸਿੰਗਾਪੁਰ ਜਾ ਕੇ ਸੰਸਕਾਰੀ ਪਾਤਰ ਹੋਣ ਕਰਕੇ ਰਿਸ਼ਤੇ ਬਚਾਉਣ ਲਈ ਵਾਪਸ ਆਉਂਦੀ ਹੈ, ਪਰ ਕੋਈ ਗੱਲ ਨਹੀਂ ਬਣਦੀ ਅਤੇ ਮੁੜ ਸਿੰਗਾਪੁਰ, ਆਸਟ੍ਰੇਲੀਆ ਜਾ ਕੇ ਸੈੱਟ ਹੋ ਜਾਂਦੀ ਹੈ। ਜਿਸ ਤਲਾਕ ਦੇ ਨਾਂਅ ਤੋਂ ਬਚਣ ਦੀ ਕੋਸ਼ਿਸ਼ ਕਰਦੀ ਰਹੀ, ਅਖੀਰ ਤਲਾਕ ਲੈਣਾ ਹੀ ਪਿਆ, ਪਰ ਉਸ ਅਨੁਸਾਰ ਤਲਾਕ ਅੰਤ ਨਹੀਂ ਹੈ, ਸਗੋਂ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਹੈ।

ਨਾਵਲਕਾਰਾ ਨੇ ਨਾਵਲ ਦੇ ਹਰ ਭਾਗ ਵਿੱਚ ਮਿਤੀਆਂ ਦਰਜ ਕੀਤੀਆਂ ਹਨ, ਜਿਵੇਂ ਕੋਈ ਡਾਇਰੀ ਲਿਖ ਰਹੀ ਹੋਵੇ। ਨਾਵਲ ਵਿਚ ਇਹ ਲਿਖਣਾ ਕਿ ਲੁਧਿਆਣਾ ਗੁਰਦੁਆਰੇ ਵਿਚ ਇਕ ਹਜ਼ਾਰ ਰੁਪਏ ਵਿਚ ਕਮਰਾ ਕਿਰਾਏ ’ਤੇ ਮਿਲਦਾ ਹੈ, ਅਚੰਭਿਤ ਗੱਲ ਲਗਦੀ ਹੈ। ਕੁਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਨਾਵਲ ਗੰਭੀਰਤਾ ਨਾਲ ਲਿਖਿਆ ਗਿਆ ਹੈ ਅਤੇ ਕੁੜੀਆਂ ਨੂੰ ਸੁਚੇਤ ਹੋ ਕੇ ਵਿਆਹ ਕਰਨ ਲਈ ਦਿਸ਼ਾ-ਨਿਰਦੇਸ਼ ਦਿੰਦਾ ਹੈ।

**— ਤੇਜਿੰਦਰ ਚੰਡਿਹੋਕ**

## ਕੱਕੇ ਰੇਤੇ ’ਤੇ ਪਈਆਂ ਪੈੜਾਂ

**(ਡਾ. ਕਰਮਜੀਤ ਸਿੰਘ ਨਾਲ ਇੰਟਰਵਿਊ)**
**ਤ੍ਰਿਪਤਾ ਕੇ. ਸਿੰਘ**
**ਪੰਨੇ : 136, ਮੁੱਲ : 250 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਤ੍ਰਿਪਤਾ ਕੇ. ਸਿੰਘ ਪੰਜਾਬੀ ਸਾਹਿਤ ਖਾਸ ਕਰ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਂਅ ਹੈ। ਉਸ ਦੁਆਰਾ ਡਾ. ਕਰਮਜੀਤ ਸਿੰਘ ਨਾਲ ਕੀਤੀ ਇੰਟਰਵਿਊ ਨੂੰ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਕਰਵਾਇਆ ਗਿਆ ਹੈ। ਇਹ ਇੰਟਰਵਿਊ ਡਾ. ਕਰਮਜੀਤ ਸਿੰਘ ਦੀ ਜ਼ਿੰਦਗੀ, ਉਹਨਾਂ ਦਾ ਦੁਆਬੇ ਦੀ ਲੋਕਧਾਰਾ ਦੇ ਖੇਤਰ ਵਿੱਚ ਕੀਤਾ ਖੋਜ ਦਾ ਕੰਮ ਅਤੇ ਉਹਨਾਂ ਦੀ ਵਿਦਿਆਰਥੀਆਂ ਤੇ ਪਾਠਕਾਂ ਨੂੰ ਪ੍ਰੇਰਨਾ ਦੇਣ ਵਾਲੀ ਸ਼ਖ਼ਸੀਅਤ ਨਾਲ ਰੂਬਰੂ ਕਰਾਉਣ ਦੇ ਮਕਸਦ ਨਾਲ ਕੀਤੀ ਗਈ ਹੈ। ਤ੍ਰਿਪਤਾ ਕੇ. ਸਿੰਘ ਅਨੁਸਾਰ ਉਹ ਇਸ ਮੁਲਾਕਾਤ ਨੂੰ ਇੱਕ ਲੇਖ ਜਾਂ ਆਰਟੀਕਲ ਵਜੋਂ ਲਿਖਣਾ ਚਾਹੁੰਦੀ ਸੀ, ਪਰੰਤੂ ਹੌਲੀ-ਹੌਲੀ ਇਹ ਮੁਲਾਕਾਤ ਵਿਸਥਾਰ ਲੈਂਦੀ ਗਈ ਤੇ ਇੱਕ ਪੁਸਤਕ ਦਾ ਰੂਪ ਲੈ ਪ੍ਰਕਾਸ਼ਿਤ ਹੋਈ। ਸਭ ਤੋਂ ਪਹਿਲੇ ਪ੍ਰਸ਼ਨ ਦੇ ਜਵਾਬ ਵਿੱਚ ਵਿਸਥਾਰ-ਪੂਰਵਕ ਜਾਣਕਾਰੀ ਦਿੰਦੇ ਹੋਏ ਡਾ. ਕਰਮਜੀਤ ਸਿੰਘ ਦੱਸਦੇ ਹਨ ਕਿ ਉਹਨਾਂ ਨੂੰ ਲੋਕ ਗੀਤਾਂ ਨਾਲ ਮੁਹੱਬਤ ਕਦੋਂ ਤੇ ਕਿਵੇਂ ਹੋਈ। ਉਹਨਾਂ ਦੱਸਿਆ ਕਿ ਉਂਞ ਤਾਂ ਹਰ ਵਿਆਹ ’ਤੇ ਗਾਏ ਜਾਣ ਵਾਲੇ ਗੀਤ ਉਹਨਾਂ ਨੂੰ ਆਕਰਸ਼ਿਤ ਕਰਦੇ ਸਨ, ਪਰ ਅਸਲ ਗੀਤਾਂ ਨਾਲ ਮੁਹੱਬਤ ਉਹਨਾਂ ਨੇ ਆਪਣੇ ਵਿਆਹ ਵੇਲੇ ਮਹਿਸੂਸ ਕੀਤੀ। ਫਿਰ ਉਹ ਟੇਪ ਰਿਕਾਰਡ ਦੀ ਮਦਦ ਨਾਲ ਇਹਨਾਂ ਗੀਤਾਂ ਨੂੰ ਰਿਕਾਰਡ ਕਰਨ ਲੱਗੇ ਤੇ ਇਹ ਕਾਰਜ ਹੌਲੀ-ਹੌਲੀ ਜਨੂੰਨ ਹੀ ਬਣਨ ਲੱਗ ਪਿਆ। 1981 ਵਿੱਚ ਕੁਰੁਕਸ਼ੇਤਰ ਯੂਨੀਵਰਸਿਟੀ ਵਿੱਚ ਨੌਕਰੀ ਲੱਗਣ ’ਤੇ ਇਹ ਕੰਮ ਛੁੱਟੀਆਂ ਦੇ ਦਿਨਾਂ ਵਿੱਚ ਹੋਣ ਲੱਗਾ, ਜਿਸ ਦੇ ਸਿੱਟੇ ਵਜੋਂ ਉਹ ਰੇਡੀਓ ਤੋਂ ਇੱਕ ਬਹੁਤ ਮਕਬੂਲ ਪ੍ਰੋਗਰਾਮ ਬਣਾਉਣ ਵਿੱਚ ਕਾਮਯਾਬ ਵੀ ਹੋਏ। ਇਸ ਮੁਲਾਕਾਤ ਵਿੱਚ ਉਹ ਲੋਕਧਾਰਾ ਦੇ ਖੇਤਰ ਵਿੱਚ ਹੋਰਨਾਂ ਵਿਦਵਾਨਾਂ ਦੁਆਰਾ ਕੀਤੇ ਜਾ ਰਹੇ ਕੰਮ ਬਾਰੇ ਵੀ ਜਾਣਕਾਰੀ ਦਿੰਦੇ ਹਨ। ਡਾ. ਕਰਮਜੀਤ ਸਿੰਘ ਅਗਲੇ ਪ੍ਰਸ਼ਨ ਦੇ ਉੱਤਰ ਵਿੱਚ ਆਪਣੇ ਦੁਆਰਾ ਸੰਗ੍ਰਹਿਤ ਕੀਤੀਆਂ ਲੋਕ ਕਥਾਵਾਂ ਦੀ ਜਾਣਕਾਰੀ ਵੀ ਦਿੰਦੇ ਹਨ ਅਤੇ ਉਹਨਾਂ ਖੋਜ ਕਾਰਜਾਂ ਬਾਰੇ ਵੀ ਦੱਸਦੇ ਹਨ ਜੋ ਪੰਜਾਬੀ ਲੋਕਧਾਰਾ ਬਾਰੇ ਅੰਗਰੇਜ਼ ਵਿਦਵਾਨਾਂ ਨੇ ਕੀਤੇ ਹਨ। ਉਹਨਾਂ ਨੇ ਵਾਪਸ ਉਸ ਦਾ ਅਨੁਵਾਦ ਪੰਜਾਬੀ ਵਿੱਚ ਕੀਤਾ ਹੈ। ਇੱਕ ਪ੍ਰਸ਼ਨ ਦੇ ਉੱਤਰ ਵਿੱਚ ਉਹ ਆਪਣੀ ਅਨੁਵਾਦਿਤ, ਪਰ ਵਿਵਾਦਿਤ ਪੁਸਤਕ ‘ਰਜਨੀਸ਼ ਬੇਨਕਾਬ’ ਬਾਰੇ ਵੀ ਵਿਸਥਾਰ ਵਿੱਚ ਜਾਣਕਾਰੀ ਦਿੰਦੇ ਹਨ। ਨਾਲ ਹੀ ਉਹ ਲੋਕਧਾਰਾ ਦੇ ਖੇਤਰ ਵਿੱਚ ਆਪਣੇ ਖੋਜ ਕਾਰਜ ਅਤੇ ਸੰਗ੍ਰਹਿਣ ਕਾਰਜ ਬਾਰੇ ਵੀ ਸੰਬੰਧਤ ਪ੍ਰਸ਼ਨਾਂ ਦੇ ਉੱਤਰ ਦਿੰਦੇ ਹਨ। ਇਸ ਕੰਮ ਲਈ ਉਹ ਆਪਣੇ ਪਰਵਾਰ ਦੇ ਸ਼ੁਕਰਗੁਜ਼ਾਰ ਹੁੰਦੇ ਹਨ ਤੇ ਇਸ ਸਮੇਂ ਆਈਆਂ ਦਿੱਕਤਾਂ ਦੀ ਗੱਲ ਵੀ ਕਰਦੇ ਹਨ। ਇਹਨਾਂ ਤੋਂ ਅਗਲੇ ਪ੍ਰਸ਼ਨਾਂ ਦੇ ਉੱਤਰ ਵਿੱਚ ਉਹ ਕੁਰੁਕਸ਼ੇਤਰ ਯੂਨੀਵਰਸਿਟੀ ਵਿੱਚ ਨੌਕਰੀ ਕਰਦੇ ਹੋਏ ਆਉਣ ਵਾਲੀਆਂ ਦੁਸ਼ਵਾਰੀਆਂ ਅਤੇ ਉੱਥੇ ਚੱਲਣ ਵਾਲੀ ਰਾਜਨੀਤੀ ਦੀ ਗੱਲ ਵੀ ਕਰਦੇ ਹਨ। ਇਸ ਸੰਬੰਧ ਵਿੱਚ ਉਹ ਉੱਥੇ ਕੰਮ ਕਰਦਿਆਂ ਕਈ ਅਧਿਆਪਕਾਂ ਦੇ ਨਾਵਾਂ ਸਮੇਤ ਸਾਰੀ ਜਾਣਕਾਰੀ ਦਿੰਦੇ ਹਨ। ਆਪਣੀ ਪੜ੍ਹਾਈ, ਆਪਣੀ ਸਿਹਤ ਅਤੇ ਵਿਆਹੁਤਾ ਜ਼ਿੰਦਗੀ ਦੇ ਕਈ ਤਜਰਬੇ ਸਾਂਝੇ ਕਰਕੇ ਡਾ. ਕਰਮਜੀਤ ਸਿੰਘ ਇਸ ਇੰਟਰਵਿਊ ਨੂੰ ਕਾਮਯਾਬ ਬਣਾ ਦਿੰਦੇ ਹਨ। ਇਸ ਸਾਰੀ ਗੱਲਬਾਤ ਨੂੰ ਸੰਰਚਨਾਬੱਧ ਢੰਗ ਨਾਲ ਸਿਰੇ ਚਾੜ੍ਹਨ ਲਈ ਤ੍ਰਿਪਤਾ ਕੇ. ਸਿੰਘ ਵੀ ਵਧਾਈ ਦੀ ਪਾਤਰ ਬਣਦੀ ਹੈ।




**—ਡਾ. ਸੰਦੀਪ ਰਾਣਾ**

# ਦੂਜੀ ਕਥਾਕਾਰ ਮਿਲਣੀ ’ਚ ਅਤਰਜੀਤ ਤੇ ਪਰਮਜੀਤ ਮਾਨ ਨੂੰ ਐਵਾਰਡ

**ਲੁਧਿਆਣਾ** : ਬੀਤੇ ਦਿਨੀਂ ਪੰਜਾਬੀ ਭਵਨ, ਲੁਧਿਆਣਾ ਵਿਖੇ ਕਰਵਾਈ ਗਈ ਗ਼ਦਰੀ ਬਾਬਾ ਭਾਨ ਸਿੰਘ ਸੁਨੇਤ ਦੀ ਯਾਦ ਨੂੰ ਸਮਰਪਿਤ ‘ਕਥਾਕਾਰ ਮਿਲਣੀ-2’ ਯਾਦਗਾਰੀ ਹੋ ਨਿੱਬੜੀ। ਪੰਜਾਬ ਪੱਧਰੀ ਇਸ ਸਾਹਿਤਕ ਸਮਾਗਮ ਦਾ ਮਕਸਦ ਪੰਜਾਬੀ ਦੇ ਕਥਾਕਾਰਾਂ, ਆਲੋਚਕਾਂ, ਵਿਦਵਾਨਾਂ ਅਤੇ ਪਾਠਕਾਂ ਨੂੰ ਇੱਕ ਮੰਚ ’ਤੇ ਇਕੱਠਾ ਕਰਕੇ ਪੰਜਾਬੀ ਕਹਾਣੀ ਦੀ ਪਰੰਪਰਾ, ਸਮਕਾਲੀ ਸਰੋਕਾਰਾਂ ਅਤੇ ਨਵੇਂ ਪਸਾਰਿਆਂ ਬਾਰੇ ਸਾਰਥਿਕ ਸੰਵਾਦ ਸਿਰਜਣਾ ਸੀ।



ਸਮਾਗਮ ਦੀ ਸ਼ੁਰੂਆਤ ਜਸਵੰਤ ਸਿੰਘ ਜ਼ਫ਼ਰ ਮੁੱਖ ਪ੍ਰਬੰਧਕ ਅਲਫ਼ਾਜ਼ ਦੇ ਨਾਲ ਹੋਰ ਅਹੁਦੇਦਾਰਾਂ ਅਤੇ ਮਹਿਮਾਨਾਂ ਵੱਲੋਂ ਸਾਂਝੇ ਤੌਰ ’ਤੇ ਬੂਟਾ ਲਗਾਉਣ ਦੀ ਰਸਮ ਨਾਲ ਹੋਈ।ਸਾਹਿਤਕਾਰ ਕੇ.ਐੱਲ. ਗਰਗ ਨੂੰ ਸ਼ਰਧਾਂਜਲੀ ਦੇਣ ਉਪਰੰਤ ਡਾ. ਜਸਵਿੰਦਰ ਕੌਰ ਬਿੰਦਰਾ ਨੇ ਸਵਾਗਤੀ ਸ਼ਬਦ ਸਾਂਝੇ ਕੀਤੇ। ਡਾ. ਤਰਲੋਕ ਬੰਧੂ ਨੇ ‘ਕਥਾਕਾਰ ਮਿਲਣੀ ਦੇ ਉਦੇਸ਼ ਅਤੇ ਸਾਹਿਤਕ ਮਹੱਤਤਾ’ ਬਾਰੇ ਵਿਚਾਰ ਪ੍ਰਗਟ ਕੀਤੇ।

ਪਹਿਲੇ ਸੈਸ਼ਨ ਦਾ ਸੰਚਾਲਨ ਪ੍ਰੋਗਰਾਮ ਦੇ ਸਹਿ-ਕਨਵੀਨਰ ਡਾ. ਕਮਲਜੀਤ ਕੌਰ ਬਾਂਗਾ ਨੇ ਕੀਤਾ। ਉਨ੍ਹਾਂ ਨੇ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਸੁਨੇਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਡਾ. ਪਰਮਜੀਤ ਅਤੇ ਡਾ. ਜੇ.ਬੀ. ਸੇਖੋਂ ਨੂੰ ਪੰਜਾਬੀ ਕਹਾਣੀ ਨਾਲ ਸੰਬੰਧਤ ਆਪਣੇ ਪਰਚੇ ਪੇਸ਼ ਕਰਨ ਲਈ ਸੱਦਾ ਦਿੱਤਾ।ਦੋਹਾਂ ਵਿਦਵਾਨਾਂ ਨੇ ਦੂਜੇ ਪੜਾਅ ’ਤੇ ਸਮਕਾਲੀ ਕਹਾਣੀ ਦੀ ਬਹੁਪੱਖੀ ਪੜਚੋਲ ਕੀਤੀ।

ਇਸ ਮੌਕੇ ਸ. ਬਲਦੇਵ ਸਿੰਘ ਸੜਕਨਾਮਾ ਨੇ ਕਿਹਾ ਕਿ ਕਹਾਣੀਕਾਰਾਂ ਨੂੰ ਆਲੋਚਨਾ ਤੋਂ ਡਰਨ ਦੀ ਲੋੜ ਨਹੀਂ। ਉਨ੍ਹਾਂ ਵੱਡੀ ਗਿਣਤੀ ’ਚ ਇਕ ਥਾਂ ਇਕੱਠੇ ਕਹਾਣੀਕਾਰਾਂ ਨੂੰ ਦੇਖ ਕੇ ਖ਼ੁਸ਼ੀ ਵੀ ਪ੍ਰਗਟ ਕੀਤੀ। ਡਾ. ਬਲਦੇਵ ਸਿੰਘ ਧਾਲੀਵਾਲ ਨੇ ਆਪਣੇ ਭਾਸ਼ਣ ’ਚ ਆਪਣੀ ਪਸੰਦ ਦੇ ਕਹਾਣੀਕਾਰਾਂ ਦੀ ਖੁੱਲ੍ਹ ਕੇ ਤਾਰੀਫ਼ ਕੀਤੀ।

ਕੁਲਦੀਪ ਸਿੰਘ ਬੇਦੀ ਨੇ ਕਥਾਕਾਰ ਮਿਲਣੀ ਨੂੰ ਸਾਰਥਿਕ ਉਪਰਾਲਾ ਕਿਹਾ। ਇਕ ਪੈਨਲ ਚਰਚਾ ’ਚ ਐੱਚ.ਐੱਸ. ਡਿੰਪਲ (ਪ੍ਰੋਗਰਾਮ ਕਨਵੀਨਰ), ਦੀਪਤੀ ਬਬੂਟਾ ਅਤੇ ਸੁਖਪਾਲ ਸਿੰਘ ਥਿੰਦ ਨੇ ਇਤਿਹਾਸ, ਕਥਾ-ਵਿਧਾ ਅਤੇ ਸਮਕਾਲੀ ਕਹਾਣੀ ਦੇ ਵੱਖ-ਵੱਖ ਪੱਖਾਂ ’ਤੇ ਵਿਚਾਰ ਸਾਂਝੇ ਕੀਤੇ। ਭੁਪਿੰਦਰ ਮਾਨ ਨੇ ਸੂਤਰਧਾਰ ਦੀ ਭੂਮਿਕਾ ਨਿਭਾਉਂਦਿਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਹਾਣੀ ਦੇ ਪ੍ਰਸੰਗ ਵਿੱਚ ਕਥਾ ਦੀਆਂ ਵੱਖ-ਵੱਖ ਪਰਤਾਂ ਨੂੰ ਸੰਵਾਦ ਰਾਹੀਂ ਸਮਝਣ ਦਾ ਯਤਨ ਕੀਤਾ।

ਦੂਜੇ ਸੈਸ਼ਨ ਦੀ ਸ਼ੁਰੂਆਤ ਰਾਜਪ੍ਰੀਤ ਕੌਰ ਬੈਨੀਪਾਲ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਜਸਪਾਲ ਮਾਨਖੇੜਾ ਨੇ ਮੰਚ ਸੰਚਾਲਨ ਕਰਦਿਆਂ ਕਹਾਣੀ ਨਾਲ ਜੁੜੇ ਸਵਾਲਾਂ ਅਤੇ ਸਰੋਤਿਆਂ ਦੀਆਂ ਜਿਗਿਆਸਾਵਾਂ ਨੂੰ ਸੰਵਾਦ ਦੇ ਰੂਪ ਵਿੱਚ ਅੱਗੇ ਤੋਰਿਆ। ਇਸ ਸੈਸ਼ਨ ’ਚ ਅਜਮੇਰ ਸਿੱਧੂ, ਭਗਵੰਤ ਰਸੂਲਪੁਰੀ, ਸਰੂਪ ਸਿਆਲਵੀ, ਸੁਰਿੰਦਰ ਨੀਰ, ਬਲਜੀਤ ਰੈਣਾ, ਰੇਮਨ ਤੇ ਹੋਰਨਾਂ ਨੇ ਕਹਾਣੀ ਦੇ ਵੱਖ-ਵੱਖ ਮਸਲਿਆਂ ’ਤੇ ਆਪਣੇ ਵਿਚਾਰ ਪ੍ਰਗਟ ਕੀਤੇ।

ਸਮਾਗਮ ਵਿੱਚ ਕਰੀਬ 50 ਕਥਾਕਾਰਾਂ, ਆਲੋਚਕਾਂ, ਵਿਦਵਾਨਾਂ ਅਤੇ ਪਾਠਕਾਂ ਨੇ ਸ਼ਮੂਲੀਅਤ ਕੀਤੀ। ਚਰਚਾ ਦੌਰਾਨ ਕਹਾਣੀ ਦੀ ਬਦਲ ਰਹੀ ਪ੍ਰਕਿਰਤੀ, ਮੌਜੂਦਾ ਚੁਣੌਤੀਆਂ ਅਤੇ ਭਵਿੱਖੀ ਸੰਭਾਵਨਾਵਾਂ ’ਤੇ ਗੰਭੀਰ ਵਿਚਾਰ-ਵਟਾਂਦਰਾ ਹੋਇਆ। ਨਵੀਂ ਪੀੜ੍ਹੀ ਦੇ ਕਥਾਕਾਰਾਂ ਅਤੇ ਸਥਾਪਤ ਸਾਹਿਤਕਾਰਾਂ ਵਿਚਕਾਰ ਹੋਇਆ ਸਿੱਧਾ ਸੰਵਾਦ ਸਮਾਗਮ ਦਾ ਵਿਸ਼ੇਸ਼ ਆਕਰਸ਼ਣ ਰਿਹਾ।

ਪੰਜਾਬੀ ਕਥਾ ਅਤੇ ਸਾਹਿਤ ਵਿੱਚ ਲੰਮੇ ਸਮੇਂ ਤੋਂ ਯੋਗਦਾਨ ਪਾਉਣ ਵਾਲੇ ਪ੍ਰਸਿੱਧ ਕਹਾਣੀਕਾਰ ਅਤਰਜੀਤ ਅਤੇ ਪਰਮਜੀਤ ਸਿੰਘ ਮਾਨ ਨੂੰ ਉਨ੍ਹਾਂ ਦੀ ਸਾਹਿਤਕ ਸੇਵਾ ਲਈ ਲਾਈਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਵਿਦੇਸ਼ੀ ਸਾਹਿਤਕਾਰਾਂ ਵੱਲੋਂ ਲਾਇਵ ਹਾਜ਼ਰੀ ਨਾਲ ਸੁਨੇਹੇ ਭੇਜ ਸੰਵਾਦ ਰਚਣਾ ਅਨੋਖੀ ਪਿਰਤ ਰਿਹਾ। ‘ਕਥਾਕਾਰ ਮਿਲਣੀ’ ਦੇ ਮੁੱਖ ਆਯੋਜਕ ਕਹਾਣੀਕਾਰ ਅਲਫ਼ਾਜ਼ ਨੇ ਕਿਹਾ ਕਿ ਇਸ ਉਪਰਾਲੇ ਦਾ ਮਕਸਦ ਪੰਜਾਬੀ ਕਹਾਣੀ ਦੀ ਅਮੀਰ ਵਿਰਾਸਤ ਨੂੰ ਵਰਤਮਾਨ ਕਥਾ-ਸਿਰਜਣਾ ਨਾਲ ਜੋੜਦਿਆਂ ਕਥਾਕਾਰ ਅਤੇ ਪਾਠਕ ਦਰਮਿਆਨ ਜੀਵੰਤ ਸਾਹਿਤਕ ਸੰਵਾਦ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ‘ਕਥਾਕਾਰ ਮਿਲਣੀ-2’ ਨੇ ਇਸ ਸਾਹਿਤਕ ਉਪਰਾਲੇ ਨੂੰ ਨਵਾਂ ਵਿਸਥਾਰ ਦਿੰਦਿਆਂ ਪੰਜਾਬੀ ਕਥਾ ਦੇ ਸੰਵਾਦ ਲਈ ਇੱਕ ਸਾਰਥਕ ਮੰਚ ਵਜੋਂ ਆਪਣੀ ਪਛਾਣ ਹੋਰ ਮਜ਼ਬੂਤ ਕੀਤੀ ਹੈ।

ਇਸ ਮੌਕੇ ਮੰਚ ਦੇ ਬਾਕੀ ਅਹੁਦੇਦਾਰਾਂ ਨੇ ਆਪ-ਮੁਹਾਰੇ ਹੋਏ ਭਰਵੇਂ ਇਕੱਠ ’ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਮਾਗਮ ਪਾਠਕ- ਲੇਖਕ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰੇਗਾ ਤੇ ਇਸ ਸਮਾਗਮ ਦੀ ਗੂੰਜ ਦੇਰ ਤੱਕ ਪੈਂਦੀ ਰਹੇਗੀ।

ਅੰਤ ਮੌਕੇ ਕਹਾਣੀ ਅਤੇ ਸਾਹਿਤ ਦੇ ਖੇਤਰ ਨਾਲ ਜੁੜੀ ਹਰ ਸ਼ਖ਼ਸੀਅਤ ਨੂੰ ਮੰਚ ਵੱਲੋਂ ਸਨਮਾਨਤ ਕੀਤਾ ਗਿਆ । ਇਸ ਮੌਕੇ ਗੁਰੂ ਕਾ ਅਟੁੱਟ ਲੰਗਰ, ਨਾਮਧਾਰੀ ਟਰੱਸਟ, ਭੈਣੀ ਸਾਹਿਬ ਵੱਲੋਂ ਚਲਾਇਆ ਗਿਆ। ਮਿਲਣੀ ’ਚ ਸੁਰਜੀਤ ਜੱਜ, ਹਰਮੀਤ ਵਿਦਿਆਰਥੀ, ਮੱਖਣ ਮਾਨ, ਬਿੰਦਰ ਬਸਰਾ, ਜਤਿੰਦਰ ਹਾਂਸ, ਜਸਵੀਰ ਰਾਣਾ, ਸਾਂਵਲ ਧਾਮੀ, ਬਲਵਿੰਦਰ ਗਰੇਵਾਲ, ਕੁਲਵੰਤ ਗਿੱਲ, ਬਲਬੀਰ ਕੌਰ ਰੀਹਲ, ਰਘਵੀਰ ਸਿੰਘ ਮਾਨ, ਅਨੇਮਨ, ਡਾ. ਸੰਦੀਪ ਰਾਣਾ, ਮੁਖਤਿਆਰ ਸਿੰਘ, ਕੁਲਦੀਪ ਸਿੰਘ ਦੀਪ ਤੇ ਹੋਰ ਕਥਾਕਾਰ ਵੀ ਪੁੱਜੇ।

ਕਥਾਕਾਰ ਮੰਚ ਦੇ ਬਾਕੀ ਅਹੁਦੇਦਾਰ ਬਲਵੰਤ ਫਰਵਾਲੀ, ਸੁਖਵਿੰਦਰ ਕੈਲੀਬਰ, ਆਗਾਜ਼ਬੀਰ, ਰਾਜ ਸੁਖਰਾਜ, ਲਖਵਿੰਦਰ ਵਿਰਕ, ਪਵਿੱਤਰ ਕੌਰ ਮਾਟੀ, ਸਤਵੀਰ ਕੌਰ ਸੱਗੂ, ਤਰਲੋਕ ਬੰਧੂ, ਗੁਰਮਾਨ ਸੈਣੀ ਨੇ ਸਭ ਦਾ ਧੰਨਵਾਦ ਕਰਦਿਆਂ ਅਗਲੇ ਸਾਲ ਮਿਲਣ ਦਾ ਵਾਅਦਾ ਕੀਤਾ ।

# ਸਮਕਾਲ

---- ਭਗਵੰਤ ਰਸੂਲਪੁਰੀ----

## ਪੰਜਾਬੀ ਲੇਖਕ : ਮੈਂਬਰਸ਼ਿਪ ਸੂਚੀ ਅੰਕ

ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦਾ ਬੁਲਾਰਾ ‘ਪੰਜਾਬੀ ਲੇਖਕ’ ਮੈਂਬਰਸ਼ਿਪ ਸੂਚੀ 2026-2029 ਅੰਕ ਵਜੋਂ ਪ੍ਰਕਾਸ਼ਤ ਹੋਇਆ ਹੈ। ਅੰਕ ਦੇ ਟਾਇਟਲ ਉੱਤੇ ਸੁਰਜੀਤ ਪਾਤਰ ਦੀ ਸ਼ਾਇਰੀ ਨੂੰ ਰੂਪਮਾਨ ਕਰਦੀ ਪੇਂਟਿੰਗ ਅੰਕ ਦੀ ਦਿੱਖ ਨੂੰ ਸੁੰਦਰ ਬਣਾਉਂਦੀ ਹੈ। ਸੰਪਾਦਕੀ ਕੇਂਦਰੀ ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੇ ‘ਵਿਰਾਸਤ ਸੰਭਾਲਣ ਦੇ ਨਾਲ ਨਾਲ ਅੱਗੇ ਵੀ ਤੋਰੀ ਜਾਂਦੀ ਹੈ’ ਤਹਿਤ ਲਿਖੀ ਹੈ। ਚੋਣ ਅਧਿਕਾਰੀ ਲਖਵਿੰਦਰ ਸਿੰਘ ਜੌਹਲ (ਡਾ.) ਵੱਲੋਂ ਸਭਾ ਦੀਆਂ ਚੋਣਾਂ ਦੀ ਤਰੀਖ 25 ਅਕਤੂਬਰ, 26 ਨੂੰ 9 ਤੋਂ ਸ਼ਾਮ 4 ਵਜੇ ਤੱਕ ਦਾ ਐਲਾਨ ਕੀਤਾ ਗਿਆ ਹੈ। ਚੋਣ ਲੜਨ ਦੇ ਚਾਹਵਾਨ 14 ਅਕਤੂਬਰ, 26 ਤੱਕ ਨਾਮਜ਼ਦਗੀ ਪੱਤਰ ਦੇ ਸਕਦੇ ਹਨ। ਅਤੇ 16 ਨੂੰ ਚੋਣ ਲੜਨ ਵਾਲੇ ਉਮੀਦਵਾਰਾਂ ਦਾ ਚੋਣ ਅਧਿਕਾਰੀ ਵੱਲੋਂ ਐਲਾਨ ਕਰ ਦਿੱਤਾ ਜਾਵੇਗਾ। ਵੋਟਾਂ 25-10-26 ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੈਣਗੀਆਂ। ਅੱਗੇ ਕੇਂਦਰੀ ਸਭਾ ਦਾ ਸੰਵਿਧਾਨ ਦਿੱਤਾ ਗਿਆ ਹੈ। ਅਗਲੇ ਪੰਨੇ ਉੱਤੇ 1956 ਤੋਂ ਹੁਣ ਤੱਕ ਸਭਾ ਦੇ ਪ੍ਰਧਾਨ ਤੇ ਜਨਰਲ ਸਕੱਤਰ ਦਾ ਵੇਰਵਾ ਛਪਿਆ ਹੈ। ਅੱਗੇ ਚੋਣ ਲੜਨ, ਪੱਤਰ ਵਾਪਸ ਲੈਣ ਤੇ ਹੋਰ ਬਿਨੈ ਪੱਤਰ ਦੇ ਨਮੂਨੇ ਪ੍ਰਕਾਸ਼ਤ ਕੀਤੇ ਗਏ ਹਨ। ਅਗਲੇ ਪੰਨਿਆਂ ਉੱਤੇ ਕੇਂਦਰੀ ਸਭਾ ਨਾਲ ਜੁੜੇ 1946+19 ਜੀਵਨ ਮੈਂਬਰਾਂ ਦੀ ਸੂਚੀ ਅਤੇ 1235 ਸਭਾਵਾਂ ਦੇ ਮੈਂਬਰਾਂ ਦੀ ਸੂਚੀ ਪ੍ਰਕਾਸ਼ਤ ਕੀਤੀ ਗਈ ਹੈ। ਜੋ ਆਪਣੀ ਵੋਟ ਦੇ ਅਧਿਕਾਰ ਦੀ ਵਰਤੋ ਕਰਨਗੇ। ਅੰਤਲੇ ਪੰਨਿਆਂ ਉੱਤੇ ਕੇਂਦਰੀ ਸਭਾ ਨਾਲ ਜੁੜੀਆਂ 77 ਸਭਾਵਾਂ ਦਾ ਵੇਰਵਾ ਦਿੱਤਾ ਗਿਆ ਹੈ। ਅੰਕ ਵਿੱਚੋਂ ਕੇਂਦਰੀ ਸਭਾ ਦੇ ਚੁਣੇ ਹੋਏ ਮੈਂਬਰਾਂ ਦੀ ਸੂਚੀ ਅਤੇ ਸਰਗਰਮੀਆਂ ਦੀਆਂ ਤਸਵੀਰਾਂ ਛਪੀਆਂ ਹਨ। ਅੰਕ ਸੋਹਣਾ ਪ੍ਰਕਾਸ਼ਤ ਹੋਇਆ ਹੈ। ‘ਪੰਜਾਬੀ ਲੇਖਕ’ ਦਾ ਮੁੱਲ 200 ਰੁਪਏ, ਸਫ਼ੇ 250, ਮੁੱਖ ਸੰਪਾਦਕ : ਸੁਸ਼ੀਲ ਦੁਸਾਂਝ (98887-99870, 98728-23110) ਸੰਪਾਦਕ : ਦੀਪ ਦੇਵਿੰਦਰ ਸਿੰਘ, ਦਫ਼ਤਰ ਕੇਂਦਰੀ ਪੰਜਾਬੀ ਲੇਖਕ ਸਭਾ, 102, ਦੂਜੀ ਮੰਜ਼ਿਲ, ਮੋਨਾ ਪੈਰਾਡਾਈਜ਼, ਸ਼ਿਵਾਲਿਕ ਸਿਟੀ, ਮੋਹਾਲੀ।




## ਚਿਰਾਗ਼: ਬੱਬਰ ਅਕਾਲੀ ਤੇ ਆਦਿ ਧਰਮ ਲਹਿਰ ’ਤੇ ਵਿਸ਼ੇਸ਼

‘ਚਿਰਾਗ਼’ ਦਾ ਅਕਤੂਬਰ-ਦਸੰਬਰ, 2026 ਦਾ ਅੰਕ 133, ਬੱਬਰ ਅਕਾਲੀ ਲਹਿਰ ਅਤੇ ਆਦਿ ਧਰਮ ਲਹਿਰ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਅੰਕ ਵੱਜੋਂ ਪ੍ਰਕਾਸ਼ਤ ਕੀਤਾ ਗਿਆ ਹੈ। ਡਾ. ਜਸਵੰਤ ਰਾਏ ਨੇ ‘ਤੇ ਜੰਗ ਜਾਰੀ ਹੈ’ ਤੇ ਸੰਪਾਦਕੀ ਲਿਖੀ ਹੈ। ‘ਬੱਬਰ ਗੂੰਜ’ ਤਹਿਤ ਗ਼ਦਰ ਦੀ ਕਵਿਤਾ ਦੇ ਨਾਲ ਆਦਿ ਧਰਮ ਲਹਿਰ ਦੇ ਕਵੀ ਮੰਗੂ ਰਾਮ, ਗੁਰਦਾਸ ਰਾਮ ਆਲਮ, ਧੰਨਾ ਸਿੰਘ ਲੰਗੇਰੀ, ਚਾਨਣ ਲਾਲ ਮਾਣਕ, ਪੰਡਤ ਸੰਤ ਰਾਮ ਨੂੰ ਪ੍ਰਕਾਸ਼ਤ ਕੀਤਾ ਹੈ। ਡਾ. ਗੁਰਦੇਵ ਸਿੰਘ ਸਿੱਧੂ (ਅੰਡੇਮਾਨ ਜੇਲ੍ਹ ਵਿੱਚ ਬੱਬਰਾਂ ਦੀ ਬੜ੍ਹਕ ਅਤੇ ਪ੍ਰਸ਼ਾਸਨ ਦੀ ਭਿਆਂ), ਵਿਜੈ ਬੰਬੇਲੀ (ਬੱਬਰ ਅਕਾਲੀ ਦੋਆਬਾ ਅਤੇ ਬੱਬਰਾਂ ਦੇ ਹਿੰਦੂ ਮੁਸਲਿਮ ਹਮਸਾਏ), ਡਾ. ਹਰਪ੍ਰੀਤ ਸਿੰਘ (ਬੱਬਰ ਅਕਾਲੀ ਲਹਿਰ ਦਾ ਇਤਿਹਾਸ), ਬਾਬੂ ਮੰਗੂ ਰਾਮ (ਮੇਰੀ ਵਿਦੇਸ਼ ਯਾਤਰਾ), ਬਲਬੀਰ ਮਾਧੋਪੁਰੀ (ਗ਼ਦਰੀ ਬਾਬਾ ਮੰਗੂ ਰਾਮ ਤੇ ਉਨ੍ਹਾਂ ਦੀ ਆਦਿ ਧਰਮ ਲਹਿਰ), ਮਾਰਕ ਜੁਰਜਨਸਮਾਇਰ (ਮੰਗੂ ਰਾਮ ਬਨਾਮ ਗਾਂਧੀ) ਆਦਿ ਦੇ ਮਹੱਤਵਪੂਰਨ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਅੰਤਲੇ ਪੰਨਿਆਂ ਉੱਤੇ ਸ਼ਮਸੇਰ ਮੋਹੀ, ਸੁਰਿੰਦਰਪ੍ਰੀਤ ਘਣੀਆਂ, ਜਸਪਾਲ ਧਾਮੀ, ਬਖਤੌਰ ਧਾਲੀਵਾਲ ਦੀਆਂ ਗ਼ਜ਼ਲਾਂ ਤੇ ਕਵਿਤਾਵਾਂ, ਅਲਫ਼ਾਜ਼ (ਚਵਾਤੀ), ਡਾ. ਜਤਿੰਦਰ ਰੰਧਾਵਾ (ਹੈਪੀ ਫੈਮਿਲੀ ਡੇ) ਤੇ ਅੰਮ੍ਰਿਤਪਾਲ ਕਲੇਰ (ਲਾਂਗਾ ਗੇਲਾ) ਦੀਆਂ ਆਦਿ ਕਹਾਣੀਆਂ ਛਪੀਆਂ ਹਨ। ਛੋਟੇ ਅਕਾਰ ਦੇ ‘ਚਿਰਾਗ਼’ ਵਿੱਚ ਨਿੱਗਰ ਸਮੱਗਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਸੰਪਰਕ : ਸੰਪਾਦਕ ਚਿਰਾਗ਼, ਡਾ. ਜਸਵੰਤ ਰਾਏ (98158-25999), 188/1, ਮੁਹੱਲਾ ਅਕਾਸ਼ ਕਲੋਨੀ, ਹੁਸ਼ਿਆਰਪੁਰ।




## ਊੜਾ : ਸੱਤ ਕਹਾਣੀਆਂ

ਊੜਾ ਦਾ ਦੂਜਾ ਅੰਕ ਛਪ ਕੇ ਪੁੱਜਾ ਏ। ਮੁਰੀਦ ਸੰਧੂ ਦੀ ਸੰਪਾਦਕੀ ‘ਕਲਾ ਦਾ ਪਾਹ ਲੱਗ ਜਾਵੇ’ ਕਲਾ ਦੀ ਗੱਲ ਕਰਦੀ ਹੈ। ਹੱਥਲੇ ਅੰਕ ਵਿੱਚ ਸਿਮਰਨ ਧਾਲੀਵਾਲ (ਰੈੱਡ ਲਾਇਟ), ਅਲਫ਼ਾਜ਼ (ਕਠਪੁਤਲੀ), ਸੁਰਜੀਤ ਕਲਸੀ (ਇੱਥੇ ਹੋਰ ਕੌਣ ਐ ਤੇਰਾ...), ਮੁਨਸ਼ੀ ਪ੍ਰੇਮ ਚੰਦ (ਸਵੈਮਾਣ ਦੀ ਰਾਖੀ), ਜੋਗੇ ਭੰਗਲ (ਖੇਡ ਰਹੀ ਨਾ ਖੇਡ), ਰੋਜ਼ੀ ਸਿੰਘ (ਧੂਏਂ ’ਚੋਂ ਉੱਘੜੇ ਰੰਗ), ਮਨਦੀਪ ਰਿੰਪੀ (ਇੱਕ ਦਿਨ ਦੇ ਚਾਅ ਨੂੰ ਕੀ ਕਰਨਾ ?) ਦੀਆਂ ਕਹਾਣੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਲੇਖਾਂ ਵਿੱਚ ਡਾ. ਮਨਮੋਹਨ (ਮਨ, ਮੀਟ, ਮੱਛੀ ਅਤੇ ਮਹਾਂਪਰਸ਼ਾਦ), ਸੁਕੀਰਤ (ਗੁਆਚੇ ਵਤਨ ਦੀ ਤਲਾਸ਼ ਇਨ ਸਰਚ ਔਫ਼ ਫ਼ਾਤਿਮਾ), ਜਗਵਿੰਦਰ ਜੋਧਾ (ਬਨਾਰਸ ਦੇ ਮੰਦਰ ਵਿੱਚ ਜਗਦਾ ਚਰਾਗ਼), ਬਲਦੇਵ ਧਾਲੀਵਾਲ (ਓਸਲੋ ਇੱਕ ਪੀਂਘ ਸਤਰੰਗੀ), ਸੈਮ ਗੁਰਵਿੰਦਰ (ਪਾਪੂਲਰ, ਪਲਪ ਸਾਹਿਤ ਤੇ ਪੰਜਾਬੀ ਸਾਹਿਤ), ਰਜਵੰਤ ਕੌਰ ਸੰਧੂ (ਮੇਰੇ ਪਿਤਾ ਦੀ ਕੁਰਸੀ) ਮਨਜੀਤ ਪੁਰੀ, ਮਦਨਦੀਪ ਸਿੰਘ, ਸੁਖਪਾਲ ਸਿੰਘ ਥਿੰਦ, ਖਿਤਾਬ ਖਜੂਰੀਆ ਦੇ ਲੇਖ ਤੇ ਵਾਰਤਕ ਦੇ ਵੱਖ ਵੱਖ ਲੇਖ ਪ੍ਰਕਾਸ਼ਤ ਹੋਏ ਹਨ। ਸ਼ੁਰੂ ਵਿੱਚ ਤਕਰੀਬਨ ਦੋ ਦਰਜਨ ਸ਼ਾਇਰਾਂ ਦੀ ਸ਼ਾਇਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਅੰਤ ਵਿੱਚ ਕੁਝ ਕਿਤਾਬਾਂ ਦੀ ਜਾਣ ਪਛਾਣ ਕਰਵਾਈ ਗਈ ਹੈ। ਨਿਰਮਲ ਸਿੰਘ ਧੌਂਸ ਦੀ ਮੁਲਾਕਾਤ ਨਾਲ ਉਸ ਦੇਾ ਰੰਗੀਨ ਚਿੱਤਰ ਪ੍ਰਭਾਵਸ਼ਾਲੀ ਹਨ। ਸੰਪਾਦਕੀ ਸੂਝ ਦੀ ਘਾਟ ਕਾਰਨ ‘ਊੜਾ’ ਦੇ ਪੰਜ ਪੰਨੇ ਖਾਲੀ ਹੀ ਛੱਡ ਦਿੱਤੇ ਹਨ। ਐਨਾ ਕੀਮਤੀ ਕਾਗਜ਼ ਸਾਫ਼ ਛੱਡਣਾ ਸੋਭਾ ਨਹੀਂ ਦਿੰਦਾ। ਪਰਚਾ ਕਿਸ ਮਹੀਨੇ ਤੇ ਕਿਸ ਸਾਲ ਛਪਿਆ ਹੈ ? ਇਸ ਦਾ ਕਿਤੇ ਵੀ ਜ਼ਿਕਰ ਨਹੀਂ। ਇਸ ਕਿਸਮ ਦੀਆਂ ਗ਼ਲਤੀਆਂ ਮੇਰੇ ਵਰਗੇ ਪਾਠਕ ਨੂੰ ਬਹੁਤ ਰੜਕਦੀਆਂ ਹਨ। ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ : ‘ਊੜਾ’ ਪਿੰਡ ਤੇ ਡਾਕ ਲੌਂਗੀ ਵਿੰਡ, ਮੋਗਾ-152028, (82839-49757)




## ਪ੍ਰਤਿਮਾਨ : ਲੇਖ, ਕਹਾਣੀ, ਕਵਿਤਾ ਤੇ ਆਲੋਚਨਾ

ਤ੍ਰੈਮਾਸਿਕ ‘ਪ੍ਰਤਿਮਾਨ’ ਦਾ ਅਕਤੂਬਰ-ਦਸੰਬਰ, 2026 ਛਪ ਗਿਆ ਹੈ। ‘ਏ. ਆਈ. ਦੀ ਤਾਕਤ ਅਤੇ ਮਨੁੱਖਤਾ ਦਾ ਭਵਿੱਖ’ ਤੇ ਸੰਪਾਦਕੀ ਹੈ। ਅਮਰਜੀਤ ਗਰੇਵਾਲ ਦਾ ਜੈਨ ਜ਼ੀ’ ਉੱਤੇ ਵਿਸ਼ੇਸ਼ ਲੇਖ ਛਪਿਆ ਹੈ। ਪ੍ਰਤਿਮਾਨ ਵਿੱਚ ਅਫ਼ਜ਼ਲ ਅਹਿਸਨ ਰੰਧਾਵਾ (ਬੇੜੀਆਂ), ਮੁਖ਼ਤਾਰ ਗਿੱਲ (ਬੁੱਢਾ ਦਰਿਆ), ਜੋਗੇ ਭੰਗਲ (ਮਰਦੀ ਵੀ ਨਹੀਂ ਮਰ ਜਾਣੀ), ਰਵਿੰਦਰ ਰੁਪਾਲ ਕੌਲਗੜ੍ਹ (ਬਿੰਦੀਆ ਚਮਕੇਗੀ) ਦੀਆਂ ਕਹਾਣੀਆਂ ਤੇ ਬਲਦੇਵ ਧਾਲੀਵਾਲ ਦਾ ਸਫ਼ਰਨਾਮਾ ਪ੍ਰਕਾਸ਼ਤ ਹੋਇਆ ਹੋਇਆ ਹੈ। 16 ਸ਼ਾਇਰਾਂ ਵਿੱਚੋਂ ਗੁਰਦੇਵ ਚੌਹਾਨ, ਅਮੀਆ ਕੁੰਵਰ, ਜਸਪਾਲ ਧਾਮੀ, ਸੁਖਵਿੰਦਰ ਹੁੰਦਲ ਤੇ ਹੋਰਨਾਂ ਦੀਆਂ ਕਵਿਤਾਵਾਂ, ਗ਼ਜ਼ਲਾਂ ਤੇ ਗੀਤ ਪੜ੍ਹਨ ਨੂੰ ਮਿਲ ਜਾਂਦੇ ਹਨ। ਅੰਤ ਵਿੱਚ ਡਾ. ਚਰਨਜੀਤ ਕੌਰ, ਦਲਬੀਰ ਕੌਰ, ਡਾ. ਕੰਵਲਦੀਪ ਕੌਰ, ਪਰਮਜੀਤ ਕੌਰ, ਡਾ. ਲੱਛਮੀ ਦੇਵੀ, ਕਰਮਜੀਤ ਕੌਰ, ਪੁਸ਼ਵਿੰਦਰ ਕੌਰ, ਸੰਦੀਪ ਕੌਰ ਆਦਿ ਨਵ ਪ੍ਰਤਿਭਾ ਆਲੋਚਕਾਂ ਦੇ ਆਲੋਚਨਾ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਪਰਚਿਆਂ ਦੀ ਭੀੜ ਵਿੱਚ ਅਮਰਜੀਤ ਕੌਂਕੇ ਪੰਜਾਬੀ ਪੱਤਰਕਾਰੀ ਵਿੱਚ ਆਪਣਾ ਬਣਦਾ ਤੇ ਸਾਰਥਕ ਯੋਗਦਾਨ ਪਾਉਂਦਾ ਆ ਰਿਹਾ ਹੈ।

ਪ੍ਰਤਿਮਾਨ ਦੇ ਸਫ਼ੇ :56 ਤੇ ਮੁੱਲ :100 ਰੁਪਏ ਹੈ। ਸੰਪਾਦਕੀ ਪਤਾ ਹੈ-718, ਰਣਜੀਤ ਨਗਰ-ਏ, ਪਟਿਆਲਾ, e.mail-pratimaan@yahoo.co.in ਸੰਪਾਦਕ : ਡਾ. ਅਮਰਜੀਤ ਕੌਂਕੇ (98142-31698)




## ਸਪਤ ਸਿੰਧੂ : ਪ੍ਰਵੇਸ਼ ਅੰਕ

ਮੁੱਖ ਸੰਪਾਦਕ ਹਰਕੰਵਲਜੀਤ ਕੁਲ ਸਾਹਿਲ ਵੱਲੋਂ ‘ਸਪਤ ਸਿੰਧੂ’ ਦਾ ਪ੍ਰਵੇਸ਼ ਅੰਕ, ਅਕਤੂਬਰ, 26 ਵੱਡੇ ਅਕਾਰ ਵਿੱਚ ਪਰਚਾ ਆਰੰਭ ਕੀਤਾ ਹੈ। ਆਰੰਭ ਵਿੱਚ ਸਪਤ ਸਿੰਧੂ ਵਿੱਚ ਨਾਰੀ ਕਵਿਤਰੀਆਂ ਨੂੰ ਵਿਸ਼ੇਸ਼ ਥਾਂ ਦਿੱਤੀ ਗਈ ਹੈ। ਕੁਝ ਹੋਰ ਲੇਖ ਵੀ ਛਾਪੇ ਗਏ ਹਨ। ਮਹਿੰਗੇ ਕਾਗਜ਼ ਉੱਤੇ ਪ੍ਰਿੰਟਿੰਗ ਵੀ ਮਹਿੰਗੀ ਕੀਤੀ ਹੈ। ਸੰਪਾਦਕ ਨੂੰ ਨਿੱਗਰ ਮੈਟਰ ਚੁਣ ਕੇ ਪ੍ਰਕਾਸ਼ਤ ਕਰਨਾ ਚਾਹੀਦਾ ਹੈ। ਦਵਿੰਦਰ ਮਲਹਾਂਸ ਦੀ ਕਹਾਣੀ ‘ਤਿੱਕੜੀ’ ਛਪੀ ਹੈ। ਬਹੁਤੇ ਨਵੇਂ ਸੰਪਾਦਕ ਦੇਖੋ ਦੇਖੀ ਰਸਾਲਾ ਤਾਂ ਛਾਪਣਾ ਸ਼ੁਰੂ ਕਰ ਦਿੰਦੇ ਹਨ ਪਰ ਨਿੱਗਰ ਤੇ ਮਿਆਰੀ ਮੈਟਰ ਮੰਗਵਾਉਣਾ ਤੇ ਛਾਪਣਾ ਦਿਮਾਗੀ ਸੂਝ ਬੂਝ ਦੀ ਨਿਸ਼ਾਨੀ ਹੈ। ਵਿਦੇਸ਼ੀ ਪੂੰਜੀ ਦੇ ਫੈਲਾਅ ਨਾਲ ਪਰਚੇ ਭਾਵੇਂ ਕੀਮਤੀ ਕਾਗ਼ਤ ਉੱਤੇ ਛਪਣ ਲੱਗ ਪਏ ਹਨ ਪਰ ਰਚਨਾ ਦਾ ਮਿਆਰ ਉੱਚ ਪੱਧਰ ਦਾ ਨਹੀਂ ਰਿਹਾ। ਸੰਪਰਕ ਸੰਪਤ ਸਿੰਧੂ, ਮੁੱਲ 100 ਰੁਪਏ, ਪੰਨੇ 40, ਬਾਬਾ ਬਕਾਲਾ ਸਾਹਿਬ, ਅੰਮ੍ਰਿਤਸਰ, ਸੰਪਰਕ -98787,63437




# ਲਵਪ੍ਰੀਤ ਸਿੰਘ ਨੂੰ ਚੌਥਾ ਪਾਠਕ ਸਨਮਾਨ



**ਬਰਨਾਲਾ**-ਬੀਤੇ ਦਿਨੀਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਵਿਖੇ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਡਾ. ਉਜਾਗਰ ਸਿੰਘ ਮਾਨ ਨੇ ਕੀਤੀ। ਮੈਡਮ ਮਨਦੀਪ ਕੌਰ ਭਦੌੜ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਪ੍ਰਧਾਨ ਤੇਜਿੰਦਰ ਚੰਡਿਹੋਕ ਤੇ ਪਰਵਾਰ ਵੱਲੋਂ ਲਵਪ੍ਰੀਤ ਸਿੰਘ ਭਦੌੜ ਨੂੰ ਚੌਥਾ ਸਰਦਾਰਨੀ ਹਰਦੀਪ ਕੌਰ ਚੰਡਿਹੋਕ ਯਾਦਗਾਰੀ ਸਨਮਾਨ ਭੇਟ ਕੀਤਾ ਗਿਆ, ਜਿਸ ਵਿਚ ਸਨਮਾਨ ਚਿੰਨ੍ਹ, ਲੋਈ, ਨਗਦ ਰਾਸ਼ੀ ਅਤੇ ਪੁਸਤਕਾਂ ਦਾ ਸੈੱਟ ਸ਼ਾਮਲ ਹੈ।

ਚੰਡਿਹੋਕ ਹੁਰਾਂ ਇਸ ਸਨਮਾਨ ਬਾਰੇ ਜਾਣਕਾਰੀ ਦਿੱਤੀ ਕਿ ਇਹ ਸਨਮਾਨ ਨਵੀਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਦੇ ਮਕਸਦ ਨਾਲ ਵੀ ਦਿੱਤਾ ਜਾਂਦਾ ਹੈ। ਸਨਮਾਨ ਬਾਰੇ ਬੋਲਦਿਆਂ ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਨੇ ਲਵਪ੍ਰੀਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਿਸੇ ਪਿਆਰੇ ਦੀ ਯਾਦ ਵਿੱਚ ਇਹ ਸਨਮਾਨ ਇਕ ਚੰਗਾ ਉਪਰਾਲਾ ਹੈ। ਤੇਜਾ ਸਿੰਘ ਤਿਲਕ ਨੇ ਕਿਹਾ ਕਿ ਸਾਨੂੰ ਆਪਣੇ ਵਿਛੜਿਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ।

ਇਸ ਸਮਾਗਮ ਦੌਰਾਨ ਸਭਾ ਦੇ ਪ੍ਰਧਾਨਗੀ ਮੰਡਲ ਵੱਲੋਂ ਡਾ. ਬਿਕਰਮਜੀਤ ਪੁਰਬਾ ਦੀ ਵਾਰਤਕ ਪੁਸਤਕ ‘ਲੀਡਰਸ਼ਿਪ’ ਲੋਕ ਅਰਪਣ ਕੀਤੀ ਗਈ। ਡਾ. ਮਾਨ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਚੰਡਿਹੋਕ ਆਪਣੇ ਜੀਵਨ ਸਾਥੀ ਦੇ ਜਾਣ ਤੋਂ ਬਾਅਦ ਆਪਣੀ ਇਕੱਲਤਾ ਨੂੰ ਦੂਰ ਕਰਕੇ ਵਧੀਆ ਕਾਰਜ ਵਿੱਚ ਕਾਰਜਸ਼ੀਲ ਹਨ। ਡਾ. ਅਮਨਦੀਪ ਸਿੰਘ ਟੱਲੇਵਾਲੀਆ ਜਨਰਲ ਸਕੱਤਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਮੰਚ ਸੰਚਾਲਨ ਬਾਖ਼ੂਬੀ ਨਿਭਾਇਆ। ਸਭਾ ਵੱਲੋਂ ਮੁਫਤ ਵਿੱਚ ਪੁਸਤਕਾਂ ਵੀ ਵੰਡੀਆਂ ਗਈਆਂ।

# ਦੋ ਰੋਜ਼ਾ 31ਵਾਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ

**ਅੰਮ੍ਰਿਤਸਰ**-ਮਿੰਨੀ ਕਹਾਣੀ ਲੇਖਕ ਮੰਚ (ਰਜਿ.) ਅਤੇ ਅਦਾਰਾ ਮਿੰਨੀ ਮੈਗਜ਼ੀਨ ਵੱਲੋਂ ਦੋ ਰੋਜ਼ਾ 31ਵਾਂ ਅੰਤਰਰਾਜੀ ਮਿੰਨੀ ਕਹਾਣੀ ਸਮਾਗਮ ਅਦਾਰਾ ‘ਆਪਣੀ ਅਵਾਜ਼’ ਅਤੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅੰਮ੍ਰਿਤਸਰ ਦੇ ਸਹਿਯੋਗ ਨਾਲ ਮਾਨਾਂਵਾਲਾ ਬ੍ਰਾਂਚ ਪਿੰਗਲਵਾੜਾ ਅੰਮ੍ਰਿਤਸਰ ਦੇ ਮਾਤਾ ਮਹਿਤਾਬ ਕੌਰ ਹਾਲ ਵਿਖੇ ਕਰਵਾਇਆ ਗਿਆ। ਸਮਾਗਮ ’ਚ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਮਿੰਨੀ ਕਹਾਣੀ ਲੇਖਕ ਅਤੇ ਆਲੋਚਕ ਸ਼ਾਮਲ ਹੋਏ। ਪਹਿਲੇ ਦਿਨ ਦੇ ਉਦਘਾਟਨੀ ਸੈਸ਼ਨ ’ਚ ‘ਸਾਹਿਤ ਦਾ ਅਸਲ ਪ੍ਰਯੋਜਨ ਅਤੇ ਸਾਰਥਿਕਤਾ’ ਵਿਸ਼ੇ ’ਤੇ ਮੁੱਖ ਵਕਤੇ ਦੇ ਤੌਰ ’ਤੇ ਡਾ. ਮਨਜਿੰਦਰ ਸਿੰਘ ਸ਼ਾਮਲ ਹੋਏ, ਜਦਕਿ ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਸੁਰਿੰਦਰ ਸਿੰਘ ਸੁੰਨੜ, ਡਾ. ਕੁਲਦੀਪ ਸਿੰਘ ਚੇਅਰਪਰਸਨ, ਪੰਜਾਬੀ ਵਿਭਾਗ ਕੁਰੂਕਸ਼ੇਤਰਾ ਯੂਨੀਵਰਸਿਟੀ, ਡਾ. ਰਾਮ ਮੂਰਤੀ ਅਤੇ ਡਾ. ਅਸ਼ੋਕ ਭਾਟੀਆ ਸ਼ਾਮਲ ਹੋਏ। ਸਮਾਗਮ ਦੀ ਸ਼ੁਰੂਆਤ ਡਾ. ਭਵਾਨੀ ਸ਼ੰਕਰ ਗਰਗ ਨੇ ਮਰਹੂਮ ਸ਼ਾਇਰ ਸੁਰਜੀਤ ਪਾਤਰ ਦੀ ਗਜ਼ਲ ਗਾ ਕੇ ਕੀਤੀ। ਮੰਚ ਦੇ ਸਰਪ੍ਰਸਤ ਹਰਭਜਨ ਸਿੰਘ ਖੇਮਕਰਨੀ ਨੇ ਸਵਾਗਤੀ ਸ਼ਬਦ ਕਹੇ। ਮੰਚ ਦੇ ਆਗੂ ਜਗਦੀਸ਼ ਰਾਏ ਕੁਲਰੀਆਂ ਨੇ ਮੰਚ ਦੇ ਉਦੇਸ਼ਾਂ, ਕਾਰਜ ਅਤੇ ਮਿੰਨੀ ਮੈਗਜ਼ੀਨ ਦੇ ਸਫ਼ਰ ਬਾਰੇ ਚਾਨਣਾ ਪਾਉਂਦੇ ਹੋਏ ਸਮਾਗਮ ਦੀ ਰੂਪਰੇਖਾ ਸਾਂਝੀ ਕੀਤੀ। ਇਸ ਉਪਰੰਤ ਡਾ. ਮਨਜਿੰਦਰ ਸਿੰਘ ਨੇ ਮੁੱਖ ਭਾਸ਼ਣ ਦਿੰਦਿਆਂ ਸਾਹਿਤ ਦੇ ਮਨੁੱਖੀ ਜੀਵਨ ਵਿਚ ਅਸਲੀ ਮਕਸਦ ਬਾਰੇ ਦੱਸਿਆ। ਉਨ੍ਹਾਂ ਭਾਰਤੀ ਦਰਸ਼ਨ ਦੇ ਹਵਾਲੇ ਨਾਲ ਇਸ ਵਿਸ਼ੇ ’ਤੇ ਮੁੱਲਵਾਨ ਗੱਲਾਂ ਕੀਤੀਆਂ। ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਮਨੁੱਖ ਦੀ ਚੇਤਨਾ ਨੂੰ ਹਲੂਨਣ ’ਚ ਸਾਹਿਤ ਮਦਦ ਕਰਦਾ ਹੈ। ਡਾ. ਰਾਮ ਮੂਰਤੀ ਅਤੇ ਡਾ. ਅਸ਼ੋਕ ਭਾਟੀਆ ਨੇ ਗੰਭੀਰ ਨੁਕਤੇ ਉਭਾਰ ਕੇ ਇਸ ਚਰਚਾ ਨੂੰ ਸਿਖ਼ਰ ’ਤੇ ਪਹੁੰਚਾਇਆ। ਇਸੇ ਦੌਰਾਨ ‘ਮਿੰਨੀ ਮੈਗਜ਼ੀਨ’ ‘ਆਪਣੀ ਆਪਣੀ ਆਵਾਜ਼’, ਡਾ. ਦੀਪਤੀ ਦਾ ‘ਸੱਤਰਵਾਂ ਬਸੰਤ’, ਦਰਸ਼ਨ ਸਿੰਘ ਬਰੇਟਾ ਦਾ ‘ਸੁੱਚੇ ਮੋਤੀਆਂ ਦੀ ਮਾਲਾ’, ਸੁਸ਼ੀਲ ਚਾਵਲਾ ਦਾ ‘ਜ਼ਿੰਦਗੀ ਕੇ ਰੰਗ’ ਨੂੰ ਲੋਕ ਅਰਪਣ ਕੀਤਾ ਗਿਆ। ਬਿਕਰਮਜੀਤ ਨੂਰ ਨੂੰ ਦਰਸ਼ਨ ਮਿਤਵਾ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ ਅਤੇ ਡਾ. ਸਰਬਜੀਤ ਕੌਰ ਸੋਹਲ ਨੂੰ ‘ਕਾਮਰੇਡ ਜਸਵੰਤ ਸਿੰਘ ਕਾਰ ਸ਼ਿੰਗਾਰ ਯਾਦਗਾਰੀ ਮਿੰਨੀ ਕਹਾਣੀ ਵਿਕਾਸ ਪੁਰਸਕਾਰ’ ਪ੍ਰਦਾਨ ਕੀਤਾ ਗਿਆ। ਸਮਾਗਮ ਦਾ ਦੂਜਾ ਸੈਸ਼ਨ ਮਿੰਨੀ ਕਹਾਣੀ ਪਾਠ ਤੇ ਚਰਚਾ ’ਤੇ ਅਧਾਰਤ ਸੀ, ਜਿਸ ਦੀ ਪ੍ਰਧਾਨਗੀ ਡਾ. ਸਰਬਜੀਤ ਕੌਰ ਸੋਹਲ, ਹਰਭਜਨ ਸਿੰਘ ਖੇਮਕਰਨੀ, ਡਾ. ਹਰਜਿੰਦਰਪਾਲ ਕੌਰ ਕੰਗ, ਅਸ਼ੋਕ ਦਰਦ (ਹਿਮਾਚਲ) ਨੇ ਕੀਤੀ, ਜਦਕਿ ਡਾ. ਪ੍ਰਦੀਪ ਕੌੜਾ (ਪ੍ਰਸਿੱਧ ਆਲੋਚਕ ਅਤੇ ਲੇਖਕ) ਵਿਸ਼ੇਸ਼ ਟਿੱਪਣੀਕਾਰ ਵਜੋਂ ਸ਼ਾਮਲ ਹੋਏ। ਇਸ ਸੈਸ਼ਨ ਦੇ ਸ਼ੁਰੂਆਤ ਵਿਚ ਮੰਚ ਦੇ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ ਨੇ ‘ਮਿੰਨੀ’ ਦੇ ਚਾਰ ਦਹਾਕਿਆਂ ਦੇ ਸਫ਼ਰ ਅਤੇ ਸਹਿਯੋਗੀਆਂ ਨਾਲ ਸਾਂਝ ਦੀ ਗੱਲ ਕੀਤੀ। ਦੋ ਦਰਜਨ ਮਿੰਨੀ ਕਹਾਣੀਆਂ ਪੜ੍ਹੀਆਂ ਗਈਆਂ ਤੇ ਇਨ੍ਹਾਂ ’ਤੇ ਚਰਚਾ ਕਰਦੇ ਡਾ. ਪ੍ਰਦੀਪ ਕੌੜਾ ਨੇ ਟਿੱਪਣੀ ਕੀਤੀ। ਇਸ ਸੈਸ਼ਨ ਦੌਰਾਨ ਅੰਤਰਾ ਕਰਵੜੇ, ਇੰਦੌਰ (ਮੱਧ ਪ੍ਰਦੇਸ਼) ਨੂੰ ‘ਮਾਤਾ ਮਹਾਂਦੇਵੀ ਕੌਸ਼ਿਕ ਯਾਦਗਾਰੀ ਲਘੂਕਥਾ ਪੁਰਸਕਾਰ’, ਡਾ. ਵਿਜੈ ਜਿੰਦਲ ਰਾਜਪੁਰਾ ਨੂੰ ‘ਸ੍ਰ. ਗੁਰਬਚਨ ਸਿੰਘ ਕੋਹਲੀ ਯਾਦਗਾਰੀ ਮਿੰਨੀ ਕਹਾਣੀ ਸਹਿਯੋਗੀ ਪੁਰਸਕਾਰ-2025’ ਅਤੇ ਡਾ. ਵਸੁਧਾ ਗਾਡਗਿਲ, ਇੰਦੌਰ (ਮੱਧ ਪ੍ਰਦੇਸ਼) ਨੂੰ ਸ੍ਰੀਮਤੀ ਊਸ਼ਾ ਪ੍ਰਭਾਕਰ ਯਾਦਗਾਰੀ ਲਘੂਕਥਾ ਪੁਰਸਕਾਰ-2025’ ਪ੍ਰਦਾਨ ਕੀਤਾ ਗਿਆ। ਇਸ ਸੈਸ਼ਨ ਦਾ ਸੰਚਾਲਨ ਬੀਰ ਇੰਦਰ ਬਨਭੌਰੀ ਨੇ ਕੀਤਾ। ਸਮਾਗਮ ਦਾ ਤੀਜਾ ਸੈਸ਼ਨ ਵੀ ਮਿੰਨੀ ਕਹਾਣੀ ਪਾਠ ਤੇ ਚਰਚਾ ’ਤੇ ਅਧਾਰਤ ਸੀ, ਜਿਸ ਦੇ ਪ੍ਰਧਾਨਗੀ ਮੰਡਲ ਵਿਚ ਡਾ. ਵਸੁਧਾ ਗਾਡਗਿਲ, ਰਾਜਿੰਦਰ ਮਾਜ਼ੀ (ਮੁੱਖ ਸੰਪਾਦਕ ‘ਜਨ ਦਸਤਕ’) ਅਤੇ ਸੁਰਿੰਦਰ ਕੈਲੇ ਸ਼ਾਮਲ ਹੋਏ ਅਤੇ ਡਾ. ਗੁਰਪ੍ਰੀਤ ਸੰਗਰਾਣਾ ਵਿਸ਼ੇਸ਼ ਟਿੱਪਣੀਕਾਰ ਵਜੋਂ ਹਾਜ਼ਰ ਸਨ। ਸਮਾਗਮ ਦਾ ਚੌਥਾ ਸੈਸ਼ਨ ਮਿੰਨੀ ਕਹਾਣੀਆਂ ’ਤੇ ਅਧਾਰਤ ਨਾਟਕ ਦੀ ਪੇਸ਼ਕਾਰੀ ਨਾਲ ਸੰਬੰਧਤ ਸੀ। ਮਿੰਨੀ ਕਹਾਣੀਆਂ ’ਤੇ ਅਧਾਰਤ ਨਾਟਕ ‘ਮਾਨਸ ਕੀ ਜਾਤ’ ਦੀ ਭਾਵਪੂਰਤ ਪੇਸ਼ਕਾਰੀ ਕੀਤੀ ਗਈ। ਇਸ ਸੈਸ਼ਨ ਦੌਰਾਨ ਡਾ. ਪ੍ਰਦੀਪ ਕੌੜਾ ਨੂੰ ‘ਸ੍ਰੀ ਗੋਪਾਲ ਵਿੰਦਰ ਮਿੱਤਲ ਯਾਦਗਾਰੀ ਮਿੰਨੀ ਕਹਾਣੀ ਖੋਜ ਪੁਰਸਕਾਰ-2025’, ਡਾ. ਅਸ਼ੋਕ ਭਾਟੀਆ ਨੂੰ ‘ਰਵੀ ਪ੍ਰਭਾਕਰ ਯਾਦਗਾਰੀ ਲਘੂਕਥਾ ਪੁਰਸਕਾਰ 2025’ ਪ੍ਰਦਾਨ ਕੀਤਾ ਗਿਆ। ਸਮਾਗਮ ਦੇ ਦੂਜੇ ਦਿਨ ਵਿਦਾਇਗੀ ਸੈਸ਼ਨ ਵਿਚ ਡਾ. ਕੁਲਦੀਪ ਸਿੰਘ ਦੀਪ, ਜਨਰਲ ਸਕੱਤਰ ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਮੁੱਖ ਵਕਤਾ ਵਜੋਂ ਸ਼ਾਮਲ ਹੋਏ। ਇਸ ਸੈਸ਼ਨ ਦੀ ਪ੍ਰਧਾਨਗੀ ਡਾ. ਸ਼ੀਲ ਕੌਸ਼ਿਕ ਹਰਿਆਣਾ ਅਤੇ ਡਾ. ਬਲਜੀਤ ਕੌਰ ਰਿਆੜ ਨੇ ਕੀਤੀ। ਇਸ ਸੈਸ਼ਨ ਵਿਚ ਡਾ. ਗੁਰਪ੍ਰੀਤ ਸਿੰਘ ਸੰਗਰਾਣਾ ਨੂੰ ‘ਸ੍ਰੀ ਅਮਰਜੀਤ ਸਿੰਘ ਸਰੀਂਹ ਏ ਐੱਸ ਆਈ ਯਾਦਗਾਰੀ ਮਿੰਨੀ ਕਹਾਣੀ ਆਲੋਚਕ ਪੁਰਸਕਾਰ-2025’, ਮੰਗਤ ਕੁਲਜਿੰਦ ਨੂੰ ‘ਗੁਲਸ਼ਨ ਰਾਏ ਯਾਦਗਾਰੀ ਮਿੰਨੀ ਕਹਾਣੀ ਪੁਸਤਕ ਪੁਰਸਕਾਰ-2025’, ਗੁਰਪ੍ਰੀਤ ਕੌਰ (ਪ੍ਰੀਤ ਇੰਦ) ਨੂੰ ‘ਸ੍ਰੀ ਰਾਜਿੰਦਰ ਕੁਮਾਰ ਨੀਟਾ ਯਾਦਗਾਰੀ ਮਿੰਨੀ ਕਹਾਣੀ ਯੁਵਾ ਲੇਖਕ ਪੁਰਸਕਾਰ-2025’ ਪ੍ਰਦਾਨ ਕੀਤਾ ਗਿਆ। ਇਸ ਤੋਂ ਇਲਾਵਾ ‘ਘੁੰਗਰੂ ਕਥਾ’ ਅਤੇ ‘ਮਿੰਨੀ ਕਹਾਣੀ ਮੇਂ ਯੁਗੀਨ ਸੰਦਰਭ’ (ਸਰੀਤੀ ਰਘੂਨੰਦਨ) ਪੁਸਤਕਾਂ ਨੂੰ ਲੋਕ ਅਰਪਣ ਕੀਤਾ ਗਿਆ।



# ਕਮਲ ਧਰਮਸੋਤ ਰਚਿਤ ‘ਵੱਖਰੇ ਰਾਹਾਂ ਦੇ ਪਾਂਧੀ’ ’ਤੇ ਚਰਚਾ




**ਜਲੰਧਰ** - ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਕਮਲ ਧਰਮਸੋਤ ਰਚਿਤ ਕਿਤਾਬ ‘ਵੱਖਰੇ ਰਾਹਾਂ ਦੇ ਪਾਂਧੀ’ ਤੇ ਚਰਚਾ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਅਧਿਐਨ ਵਿਭਾਗ ਦੇ ਮੁਖੀ ਵਿਦਵਾਨ ਡਾਕਟਰ ਮੋਹਨ ਸਿੰਘ ਤਿਆਗੀ ਕਿਹਾ ਕਿ ‘ਗੋਆਰ ਬੰਜਾਰਾ ਅਤੇ ਬਾਜ਼ੀਗਰ ਭਾਈਚਾਰੇ ਦਾ ਇਤਿਹਾਸ ਮਹਾਨ ਹੈ। ਇਸ ਭਾਈਚਾਰੇ ਦੇ ਲੋਕਾਂ ਨੇ ਆਪਣੇ ਧਰਮ ਅਤੇ ਸਵੈਮਾਨ ਦੀ ਰਾਖੀ ਲਈ ਮੁਗਲ ਫੌਜਾਂ ਨਾਲ ਲੜਦਿਆਂ ਵੱਡੀਆਂ ਕੁਰਬਾਨੀਆਂ ਦਿੱਤੀਆਂ। ਗੋਆਰ ਬੰਜਾਰਾ ਯੋਧੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਫੌਜਾਂ ਵਿੱਚ ਸ਼ਾਮਿਲ ਹੋ ਕੇ ਲੜਾਈ ਲੜਨ ਵਾਲੇ ਮੋਹਰੀਆਂ ਵਿੱਚ ਸ਼ਾਮਲ ਸਨ।’ ਜੋਗਿੰਦਰ ਸੰਧੂ ਨੇ ਗੋਸ਼ਟੀ ਵਿੱਚ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅੱਜ ਲੋੜ ਹੈ ਕਿ ਇਸ ਗੋਆਰ ਭਾਈਚਾਰੇ ਨਾਲ ਸੰਬੰਧਿਤ ਹਸਤੀਆਂ ਦੀ ਇਤਿਹਾਸਿਕ ਦੇਣ ਨੂੰ ਘਰ ਘਰ ਪਹੁੰਚਾਇਆ ਜਾਵੇ। ਕੁਲਦੀਪ ਸਿੰਘ ਬੇਦੀ ਨੇ ਕਿਹਾ ਕਿ ਕਮਲ ਧਰਮਸੋਤ ਰਚਿਤ ‘ਵੱਖਰੇ ਰਾਹਾਂ ਦੇ ਪਾਂਧੀ’ ਕਿਤਾਬ ਗੋਆਰ ਸਮਾਜ ਦੀਆਂ ਮਹਾਨ ਹਸਤੀਆਂ ਬਾਰੇ ਪ੍ਰੇਰਨਾ ਦੇਣ ਦਾ ਕੰਮ ਕਰੇਗੀ।ਇਸ ਮੌਕੇ ਗੋਸ਼ਟੀ ਨੂੰ ਸੰਬੋਧਨ ਕਰਦਿਆਂ ਨਵਤੇਜ ਗੜ੍ਹਦੀਵਾਲਾ ਅਤੇ ਜਗਦੀਸ਼ ਰਾਣਾ ਨੇ ਕਿਹਾ ਕਿ ਕਮਲ ਧਰਮਸੋਤ ਨੇ ਇਸ ਪੁਸਤਕ ਦੀ ਰਚਨਾ ਕਰਕੇ ਇੱਕ ਮਹਾਨ ਕਾਰਜ ਕੀਤਾ ਹੈ। ਪੰਜਾਬ ਬਾਜ਼ੀਗਰ ਸਮਾਜ ਭਵਨ ਟਰੱਸਟ ਦੇ ਜਨਰਲ ਸਕੱਤਰ ਹਰਬੰਸ ਲਾਲ ਮੁਛਾਲ ਨੇ ਕਮਲ ਧਰਮਸੋਤ ਵੱਲੋਂ ਚਾਲੀ ਸਾਲ ਨਿਰੰਤਰ ਕੀਤੇ ਸੰਘਰਸ਼ਮਈ ਖੋਜ ਕਾਰਜ ਦੀ ਭਰਵੀਂ ਸ਼ਲਾਘਾ ਕੀਤੀ। ਸਮਾਜ ਸੇਵਕ ਜੰਗੀਰ ਰਾਮ ਮੁਛਾਲ ਘਮਰੌਂਦਾ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਹੋਰਨਾਂ ਨਾਲ ਸੁਸ਼ੋਭਿਤ ਸਨ। ਪੰਜਾਬ ਦੇ ਸਾਬਕਾ ਮੰਤਰੀ ਅਤੇ ਇਸ ਭਾਈਚਾਰੇ ਨਾਲ ਸੰਬੰਧਿਤ ਕਾਂਗਰਸ ਨੇਤਾ ਸਾਧੂ ਸਿੰਘ ਧਰਮਸੋਤ ਨੇ ਜਿੱਥੇ ਕਮਲ ਧਰਮਸੋਤ ਨੂੰ ਇਸ ਪੁਸਤਕ ਦੀ ਰਚਨਾ ਲਈ ਵਧਾਈ ਦਿੱਤੀ, ਉੱਥੇ ਉਹਨਾਂ ਕਿਹਾ ਕਿ ਹੋਰ ਕਲਮਕਾਰਾਂ ਨੂੰ ਵੀ ਇਸ ਸ਼ਾਨਾਂਮੱਤੇ ਇਤਿਹਾਸ ਬਾਰੇ ਰਚਨਾ ਕਰਨੀ ਚਾਹੀਦੀ ਹੈ ਤਾਂ ਜੋ ਇਸ ਸੁਨਹਿਰੀ ਇਤਿਹਾਸ ਤੋਂ ਸਮਾਜ ਜਾਣੂ ਹੋ ਸਕੇ।ਸਟੇਜ ਦੀ ਕਰਵਾਈ ਨਰਿੰਦਰ ਸਿੰਘ ਸੱਤੀ ਨੇ ਕੀਤੀ।ਅੰਤ ’ਚ ਲੇਖਕ ਕਮਲ ਧਰਮਸੋਤ ਸਭ ਦਾ ਧੰਨਵਾਦ ਕੀਤਾ।

# ‘ਖ਼ਤਰਾ ਤਾਂ ਹੈ’ ’ਤੇ ਵਿਚਾਰ-ਗੋਸ਼ਟੀ



**ਕੈਲੀਫੋਰਨੀਆ** : ਪੰਜਾਬੀ ਸਾਹਿਤ ਸਭਾ ਸੈਂਟਰਲ ਵੈਲੀ (ਕੈਲੀਫੋਰਨੀਆ) ਵੱਲੋਂ ਹਰਪ੍ਰੀਤ ਕੌਰ ਧੂਤ ਦੇ ਕਹਾਣੀ-ਸੰਗ੍ਰਹਿ ‘ਖ਼ਤਰਾ ਤਾਂ ਹੈ ’ਤੇ ਵਿਚਾਰ ਗੋਸ਼ਟੀ ਕਰਵਾਈ। ਜਨਰਲ ਸਕੱਤਰ ਮਨਦੀਪ ਗੋਰਾ ਦੇ ਸਵਾਗਤੀ ਭਾਸ਼ਣ ਦਿੱਤਾ। ਡਾ. ਗੁਰਪਾਲ ਸਿੰਘ ਸੰਧੂ ਨੇ ਆਪਣਾ ਖੋਜ-ਪੱਤਰ ‘ਗੁੰਝਲਦਾਰ ਸਥਿਤੀਆਂ ਦਾ ਸਹਿਜ ਬਿਰਤਾਂਤ: ਖ਼ਤਰਾ ਤਾਂ ਹੈ ਪੇਸ਼ ਕਰਦਿਆਂ ਕਿਹਾ ਕਿ ਇਸ ਸੰਗ੍ਰਹਿ ਦੀਆਂ ਕਹਾਣੀਆਂ ਯਥਾਰਥ ਦੇ ਬਾਹਰਮੁਖੀ ਪਾਸਾਰਾਂ ਨਾਲ ਸੰਵਾਦ ਰਚਾਉਂਦੀਆਂ ਹੋਈਆਂ ਜ਼ਿੰਦਗੀ ਦੇ ਵਿਵਹਾਰਕ ਮਸਲਿਆਂ ਤੇ ਗੁੰਝਲਦਾਰ ਮਾਨਵੀ ਸਥਿਤੀਆਂ ਦੀ ਬਹੁ-ਪਾਸਾਰੀ ਪੇਸ਼ਕਾਰੀ ਰਾਹੀਂ ਮਨੁੱਖੀ ਜੀਵਨ ਵਿੱਚੋਂ ਖੀਣ ਹੋ ਰਹੇ ਵਡੇਰੇ ਮੁੱਲਾਂ ਦੀ ਤਸਵੀਰਕਸ਼ੀ ਕਰਨ ਵਿਚ ਸਫਲ ਰਹਿੰਦੀਆਂ ਹਨ। ਡਾ. ਧਨਵੰਤ ਕੌਰ ਦਾ ਲਿਖਿਆ ਸੰਖੇਪ ਰੀਵੀਊ ਲੇਖ ਦਿਲ ਨਿੱਜਰ ਨੇ ਬੁਲੰਦ ਆਵਾਜ਼ ਵਿਚ ਪੇਸ਼ ਕੀਤਾ। ਇਸ ਰੀਵਿਊ ਅਨੁਸਾਰ, “ਹਰਪ੍ਰੀਤ ਕੌਰ ਧੂਤ ਅਜੋਕੇ ਸੰਵੇਦਨਸ਼ੀਲ ਇਨਸਾਨਾਂ, ਖ਼ਾਸਕਰ ਸਜੱਗ ਔਰਤਾਂ ਦੇ ਅਤਿ-ਨਿੱਜੀ ਤੋਂ ਲੈ ਕੇ ਨਿੱਗਰ ਸਮੂਹਿਕ ਅਤੇ ਸਾਂਝੇ ਸਰੋਕਾਰਾਂ ਨੂੰ ਸਜੀਵ ਸੰਦਰਭਾਂ ਵਿਚੋਂ ਪਕੜਨ ਤੇ ਪੇਸ਼ ਕਰਨ ਵਾਲੀ ਕਥਾਕਾਰਾ ਹੈ।” ਪ੍ਰੋ. ਹਰਭਜਨ ਸਿੰਘ ਨੇ ਕਿਹਾ, “ਹਰਪ੍ਰੀਤ ਦੀ ਕਹਾਣੀ ਦੇਸੀ ਸਭਿਆਚਾਰ ਦੀ ਮਰਦ ਪ੍ਰਧਾਨ ਪਿਤਰ-ਪੁਰਖੀ ਸੱਤਾ ਨੂੰ ਵੰਗਾਰਦੀ ਹੈ ਅਤੇ ਰੂੜ੍ਹਵਾਦੀ ਸਮਾਜਿਕ ਕਦਰਾਂ ਕੀਮਤਾਂ ਨੂੰ ਨਕਾਰਦੀ ਹੈ। ਇਨ੍ਹਾਂ ਕਦਰਾਂ ਕੀਮਤਾਂ ਦੇ ਪਰਿਵਾਰਕ ਜੀਵਨ ਉੱਪਰ ਪੈ ਰਹੇ ਦਮਘੋਟੂ ਪ੍ਰਭਾਵ ਨੂੰ ਪੇਸ਼ ਕਰਦੀ ਹੋਈ ਸੂਖਮ ਅੰਦਾਜ਼ ਵਿਚ ਸਭਿਆਚਾਰਕ ਇਨਕਲਾਬ ਦੀ ਲੋੜ ਦੀ ਬਾਤ ਪਾਉਂਦੀ ਹੈ।” ਮਨਦੀਪ ਗੋਰਾ ਨੇ ਹਰਪ੍ਰੀਤ ਦੀ ਕਹਾਣੀ ‘ਖ਼ਾਸ ਔਰਤ (ਸੂਰਜ ਹਾਰ ਗਿਆ ਹੈ) ਦਾ ਵਿਸ਼ਲੇਸ਼ਣ ਪੇਸ਼ ਕਰਦਿਆਂ ਕਿਹਾ ਕਿ ਇਹ ਕਹਾਣੀ ਪਾਠਕਾਂ ਨੂੰ ਔਰਤ ਅਤੇ ਮਰਦ ਦੀ ਬਰਾਬਰੀ ਦੀ ਹੈਸੀਅਤ ਵਾਲਾ ਸਮਾਜ ਉਸਾਰਨ ਵਾਸਤੇ ਸੋਚਣ ਲਈ ਪ੍ਰੇਰਿਤ ਕਰਦੀ ਹੈ। ਡਾ. ਗੁਰਪਾਲ ਸਿੰਘ ਸੰਧੂ, ਹਰਜੀਤ ਅਟਵਾਲ ਅਤੇ ਭੁਪਿੰਦਰ ਸਿੰਘ ਮੱਲੀ ਦਾ ਸਭਾ ਵੱਲੋਂ ਸਨਮਾਨ ਕੀਤਾ ਗਿਆ।

# ਹਰੀਸ਼ ਜੈਨ ਦੀ ਨਾਟ ਪੁਸਤਕ ‘ਗੁਨਾਹਗਾਰ’ ’ਤੇ ਚਰਚਾ

**ਚੰਡੀਗੜ੍ਹ**-ਸਾਹਿਤ ਚਿੰਤਨ ਚੰਡੀਗੜ੍ਹ ਵੱਲੋਂ ਹਰੀਸ਼ ਜੈਨ ਦੀ ਪੁਸਤਕ ‘ਗੁਨਾਹਗਾਰ’ ’ਤੇ ਗੋਸ਼ਟੀ ਕਰਵਾਈ ਗਈ। ਹਰੀਸ਼ ਜੈਨ ਦੀ ਸ਼ਹੀਦ ਭਗਤ ਸਿੰਘ ਸੰਬੰਧੀ ਨਾਟ-ਪੁਸਤਕ ‘ਗੁਨਾਹਗਾਰ’ ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਜਸ਼ਨਪ੍ਰੀਤ ਕੌਰ ਨੇ ਕਿਹਾ ਕਿ ਭਗਤ ਸਿੰਘ ਬਰਾਬਰੀ ਤੇ ਇਨਸਾਫ ਲਈ ਆਜ਼ਾਦੀ ਦੀ ਲੜਾਈ ਲੜਨ ਵਾਲਾ ਸਾਡਾ ਲੋਕ ਨਾਇਕ ਹੈ। ਗੀਤਾਂ, ਘੋੜੀਆਂ ਰਾਹੀਂ ਉਹ ਜੀਵੰਤ ਇਨਸਾਨ ਲੱਗਦਾ ਹੈ। ਨਿਆਂ ਦੀ ਆਸ ਤੋਂ ਸੱਖਣੇ ਮਨੁੱਖ ਲਈ ਕੇਵਲ ਲੜਨ ਦਾ ਹੀ ਰਾਹ ਬਚਦਾ ਹੈ। ਉਹ ਆਪਣੇ ਕੋਰਟ ਕੇਸ ਨੂੰ ਸਿਆਸੀ ਮੰਚ ਵਜੋਂ ਵਰਤਦਾ ਹੈ।ਅਭੈ ਸਿੰਘ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਲੋਕਾਂ ਨੂੰ ਲਾਮਬੰਦ ਕਰਨਾ ਬਹੁਤ ਔਖਾ ਕੰਮ ਹੈ। ਭਗਤ ਸਿੰਘ ਚਾਹੇ ਬਰਤਾਨਵੀ ਕਾਨੂੰਨ ਦੀ ਨਿਗਾਹ ਵਿੱਚ ਗੁਨਾਹਗਾਰ ਸੀ, ਪਰ ਉਸ ਦੀ ਲੜਾਈ ਬਹੁਤ ਵੱਡੀ ਸੀ।ਡਾ. ਜਸਪਾਲ ਸਿੰਘ ਨੇ ਕਿਹਾ ਕਿ ਇਹ ਨਾਟਕ ਲਾਹੌਰ ਸਾਜ਼ਿਸ਼ ਕੇਸ ਦਾ ਮੁਕੱਦਮਾ ਨਹੀਂ ਹੈ, ਜਿਸ ਵਿੱਚ ਜੌਹਨ ਸਾਂਡਰਸ ਦੇ ਕਤਲ ਦੀ ਸੁਣਵਾਈ ਹੋਵੇ।ਜਸਵੰਤ ਸਿੰਘ ਨੇ ਕਿਹਾ ਕਿ ਮਹਾਤਮਾ ਗਾਂਧੀ ਭਗਤ ਸਿੰਘ ਦੀ ਫਾਂਸੀ ਰੋਕ ਸਕਦੇ ਹਨ, ਪਰ ਅਜਿਹਾ ਨਹੀਂ ਵਾਪਰਿਆ।ਐਡਵੋਕੇਟ ਪਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਭਾਰਤ ਅੰਗਰੇਜ਼ਾਂ ਦੀ ਬਸਤੀ ਸੀ।ਡਾ. ਜਗਦੀਸ਼ ਚੰਦਰ ਨੇ ਕਿਹਾ ਕਿ ਜਲ੍ਹਿਆਂਵਾਲੇ ਬਾਗ ਵਿੱਚ ਡਾਇਰ ਨੇ ਭਾਰਤੀਆਂ ਦੇ ਸੈਂਕੜੇ ਕਤਲ ਕੀਤੇ। ਕਮਲ ਦੁਸਾਂਝ ਨੇ ਕਿਹਾ ਕਿ ਭਗਤ ਸਿੰਘ ਵੇਲੇ ਨਿਆਂ ਪ੍ਰਬੰਧ ਗੋਰੇ ਹਾਕਮਾਂ ਦਾ ਸੀ। ਅਦਾਲਤਾਂ ਸੱਤਾ ਦੀ ਬੋਲੀ ਬੋਲਦੀਆਂ ਸਨ। ਜਸਵੀਰ ਸਮਰ ਨੇ ਕਿਹਾ ਕਿ ਭਗਤ ਸਿੰਘ ਨੇ ਚੜ੍ਹਦੀ ਜਵਾਨੀ ਵੇਲੇ ਸ਼ਹੀਦੀ ਪਾਈ।ਸ਼ਬਦੀਸ਼ ਨੇ ਕਿਹਾ ਕਿ ਲਾਹੌਰ ਸਾਜ਼ਿਸ਼ ਕੇਸ ਸੁਖਦੇਵ ਦੇ ਖਿਲਾਫ ਸੀ।ਡਾ. ਰਾਜੇਸ਼ ਜੈਸਵਾਲ ਨੇ ਕਿਹਾ ਕਿ ਭਗਤ ਸਿੰਘ ਨਾਸਤਕ ਸੀ। ਹਰੀਸ਼ ਜੈਨ ਨੇ ਸਰੋਤਿਆਂ ਦੇ ਸਨਮੁੱਖ ਹੁੰਦਿਆਂ ਕਿਹਾ ਕਿ ਸੈਸ਼ਨ ਕੋਰਟ ਦੀ ਟਰਾਇਲ ਤੇ ਅਪੀਲ ਕਿਧਰੇ ਨਹੀਂ ਛਪੀ। ਸਿਰਫ ਫੈਸਲਾ ਛਪਿਆ ਹੈ। ਬੰਬ ਦੇ ਟੁਕੜੇ ਫਰਸ਼ ਤੇ ਦੋ ਇੰਚ ਮੋਟੀ ਲੱਕੜ ਵਿੱਚ ਨਿਸ਼ਾਨ ਹੀ ਪਾਉਂਦੇ ਹਨ। ਭਗਤ ਸਿੰਘ ਨੇ ਸਜ਼ਾ ਘਟਾਉਣ ਦੀ ਅਪੀਲ ਨਹੀਂ ਕੀਤੀ। ਕੇਵਲ ਇਹੋ ਕਿਹਾ ਕਿ ਕੇਸ ਨੂੰ ਦੁਰਭਾਵਨਾ ਨਾਲ ਨਾ ਦੇਖੋ। ਕਿਸਾਨ ਅੰਦੋਲਨ ਵਿੱਚ ਭਗਤ ਸਿੰਘ ਦਾ ਇਨਕਲਾਬ ਜ਼ਿੰਦਾਬਾਦ ਗੂੰਜਦਾ ਹੈ।




ਡਾ. ਹਰੀਸ਼ ਪੁਰੀ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਬਸਤੀਵਾਦ ਖਿਲਾਫ ਲੜਾਈ ਜਾਇਜ਼ ਸੀ।1928 ਵਿੱਚ ਮਾਸਕੋ ਕੌਮਿੰਟਰਨ ਸਮੇਂ ਸਟਾਲਿਨ ਨੇ ਗਦਰੀਆਂ ਨੂੰ ਸੁਚੇਤ ਕੀਤਾ ਸੀ ਕਿ ਬੁਰਜੂਆ ਕਾਂਗਰਸ ਅੰਗਰੇਜ਼ ਸਾਮਰਾਜ ਦਾ ਪੱਖ ਲਵੇਗੀ, ਇਸ ਲਈ ਪਰੋਲੇਤਾਰੀ ਜਮਾਤੀ ਜੰਗ ਦੀ ਲੋੜ ਹੈ।ਮਾਧਵੀ ਕਟਾਰੀਆ ਨੇ ਧੰਨਵਾਦ ਸਮੇਂ ਬੋਲਦਿਆਂ ਕਿਹਾ ਕਿ ਭਗਤ ਸਿੰਘ ਨੂੰ ਅਕਾਦਮਿਕ ਤੌਰ ’ਤੇ ਨਹੀਂ, ਉਮਰ ਵਰਗ ਵਿੱਚ ਰੱਖ ਕੇ ਦੇਖਣਾ ਚਾਹੀਦਾ ਹੈ।ਉਪਰੋਕਤ ਤੋਂ ਇਲਾਵਾ ਡਾ. ਸਰਬਜੀਤ ਸਿੰਘ ਕੰਗਣੀਵਾਲ, ਕਾਮਰੇਡ ਗੁਰਨਾਮ ਸਿੰਘ, ਤੇਜਿੰਦਰਪਾਲ ਸਿੰਘ, ਮੋਹਨ ਲਾਲ ਰਾਹੀ, ਐੱਸ.ਕੇ. ਅਰੋੜਾ, ਅਵਤਾਰ ਸਿੰਘ, ਸੁਖਦੇਵ ਸਿੰਘ, ਨੌਸ਼ਾਦ ਵਾਰਸੀ, ਕਰਨੈਲ ਸਿੰਘ ਪਿੰਜੌਰ, ਗੁਰਿੰਦਰ ਸਿੰਘ ਤੇ ਸ਼ਿਵਾ ਸਮੇਤ 30 ਦੇ ਕਰੀਬ ਸਾਹਿਤ ਚਿੰਤਕਾਂ ਨੇ ਭਾਗ ਲਿਆ।ਮੀਟਿੰਗ ਦੀ ਕਾਰਵਾਈ ਸ੍ਰੀ ਸਰਦਾਰਾ ਸਿੰਘ ਚੀਮਾ ਨੇ ਚਲਾਈ।

# ਪਾਠਕਾਂ ਦੇ ਝਰੋਖੇ ’ਚੋਂ

## ਸਿੱਖਿਆ ਵਿੱਚ ਸੁਧਰ

4 ਅਕਤੂਬਰ ਦੇ ‘ਨਵਾਂ ਜ਼ਮਾਨਾ’ ’ਚ ਮੱਖਣ ਸਿੰਘ ਕੁਹਾੜ ਦਾ ਲੇਖ ਕਿਵੇਂ ਹੋਵੇ ਸਿੱਖਿਆ ਵਿੱਚ ਸੁਧਰ ਬਹੁਤ ਸ਼ਿਦਤ ਨਾਲ ਪੜ੍ਹਿਆ।ਲੇਖ ਵਿੱਚ ਬੇਸ਼ਕੀਮਤੀ ਸੁਝਾਅ ਲੇਖਕ ਨੇ ਦਿੱਤੇ ਹਨ ।ਮੈਨੂੰ ਯਾਦ ਹੈ ਕਿ ਸਰਕਾਰ ਨੇ ਈ ਟੀ ਟੀ ਕੋਰਸ ਅਠਵੀਂ ਤੱਕ ਦੇ ਬੱਚਿਆਂ ਵਾਸਤੇ ਅਧਿਆਪਕ ਲਈ ਸ਼ੁਰੂ ਕੀਤਾ ਸੀ।ਇਸ ਗੱਲ ਨੂੰ 25 ਸਾਲ ਹੋ ਗਏ ਹਨ ਉਸ ਯੋਜਨਾ ਤਹਿਤ ਪਹਿਲੀ ਤੋਂ ਅੱਠਵੀਂ ਤੱਕ ਸਕੂਲ ਪ੍ਰਬੰਧ ਕਰਨਾ ਸੀ ਕੁਝ ਨਹੀਂ ਹੋਇਆ। ਨਿੱਜੀ ਸਕੂਲਾਂ ਵਿੱਚ ਬਹੁਤਾ ਗੰਦ ਪਿਆ ਹੋਇਆ ਹੈ।ਸਰਕਾਰ ਸਮਝੈ ਸੁਰਜੀਤ ਸੁਮਨ ਨੇ ਸ਼ਬਦ ਰਤੀ ਬਾਰੇ ਵਿਸਥਾਰ ਨਾਲ ਲਿਖਿਆ ਹੈ। ਡਾ ਅਮਰਜੀਤ ਕੌਂਕੇ ਨੇ ਬਲਜੀਤ ਬੱਲ ਦੀ ਕਿਤਾਬ ਖਿਲਰੇ ਵਰਕੇ ਦੀ ਚਰਚਾ ਵਿਸਥਾਰ ਨਾਲ ਕੀਤੀ। ਸਰਗਰਮੀਆਂ ਵਿਚ ਧਰਤ ਪਿਆਸੀ ਸੁਰਿੰਦਰ ਗੀਤ ਵਿਸ਼ੇਸ਼ ਅੰਕ ਕਿਤਾਬ ਵਨ ਉਪਵਨ ਦਾ ਅਰਪਣ ਆਦਿ ਰਿਪੋਰਟਾਂ ਪੜ੍ਹ ਕੇ ਖੁਸ਼ੀ। ਹੋਈ।ਜਗਰੂਪ ਨੇ ਦੁਨੀਆਂ ਨੂੰ ਇਕ ਹੋਣ ਦਾ ਸੱਦਾ ਦਿੱਤਾ ਹੈ।ਪ੍ਰੋਲੋਤਾਰੀ ਜਿਸ ਦਿਨ ਇੱਕ ਹੋ ਗਏ ਸਹੀ ਸਮਾਜਵਾਦ ਆ ਜਾਵੇਗਾ।ਸਮਾਨਤਾ ਦਾ ਸੁਪਨਾ ਪੂਰ ਹੋ ਜਾਵੇਗਾ। ਜੰਗਾ ਖਤਮ ਹੋ ਜਾਣਗੀਆ।ਸ਼ਾਂਤੀ ਪਸਰ ਜਾਵੇਗੀ ਪਰ ਨਿਸ਼ਾਨਾਂ ਦੂਰ ਹੈ ।

-ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਆਉਂਦੇ ਐਤਵਾਰਤਾ ’ਚ ਵਿਸ਼ੇਸ਼

**ਕੁਲਵਕਤੀ ਕਾਮਾ ਕਾਮਰੇਡ ਦਲੀਪ ਸਿੰਘ ਮਸਤ : ਸੁਖਦੇਵ ਸਿੰਘ ਔਲਖ**

**ਮਜ਼ਦੂਰਾਂ ਦੀ ਮੁੱਠੀ ਤੋਂ ਲੋਕਤੰਤਰ ਦੇ ਮੰਚ ਤੱਕ : ਪਰਮਜੀਤ ਸਿੰਘ ਦੁਸਾਂਝ**

**ਪੁਸਤਕ ਰੀਵਿਊ**

**ਸੰਤੋਖ ਸਿੰਘ ਸੁੱਖੀ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

# ਆਦਮੀ ਕੋ ਚਾਹੀਏ ਵਕਤ ਸੇ ਡਰ ਕਰ ਰਹੇ

## ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-85

### ਸੁਰਜੀਤ ਸੁਮਨ

ਵਕਤ ਕਿਹੋ ਜਿਹਾ ਵੀ ਹੋਵੇ, ਸਿਆਣੇ ਮਨੁੱਖ ਉਸ ਅਨੁਸਾਰ ਜਾਂ ਤਾਂ ਢਲ਼ ਜਾਂਦੇ ਹਨ ਜਾਂ ਫਿਰ ਵਕਤ ਨੂੰ ਢਾਲ਼ਣ ਲਈ ਮਜ਼ਬੂਰ ਕਰ ਦਿੰਦੇ ਹਨ। ਕੁ ਵੀ ਹੋਵੇ ਵਕਤ ਡਾਢਾ ਹੁੰਦੈ। ਜਿਵੇਂ ਕਿਸੇ ਲਈ ਮਾਂਹ ਵਾਦੀ ਤੇ ਕਿਸੇ ਲਈ ਸੁਆਦੀ।ਪਰ ਸੁੱਘੜ-ਸਿਆਣੀ ਦੇ ਹੱਥੋਂ ਬਣੇ ਮਾਂਹ, ਵਾਦੀ ਹੁੰਦਿਆਂ ਵੀ ਸੁਆਦੀ ਹੋ ਜਾਂਦੇ ਹਨ। ਇਸ ਦੀ ਵਜ ?ਹਾ ਹੁੰਦੀਹੈ,ਉਸ ਸੁਆਣੀ ਨੂੰ ਰਸੋਈ ਦਾ ਅਦਭੁਤ ਗਿਆਨ। ਜੇ ਕਿਸੇ ਰਸੋਈ ਵਿੱਚ ਨਿੱਤ ਦਿਨ ਬੋਤਲ ਖੜਕਦੀ ਹੋਵੇ, ਤਾਂ ਇੱਕ ਨਾ ਇੱਕ ਦਿਨ ਉਹ ਰਸੋਈ ਖਿੱਲਰ ਕੇ ਰਹਿ ਜਾਂਦੀ ਹੈ। ਸਾਡੇ ਡੂੰਘੇ ਸ਼ਾਇਰ ਗੁਲ ਚੌਹਾਨ, ਰਸੋਈ ਨੂੰ ਇੱਕ ਸਾਜ਼ ਕਹਿੰਦੇ ਹਨ। ਸੱਚਮੁੱਚ ਹੀ ਰਸੋਈ ਵਿੱਚੋਂ ਉੱਠਿਆ ਸੰਗੀਤ ਭਰਿਆ-ਪੂਰਾ ਘਰ ਇੱਕੋ ਵੇਲ਼ੇ ਸੁਣ ਸਕਦਾ ਹੈ। ਹਰ ਘਰ ਦੀ ਰਸੋਈ ਵਿੱਚੋਂ ਕਿਹੋ ਜਿਹੇ ਰਾਗਾਂ ਦੀਆਂ ਧੁਨੀਆਂ ਉਤਪੰਨ ਹੁੰਦੀਆਂ ਹਨ? ਉੱਥੋਂ ਦੇ ਭਾਂਡਿਆਂ ਦਾ ਖੜਕਣਾ ਕਿਹੋ ਜਿਹੀਆਂ ਧੁਨੀਆਂ ਪੈਦਾ ਕਰਦਾ ਹੈ? ਉਸ ਰਸੋਈ ਵਿੱਚ ਕਿਹੋ ਜਿਹੇ ਵਿਅੰਜਨ ਬਣਦੇ ਹਨ? ਉਨ੍ਹਾਂ ਦੀ ਮਹਿਕ ਕਿਹੋ ਜਿਹੀ ਹੈ? ਇਹ ਸਭ ਗਿਆਨਵਾਨ ਸੁੱਘੜ-ਸਿਆਣੀ ਇਸਤਰੀ ਦੀ ਬਦੌਲਤ ਹੀ ਸੰਭਵ ਹੁੰਦਾ ਹੈ। ਅਜਿਹੇ ਘਰ, ਜਿਨ੍ਹਾਂ ਦੀਆਂ ਰਸੋਈਆਂ ਵਿੱਚੋਂ ਮਹਿਕਾਂ ਦੇ ਵਰੋਲ਼ੇ ਉੱਠਦੇ ਹੋਣ, ਉਨ੍ਹਾਂ ਘਰਾਂ ਦੇ ਭਾਗ ਡਿਓਢੀ ਤੋਂ ਹੀ ਪਤਾ ਲੱਗ ਜਾਂਦੇ ਹਨ। ਚੰਗੇ ਵਕਤਾਂ ਵਿੱਚ ਕਿਸੇ ਵੀ ਘਰ ਦੀ ਰਸੋਈਘਰ ਦੇ ਜੀਆਂ ਲਈ ਰੱਜ ਬਣ ਜਾਂਦੀ ਹੈ ਤੇ ਮੰਦੇ ਵਕਤਾਂ ਵਿੱਚ ਭੁੱਖ ਦਾ ਕਾਰਨ। ਉਸ ਵੇਲ਼ੇ 'ਕੁੰਤੀ' ਕਿਹੋ ਜਿਹੇ ਖਿਆਲਾਂ ਵਿੱਚ ਉਲਝੀ ਹੋਈ ਹੋਵੇਗੀ, ਜਿਸ ਵੇਲ਼ੇ ਦਰੋਪਦੀ ਨੂੰ ਜਿੱਤ ਕੇ ਲਿਆਏ ਪੰਜਾਂ ਪਾਂਡਵਾਂ ਨੇ ਇਹ ਦੱਸਿਆ ਹੋਵੇਗਾ, 'ਮਾਤਾ ਦੇਖੋ ਹਮ ਕਿਆ ਲੇਕਰ ਆਏ ਹੈ?' ਮੋੜਵੇਂ ਉੱਤਰ ਵਿੱਚ ਉਹ ਕਿਹੜੇ ਖਿ ?ਆਲਾਂ ਵਿੱਚ ਗੁੰਮੀ ਹੋਈ ਹੋਵੇਗੀ, ਜਦੋਂ ਕੋਈ ਵਸਤ ਸਮਝ ਉਸ ਇਹ ਆਖ ਦਿੱਤਾ, 'ਆਪਸ ਮੇਂ ਵਾਂਟ ਲੋ।' ਇਹ ਵਕਤ ਦਾ ਕਿਹੋ ਜਿਹਾ ਹੇਰ-ਫੇਰ ਸੀ? ਉਨ੍ਹਾਂ ਪੰਜਾਂ ਪਾਂਡਵਾਂ ਨੇ ਇੱਕ ਪਲ ਵੀ ਨਾ ਲਾਇਆ, ਅਣਜਾਣੇ ਵਿੱਚ ਕਹੀ ਮਾਂ ਦੀ ਇਸ ਗੱਲ 'ਤੇ ਅੱਖਾਂ ਮੁੰਦ ਕੇ ਮੋਹਰ ਜੜ ਦਿੱਤੀ। ਫੁੱਲ ਚੜ੍ਹਾ ਦਿੱਤੇ।ਧਰਮ ਪੁੱਤਰ ਕਹਿਲਾਇਆ ਜਾਣ ਵਾਲ਼ਾ ਧਰਮ ਪੁੱਤਰ ਯੁਧਿਸ਼ਟਰ ਵੀ ਲਾਲਚ ਅੱਗੇ ਮੌਨ ਧਾਰ ਗਿਆ। ਇਹ ਕਿਹੋ ਜਿਹਾ ਵਕਤ ਸੀ?

ਅਜਿਹੇ ਹੀ ਖਿਆਲਾਂ ਵਿੱਚ ਉਲਝਿਆ ਮੈਂ ਯੂਟਿਊਬ ਫਰੋਲਣ ਲਗਦਾ ਹਾਂ। ਸਾਹਿਰ ਦਾ ਲਿਖਿਆ ਤੇ ਰਫੀ ਦਾ ਗਾਇਆ ਪੈਂਹਟ 'ਚ ਬਣੀ 'ਵਕਤ' ਫਿਲਮਦਾ ਗੀਤਚੱਲ ਪੈਂਦਾ ਹੈ, 'ਕੱਲ੍ਹ ਯਹਾਂ ਵਸਤੀ ਥੀ ਖੁਸ਼ੀਆਂ/ ਆਜ ਹੈ ਮਾਤਮ ਵਹਾਂ/ ਵਕਤ ਲਾਇਆ ਥਾ ਬਹਾਰੇਂ/ ਵਕਤ ਲਾਇਆ ਹੈ ਖਿ ?ਜ਼ਾਅ।' ਮਹਾਂਭਾਰਤ ਦੀਆਂ ਬੰਦ ਗਲ਼ੀਆਂ ਵਿੱਚੋਂ ਉਲਝਿਆ ਮੈਂ ਪਤਾ ਨਹੀਂ ਕਿਉਂ ਚੱਲ ਰਹੀ ਚੰਗੀ ਭਲੀ ਵੀਡੀਓ ਨੂੰ ਰੋਕ ਦਿੰਦਾ ਹਾਂ। ਮੇਰੀਆਂ ਅੱਗੇ ਅੱਗੇ ਵਸਣ ਤੋਂ ਬਾਅਦ ਦਾ ਮੇਰਾ ਪਹਿਲਾ ਉਜਾੜਾ ਫੈਲ ਜਾਂਦਾ ਹੈ। ਛੋਟੇ ਭਰਾ ਦੇ ਬੇਵਕਤ ਵਿਛੋੜੇ ਨੇ ਮੇਰੇ ਪਰਿਵਾਰ ਵਿੱਚ ਸੱਥਰ ਵਿਛਾ ਦਿੱਤਾ ਸੀ। ਇਸ ਸੱਥਰ ਨੂੰ ਸਮੇਟਣਾ ਮੇਰੇ ਲਈ ਡਾਢਾ ਮੁਸ਼ਕਲ ਹੁੰਦਾ ਚਲਾ ਗਿਆ ਸੀ। ਮੇਰੀਆਂ ਪਿੰਡ ਨਾਲ਼ੋਂ ਜੜ੍ਹਾਂ ਵੱਢੀਆਂ ਗਈਆਂ ਸਨ। ਮਾਂ, ਘਰ ਛੱਡਣ ਲਈ ਤਿਆਰ ਨਹੀਂ ਸੀ ਤੇ ਮੇਰਾ ਰੁਜ਼ਗਾਰ ਮੈਨੂੰ ਨਹੀਂ ਸੀ ਛੱਡ ਰਿਹਾ। ਆਖਰ ਇੱਕ ਦਿਨ ਭਰਿਆ-ਭਕੁੰਨਿਆ ਘਰ ਛੱਡ ਕੇ ਅਸੀਂ ਭਰੇ-ਪੀਤੇਮਾਂ-ਪੁੱਤ, ਘਰ ਨੂੰ ਜੰਦਰਾ ਮਾਰ ਤੁਰ ਪੈਂਦੇ ਹਾਂ। ਘਰ ਦੀ ਰਸੋਈ ਜਿੱਥੋਂ ਮਹਿਕ ਦੇ ਵਰੋਲ਼ੇ ਉੱਠਦੇ ਸਨ, ਉਥੇ ਭਾਂਡੇ ਮੂਧੇ ਵੱਜ ਗਏ ਸਨ। ਵਿਹੜੇ ਵਿੱਚ ਖੜ੍ਹੀ ਡੇਕ ਦੇ ਚਿੱਟੇ-ਬੈਂਗਣੀ ਫੁੱਲ ਇਸ ਹੌਲਨਾਕ ਮੰਜ਼ਰ ਨੂੰ ਦੇਖ ਸਦਮੇ ਵਿੱਚ ਝੜ ਗਏ ਹੋਣਗੇ। ਮੈਨੂੰ ਉਸ ਵੇਲ਼ੇ ਮਾਂ ਵੱਲੋਂ ਸੁਣਾਈ ਬਾਤ ਚੇਤੇ ਆਉਣ ਲੱਗਦੀ ਹੈ। ਇਸ ਬਾਤ ਵਿੱਚ ਪੁਰੋਹਿਤਾਂ ਵੱਲੋਂ ਲੁੱਟੇ ਰਾਜਾ ਹਰੀਸ਼ ਚੰਦਰ ਦੀ ਰਾਣੀ ਤਾਰਾ ਮਤੀ ਗੀਤ ਗਾਉਂਦੀ ਹੈ, 'ਵਕਤ ਪਿਆ ਰਾਣੇ-ਰਾਜਿਆਂ/ ਤੇ ਸਿਰੀਂ ਉਠਾਏ ਭਾਰ/ ਸਿਲਾਅ ਚੁਗੇਂਦੀਆਂ ਰਾਣੀਆਂ/ ਧੱਕੇ ਦੇਣ ਗੁਆਰ।' ਸੋ ਇਹ ਵਕਤ ਤਾਂ ਰਾਜਿਆਂ ਕੋਲ਼ੋਂ ਵੀ ਭੀਖ ਮੰਗਵਾ ਦਿੰਦੇ। ਮੈਂ ਵੀਡੀਓ ਮੁੜ ਕਲਿਕ ਕਰਦਾ ਹਾਂ, 'ਵਕਤ ਕੀ ਗਰਦਿਸ਼ ਸੇ ਹੈ/ ਚਾਂਦ ਤਾਰੋਂ ਕਾ ਨਿਜ਼ਾਮ/ ਵਕਤ ਕੀ ਠੋਕਰ ਮੇਂ ਹੈ/ ਕਿਆ ਹਕੂਮਤ ਕਿਆ ਸਮਾਜ।'ਸੁਣਦਿਆਂ ਮੇਰੀਆਂ ਅੱਖਾਂ ਅੱਗੇ ਜੰਗਾਂ-ਯੁੱਧਾਂ ਨਾਲ਼ ਹੋਈਆਂ ਤਬਾਹੀਆਂ ਆ ਖੜ੍ਹਦੀਆਂ ਹਨ।ਇਰਾਨ-ਅਮਰੀਕਾ-ਇਜ਼ਰਾਇਲ ਜੰਗ, ਰੂਸ-ਯੂਕਰੇਨ ਜੰਗ। ਭਵਿੱਖ ਦੇ ਗਰਭ ਵਿੱਚ ਕੀ ਪਿਆ? ਕਿਸ ਦੇਖਿਆ? ਕੀ ਪਤੈ ਵਕਤ ਕਦੋਂ ਕਿਸ ਦੀ ਬੁੱਧੀ ਭਰਿਸ਼ਟ ਕਰ ਦੇਵੇ? ਪੁੱਠੀ ਖੋਪੜੀ ਵਾਲ਼ਾ ਹਾਕਮ ਕਦੋਂ ਹੱਸਦੇ-ਵਸਦੇ ਬਾਗਾਂ ਨੂੰ ਉਜਾੜ ਸੁੱਟੇ। ਰੌਣਕ ਭਰੇ ਬਾਜ਼ਾਰਾਂ ਵਿੱਚ ਕਦੋਂ ਬਦਰੂਹਾਂ ਦਾ ਵਾਸ ਹੋ ਜਾਵੇ? ਕੌਣ ਜਾਣਦੈ?

ਵਕਤ ਬਦਲਦਿਆਂ ਕਦੋਂ ਦੇਰ ਲਗਦੀ ਹੈ? ਅਜੋਕੇ ਪੰਜਾਬ ਦੀ ਆਬ-ਓ-ਹਵਾ ਈ ਬਦਲ ਚੁੱਕੀ ਹੈ। ਪਿਛਾਂਹ ਝਾਤੀ ਮਾਰਦਿਆਂ ਪੰਜਾਬ ਦੀ ਧਰਤੀ ਦੇ ਲੋਕ ਹੋਰ ਤਰ੍ਹਾਂ ਦੇ ਹੁੰਦੇ ਸਨ, ਜੋ ਅੱਜ ਬਿਲਕੁਲ ਵੱਖਰੀ ਤਰ੍ਹਾਂ ਦੀ ਭਾਅ ਮਾਰਨ ਲਗ ਪਏ ਹਨ। ਕਿੱਥੇ ਚਲੇ ਗਏ ਹਨ, ਉਹ ਪਿਆਰ-ਮੁਹੱਬਤ ਤੇ ਅਪਣੱਤ? ਬਾਬਾ ਨਾਨਕ ਵੱਲੋਂ ਬੀਜੇ ਆਪਣੇਪਣ ਦੇ ਬੀਜਾਂ ਨੂੰ ਪਏ ਸਿੱਟਿਆਂ ਨੂੰ ਕਿਹੜੀਆਂ ਗੁਟਾਰਾਂ ਡੁੰਗ ਗਈਆਂ ਹਨ? ਪੰਜਾਬ ਦੀ ਜਰਖੇਜ਼ ਸਰ-ਜ਼ਮੀਨ ਨੂੰ ਕਿਸ ਨੇ ਜ਼ਹਿਰੀ ਹੋਣ ਦਾ ਸਰਾਪ ਦੇ ਦਿੱਤਾ ਹੈ? ਡੂੰਘੀ ਝਾਤ ਮਾਰਿਆਂ ਪਤਾ ਲਗਦਾ ਹੈ ਕਿ ਇਹ ਸਾਜ਼ਿਸ਼ ਅੱਜ ਦੀ ਤਾਂ ਨਹੀਂ ਹੋ ਸਕਦੀ? ਇਨ੍ਹਾਂ ਸਾਜ਼ਿਸ਼ੀ ਪੌਣਾਂ ਨੂੰ ਝੁੱਲਿਆਂ ਪਤਾ ਨਹੀਂ ਕਿੰਨਾ ਸਮਾਂ ਬੀਤ ਗਿਆ ਹੈ। ਕਿਤੇ ਇਹ ਕੰਡੇ ਚੁਰਾਸੀ ਵੇਲ਼ੇ ਤਾਂ ਨਹੀਂ ਸੀ ਬੀਜੇ ਗਏ ਜਾਂ ਇਸ ਤੋਂ ਵੀ ਪਹਿਲਾਂ ਕਿਤੇ? ਸਿਆਣੇ ਇਤਿਹਾਸਕਾਰ ਸਭ ਜਾਣਦੇ ਹਨ, ਕਦੋਂ ਕੀ ਹੋਇਐ। ਕੋਈ ਮੰਨੇ ਨਾ ਮੰਨੇ ਅੱਜ ਪੰਜਾਬ ਦੀਆਂ ਰਹੁ-ਰੀਤਾਂ ਉਹ ਨਹੀਂ ਰਹੀਆਂ, ਜਿਹੜੀਆਂ ਕਿਸੇ ਵੇਲ਼ੇ ਹੁੰਦੀਆਂ ਸਨ। ਇੰਟਰਨੈੱਟ, ਵਾਈ-ਫਾਈ ਤੇ ਹੋਰ ਆਧੁਨਿਕ ਸਹੂਲਤਾਂ ਨੇ ਤਾਂ ਬਹੁਤ ਕੁਝ ਬਦਲਿਆ ਹੀ ਹੈ, ਮਨੁੱਖ ਵਿੱਚੋਂ ਮਨੁੱਖ ਦਾ ਆਪਣਾਪਣ ਵੀ ਕੱਢ ਕੇ ਵਗਾਹ ਮਾਰਿਆ ਹੈ। ਪਰਿਵਾਰਕ ਮੋਹ, ਪੇਂਡੂ ਭਾਈਚਾਰਾ ਸਭ ਅਸਤ-ਵਿਅਸਤ ਹੋ ਕੇ ਰਹਿ ਗਿਆ ਹੈ। ਇਹ ਸਭ ਬਦਲੇ ਹੋਏ ਵਕਤ ਦੀਆਂ ਨਿਸ਼ਾਨੀਆਂ ਹੀ ਤਾਂ ਹਨ।

ਫੋਨ ਦੀ ਘੰਟੀ ਵੱਜਦਿਆਂ ਈ ਬਾਈ ਦਲੇਰ ਸਿੰਘ ਦਾ ਨਾਂ ਸਕਰੀਨ 'ਤੇ ਨੱਚਣ ਲਗਦਾ ਹੈ। ਮੇਰੇ ਮਨ ਵਿੱਚ ਆਉ ?ਦੇ-ਜਾਂਦੇ ਊਲ-ਜਲੂਲ ਵਿਚਾਰਾਂ ਦੀ ਲੜੀ ਟੁੱਟਦੀ ਹੈ। ਚਲੋ ਏਹਦੀਆਂ ਈ ਸੁਣਦੇ ਆਂ। 'ਹੋਰ ਸੁਣਾ ਛੋਟੇ ਭਾਈ। ਦਿੱਲੀ-ਬੰਗਾਲ ਤੋਂ ਬਾਅਦ ਅਸ਼ਵਮੇਧ ਦਾ ਘੋੜਾ ਸਰਪੱਟ ਪੰਜਾਬ ਵੱਲ ਦੌੜਿਆ ਆ ਰਿਹਾ। ਕਹਿੰਦੇਅਸ਼ਵਮੇਧ ਯੱਗ ਦਾ ਵਰਨਣ ਯਜੁਰਵੇਦ ਵਿੱਚ ਮਿਲਦੈ। ਹੁਣ ਤੂੰ ਕਹੇਂਗੇ ਬਈ ਮੈਂ ਮੁੜ-ਘਿੜ 'ਮਹਾਂਭਾਰਤ' ਵਿੱਚ ਜਾ ਵੜਦਾਂ। ਕਿਆ ਕਰਾਂ ਭਰਾਵਾ, ਭਾਰਤ ਦੀ ਗੱਲ ਕਰਨੀ ਹੋਵੇ ਤਾਂ ਦੁਸ਼ਿਅੰਤ-ਸ਼ਕੁੰਤਲਾ ਦੀ ਪਿਆਰ ਗਾਥਾ ਵਿੱਚੋਂ ਤਾਂ ਲੰਘਣਾ ਈ ਪਏਗਾ, ਜਿਨ੍ਹਾਂ ਗੰਧਰਵ ਵਿਆਹ ਕਰਵਾਇਆ ਲਿਆ ਸੀ। ਹੋਰ ਸੁਣ, ਅੱਜ ਦੇ ਦੌਰ ਵਿੱਚ ਵੀ ਨਿੱਤ-ਦਿਨ ਬਥੇਰੇ ਗੰਧਰਵ ਵਿਆਹ ਹੁੰਦੇ ਨੇ, ਜਿਨ੍ਹਾਂ ਨੂੰ ਆਪਾਂ ਲਿਵਇਨ ਕਹਿ ਲੈਂਦੇ ਆਂ। ਪਰ ਦੁਸ਼ਿਅੰਤ ਤਾਂ ਦੁਸ਼ਿਅੰਤ ਸੀ। ਅੱਜ ਵਾਂਗ 'ਰਾਤ ਗਈ ਬਾਤ ਗਈ' ਨਈਂ ਕੀਤੀ ਉਸ ।ਛੱਲ ਛੱਡ। ਦੇਖਿਆ ਤੂੰ? ਸਤਾਈ ਨੇੜੇ ਆਉਂਦੀ ਦੇਖ, ਸਾਰੀਆਂ ਪਾਰਟੀਆਂ ਨੇ ਆਪਣੇ ਆਪਣੇ ਘੋੜੇ ਭਜਾ ਲਏ ਹਨ। ਅਕਾਲੀ ਦਲਾਂ ਦੇ ਘੋੜੇ ਹਿਣਕ ਉੱਠੇ ਹਨ। ਅੰਦਰੂਨੀ ਖਾਨਾਜੰਗੀ ਦੇ ਚੱਲਦਿਆਂ ਕਾਂਗਰਸ ਨੇ ਵੀ ਆਪਣੇ ਘੋੜੇ ਬਦਲੇ ਹਨ।ਪਿਛਲੇ ਦਿਨੀਂ ਗਮਾਡਾ ਵਿੱਚ ਦਿੱਤੀ ਦਬਿਸ਼ ਤੋਂ ਬਾਅਦ ਕਾਨੂੰਨੀ ਦਾਅ-ਪੇਚਾਂ ਦੇ ਵਲ਼ੇਵੇਂ ਪਾਉਂਦਿਆਂ ਈ.ਡੀ. ਤੇ ਸੀ.ਬੀ.ਆਈ. ਨੇ ਸੱਤਾਧਾਰੀ ਧਿਰ ਦੇ ਸਰਪੱਟ ਦੌੜਦੇ ਘੋੜੇ ਨੂੰ ਰੋਕਣ ਲਈ ਓਹਦੇ ਗਲ਼ ਵਿੱਚ ਵੀ ਪੈਖੜ ਪਾਉਣ ਦੀ ਤਿਆਰੀ ਵਿੱਢੀ ਹੋਈ ਹੈ। ਏਸੇ ਲਈ ਤਾਂ ਕਹਿੰਦੇ ਨੇ ਭਰਾ ਵਕਤ ਬੜਾ ਬਲਵਾਨ ਹੁੰਦੈ। ਦੇਖਦੇ ਆਂ ਇਹਦੇ ਗਰਭ 'ਚੋਂ ਕੀ ਨਿਕਲਦੈ?' ਓਹਦਾ ਫੋਨ ਕੱਟਿਆ ਗਿਆ ਤਾਂ ਮੇਰੀ ਸੋਚ ਵਕਤ ਦੇ ਚੱਕਰਵਿਊ ਵਿੱਚ ਉਲਝਦੀ ਚਲੀਗਈ। ਫੋਨ ਸਕਰੋਲ ਕਰਦਿਆਂ ਬੀ.ਆਰ. ਚੋਪੜਾ ਦੇ 'ਮਹਾਂਭਾਰਤ' ਦਾ ਪਹਿਲਾ ਐਪੀਸੋਡ ਕਲਿਕ ਹੋ ਜਾਂਦਾ ਹੈ। ਇੱਕ ਮਿੱਠੀ ਆਵਾਜ਼ ਉੱਭਰਦੀ ਹੈ। ਸੰਸਕ੍ਰਿਤ ਦੇ ਸ਼ਲੋਕ ਗਾਏ ਜਾ ਰਹੇ ਹਨ। ਫਿਰ ਸੰਖ ਪੂਰਿਆ ਜਾਂਦਾ ਹੈ। ਮਹਾਰਾਜਾ ਭਰਤ, ਯੁਵਰਾਜ ਨਿਯੁਕਤ ਕਰਨ ਲਈ ਕਣਵ ਰਿਸ਼ੀ ਤੋਂ ਸੇਧ ਲੈ ਕੇ ਆਪਣੇ ਨੌਂ ਅਯੋਗ ਪੁੱਤਰਾਂ ਨੂੰ ਦਰਕਿਨਾਰ ਕਰ ਪਰਜਾ ਵਿੱਚੋਂ ਕਿਸੇ ਯੋਗ ਯੋਧੇ ਨੂੰ ਰਾਜਗੱਦੀ 'ਤੇ ਬਿਠਾ ਕੇ ਅਸਲ ਲੋਕਤੰਤਰ ਦੀ ਸਥਾਪਨਾ ਕਰਦਾ ਹੈ। ਸੋਚਦਾ ਹਾਂ, ਉਹ ਵੀ ਵਕਤ ਸੀ ਤੇ ਫਿਰ ਮਹਾਂਭਾਰਤ ਦਾ ਵਕਤ ਆਇਆ। ਇਨ੍ਹਾਂ ਮਿਥਿਹਾਸਕ ਕਥਾਵਾਂ ਤੋਂ ਬਾਅਦ ਅੱਜ ਹੋਰ ਤਰ੍ਹਾਂ ਦੇ ਵਕਤ ਨੇ ਕਿਆਮ ਕੀਤਾ ਹੋਇਆ ਹੈ। ਕੀ ਅੱਜ ਫਿਰ ਲੋਕਤੰਤਰ ਨੂੰ ਛਲਿਆ ਜਾ ਰਿਹੈ? ਸਾਹਿਰ ਦੇ ਲਿਖੇ ਅਗਲੇ ਬੰਦ ਨੂੰ ਰਫੀ ਨੇ ਗਾਇਆ ਹੈ, 'ਵਕਤ ਕੀ ਪਾਬੰਦ ਹੈ ਆਤੀ ਜਾਤੀ ਰੌਣਕੇਂ/ ਵਕਤ ਹੈ ਫੂਲੋਂ ਕੀ ਸੇਜ਼/ ਵਕਤ ਹੈ ਕਾਂਟੋਂ ਕਾ ਤਾਜ/ ਕੌਣ ਜਾਨੇ ਕਿਸ ਘੜੀ ਵਕਤ ਕਾ ਬਦਲੇ ਮਿਜਾਜ਼/ ਆਦਮੀ ਕੋ ਚਾਹੀਏ।'

ਸੰਪਰਕ : 98144 30874

# ਸੰਦਲ ਖਾਂ ਨੇ ਵਸਾਇਆ ਸੀ ਸੰਦੌੜ

## ਪਿੰਡ ਫਸਿਆ-96

### ਵਿਜੈ ਬੰਬੇਲੀ

ਸੰਦੌੜ, ਕਦੇ ਰਿਆਸਤ ਮਾਲੇਰਕੋਟਲਾ, ਕਦੇ ਜ਼ਿਲ੍ਹਾ ਬਰਨਾਲਾ-ਸੰਗਰੂਰ, ਫੇਰ ਲੁਧਿਆਣਾ, ਹੁਣ ਜ਼ਿਲ੍ਹਾ ਮਾਲੇਰਕੋਟਲਾ ਦਾ ਕਸਬਾਨੁਮਾ ਪਿੰਡ ਹੈ, ਜਿਹੜਾ ਬੜੀ ਤੇਜ਼ੀ ਨਾਲ ਸ਼ਹਿਰੀ ਦਿੱਖ ਅਖਤਿਆਰ ਕਰ ਰਿਹਾ ਹੈ। ਮਾਲੇਰਕੋਟਲਾ-ਰਾਏਕੋਟ 'ਤੇ ਵਾਕਿਆ ਇਹ ਨਗਰ ਮਾਲੇਰਕੋਟਲਿਓਂ 10 ਮੀਲ ਅਤੇ ਰਾਏਕੋਟ ਤੋਂ ਬਾਰਾਂ ਮੀਲ ਸੀ, ਜਿਹੜੀ ਹੁਣ ਤਿੰਨਾਂ ਦੇ ਛੜੱਪੇਮਾਰ ਵਾਧੇ ਕਾਰਨ ਐਨੀ ਨਹੀਂ ਜਾਪਦੀ।

1909 ਦੇ ਪੱਕੇ ਬੰਦੋਬਸਤ ਉਪਰੰਤ ਇਸ ਦਾ ਹਦਬਸਤ ਨੰਬਰ 46 ਤੇ ਰਕਬਾ 12000 ਕਨਾਲਾਂ ਨੀਅਤ ਹੋਇਆ। ਇਸ ਤੋਂ ਪਹਿਲਾਂ ਇਹ ਮੁਜ਼ਾਰਾ ਅਮਲ ਅਧੀਨ ਸੀ। ਪ੍ਰਤੀ ਹਲ 100 ਵਿਘੇ ਤਹਿਤ ਇੱਥੇ 36 ਹਲਾਂ ਦੀ ਖੇਤੀ ਸੀ। ਪਿੰਡ 'ਚ ਦੋ ਪੱਤੀਆਂ ਸਨ, ਇੱਕ ਦਾ ਨਾਂਅ ਸੀ 'ਗੋਦੀ' ਅਤੇ ਦੂਜੀ ਦਾ ਨਾਮਕਰਣ 'ਦੱਗੋ' ਸੀ। ਵਜ਼ਨ ਨਾਲ ਕਿਹਾ ਜਾਂਦਾ ਹੈ ਕਿ 'ਗੋਦੀ ਅਤੇ ਦੱਗੋ', ਕਹਿਲ ਜੱਟ ਕੁਨਬਾ, ਸਕੇ ਭਾਈ ਸਨ। ਇਸੇ ਦੱਗੋ ਅਤੇ ਗੋਦੀ ਬਦੌਲਤ ਹੀ ਕਦੇ ਸੰਦਲ ਖਾਂ ਪਠਾਣ ਦੇ ਖੇੜੇ ਦੀ, ਉਸ ਵੱਲੋਂ ਹੀ ਕਿਸੇ ਪ੍ਰਾਚੀਨ ਥੇਹ ਉੱਤੇ ਵਸਾਈ ਇਸ ਵਸੇਬ ਦੇ ਰਾਜਨੀਤਿਕ ਉੱਥਲਾਂ-ਪੁੱਥਲਾਂ ਕਾਰਨ ਉੱਜੜ-ਪੁੱਜੜ ਜਾਣ ਤੇ ਖੁਦ ਥੇਹ ਬਣ ਜਾਣ ਉਪਰੰਤ ਰਿਆਸਤੀ ਅਹਿਲਕਾਰਾਂ ਦੀ ਕ੍ਰਿਪਾ ਦ੍ਰਿਸ਼ਟੀ ਹੇਠ, ਇਹ ਪਿੰਡ ਮੁੜ ਬੱਝਾ ਸੀ।

ਚਿੰਤਕ ਹਰਕੇਸ਼ ਸਿੰਘ ਕਹਿਲ ਮੁਤਾਬਿਕ, 'ਪਿੰਡ ਸੰਦਲ ਖਾਂ ਮੁਸਲਮਾਨ ਰਾਜਪੂਤ (ਰਾਜਪੂਤ, ਜਦਕਿ 'ਖਾਂ ਜਾਂ ਖਾਨ' ਤਖੱਲਸ ਮੁਸਲਿਮ ਪਠਾਣਾਂ ਦਾ ਹੈ) ਨੇ ਵਸਾਇਆ ਸੀ। ਉਸ ਦੇ ਤਿੰਨ ਮੁੰਡੇ ਸਨ। ਤਿੰਨੋਂ ਕਮਾਲ ਦੇ ਖੇਤੀ ਹਾਰ ਅਤੇ ਉੱਦਮੀ। ਵੱਡਾ ਨਾਹਰ ਖਾਂ ਸੀ, ਉਸ ਦੇ ਲਵਾਏ ਖੂਹ ਦਾ ਨਾਂਅ 'ਖੂਹ ਨਾਹਰ ਖਾਂ' ਵੱਜਿਆ। ਵਿਚਾਲੜੇ ਦੇ ਨਾਂਵੇ ਖੂਹ ਨੂੰ 'ਵਿਚਾਲੇ ਵਾਲਾ ਖੂਹ' ਅਤੇ ਸਭ ਤੋਂ ਛੋਟੇ ਗੋਰੇ ਦਾ 'ਗੋਰਾ ਖੂਹ' ਅਖਵਾਇਆ, ਜਿਹੜਾ ਬਾਅਦ ਵਿੱਚ ਹਰਕੇਸ਼ ਸਿੰਘ ਕਹਿਲ ਦੇ ਨਕੜ ਦਾਦੇ ਦੇ ਦਾਦੇ ਮਾਈ ਦਾਸ ਪੁੱਤਰ ਗੋਦੀ ਕਹਿਲ ਦੀ ਮਲਕੀਅਤ ਬਣਿਆ।' ਹਾਂ; ਗੋਰਾ ਬਾਲਦ ਸੰਦਲ ਵੱਲੋਂ ਪੁਟਵਾਇਆ ਟੋਭਾ, 'ਗੋਰਾ ਛੱਪੜ' ਅੱਜ ਵੀ ਮੌਜੂਦ ਹੈ। ਉਦੋਂ ਖੂਹ-ਟੋਭੇ ਪੁਟਵਾਉਣੇ ਵਡੱਪਣ, ਆਰਥਿਕਤਾ, ਪਸ਼ੂ ਧਨ ਅਤੇ ਖੇਤੀ ਦੇ ਨਿਆਂਈ ਤੇ ਧਰਮ-ਕਰਮ ਦੀ ਕਨਸੋਅ ਹੁੰਦੇ ਸਨ। ਪਿੰਡ 'ਚ ਉੱਘੇ ਅਤੇ ਦੋਮ ਛੱਪੜ ਹੋਰ ਵੀ ਸਨ, ਕੁਦਰਤੀ ਅਤੇ ਮਸਨੂਈ ਅਤੇ ਖੂਹ ਵੀ, ਖੇਤੀ ਨਿਆਂਈ ਅਤੇ ਪਾਣੀ ਦੀਆਂ ਰੋਜ਼-ਮਰ੍ਹਾ ਲੋੜਾਂ ਨਿਆਂਈ। ਜਿਹੜੇ ਮੁਸਲਿਮ ਹਮਸਾਇਆ ਵੀ ਲਵਾਏ-ਪੁਟਵਾਏ ਅਤੇ ਮਗਰੋਂ ਕਹਿਲਾ ਵੀ।

ਅੰਗਰੇਜ਼ ਵਿਦਵਾਨ ਸਰ ਡੈਂਜ਼ਲ ਇਬਟਸਨ ਅਤੇ ਈ.ਡੀ. ਮੈਕਲੇਗਨ ਅਨੁਸਾਰ, 'ਕਹਿਲਾ' ਦਾ ਕਬੀਲਾ ਜਲ-ਵਹਿਣਾਂ ਕਿਨਾਰੇ ਰਹਿਣ ਵਾਲੇ ਟੱਪੜੀ ਵਾਸਨੁਮਾ ਮਹਾਂਗੀਰਾਂ ਤੇ ਮਛਵਾਰਿਆਂ ਦਾ ਸੀ। ਜਿਹੜੇ ਸਿੰਧੂ ਨਦੀ 'ਚ (ਸੱਖਰ ਅਤੇ ਕਾਲਾ ਬਾਗ ਖੇਤਰ ਦਰਮਿਆਨ) ਕਿਸ਼ਤੀਆਂ ਚਲਾਉਂਦੇ ਸਨ।' ਢੇਰ ਪੁਰਾਣੇ ਵੇਲੀਂ, ਅਮੂਮਨ, ਇਹ ਸਿੰਧ ਘਾਟੀ ਤੋਂ ਬਾਹਰ ਨਹੀਂ ਸੀ ਗਏ। ਉਂਜ, ਤਵਾਰੀਖ 'ਚ ਜ਼ਿਕਰ ਆਉਂਦਾ ਹੈ ਕਿ ਕਹਿਲਾਂ ਦੀ ਆਬਾਦੀ ਇੰਡਸ ਨਦੀ (ਸਿੰਧ ਖੇਤਰ) ਦੇ ਕਾਲਾ ਬਾਗ ਅਤੇ ਸੱਖਰ ਤੋਂ ਬਿਨਾਂ ਕਰਾਚੀ ਵਿੱਚ ਵੀ ਸੀ, ਪਰ ਜਦ ਮੁਸਲਮਾਨ "ਧਰਮ" ਦਾ ਪੀਡਾ ਹੱਲਾ ਹੋਇਆ ਤਾਂ ਆਕੀ ਧਿਰ ਉੱਥੋਂ ਮਜਬੂਰੀਵੱਸ, ਪ੍ਰਸਥਾਨ ਕਰ ਗਈ। ਬਹੁਤਿਆਂ ਸਥਿਤੀਆਂ-ਪ੍ਰਸਥਿਤੀਆਂ ਵੱਸ ਮੁਸਲਮਾਨ ਧਰਮ ਗ੍ਰਹਿਣ ਕਰ ਲਿਆ। ਜਿਹੜੇ ਉੱਥੋਂ ਨਿਕਲ ਤੁਰੇ, ਉਹਨਾਂ ਦਾ ਹੀ ਇੱਕ ਪੂਰ ਆਪਣੇ ਆਗੂਨੁਮਾ ਵਡੇਰਿਆਂ ਗੋਦੀ ਅਤੇ ਦੱਗੋ ਦੀ ਅਗਵਾਈ 'ਚ ਪ੍ਰਸਥਾਨ-ਦਰ-ਪ੍ਰਸਥਾਨ ਕਰਦਿਆਂ ਇਸ ਖਿੱਤੇ ਆ ਟਿਕਿਆ।

ਕਿਉਂਕਿ ਸਮਾਂ ਪਾ ਸੰਦਲ ਖਾਂ ਦੀ ਵਸੇਬ ਦਾ ਇਹ ਖੇੜਾ ਸਥਿਤੀਆਂ ਵੱਸ ਥੇਹ ਬਣ ਚੁੱਕਾ ਸੀ। ਸੋ ਸਮੇਂ ਦੇ ਹਾਕਮ ਮਗਰੋਂ ਮਰੂਸ ਸਿਸਟਮ ਤੋਂ ਆਗਿਆ ਪਾ ਉਹਨੀਂ ਇਹ ਉੱਜੜ-ਪੁੱਜੜ ਆਬਾਦ ਕਰ ਲਈ। ਮਗਰੋਂ ਇਸ ਦਾ ਨਾਓਂ ਵਾੜਾ ਸੰਦਲ ਖਾਂ ਦੀ ਅਖੌਤ ਤੋਂ ਵਿਗੜਦਾ-ਸੰਵਰਦਾ ਸੰਦੌੜ ਪਕ-ਪਕਾਅ ਗਿਆ। ਦੱਸਿਆ ਗਿਆ ਕਿ ਇਸ ਪਿੰਡ ਅਤੇ ਨੇੜਲੇ ਫਰਵਾਲੀ, ਰੂਪਾ ਪੱਤੀ ਤੇ ਛਾਜਲੀ ਤੋਂ ਬਿਨਾਂ ਕਹਿਲ ਗੋਤਰੀ ਪੰਜਾਬ ਵਿੱਚ ਕਿਤੇ ਵੀ ਨਹੀਂ। ਸੋ, ਹੋ ਸਕਦਾ; ਸੰਦੌੜ ਤੋਂ ਪਹਿਲਾਂ 'ਕਹਿਲ' ਇਹਨੀਂ ਪਿੰਡੀਂ ਟਿਕੇ ਹੋਣ ਅਤੇ ਲੋੜਾਂ-ਥੋੜਾਂ ਕਾਰਨ ਇਹਨਾਂ ਪਿੰਡਾਂ ਵਿੱਚੋਂ ਹੀ ਉਹਨਾਂ ਦੀ ਕੋਈ ਅਗਲੀ-ਅਗਲੇਰੀ ਪੀੜ੍ਹੀ ਦੇ ਪੁਰਖੇ 'ਗੋਦੀ-ਦੱਗੋ' ਨੇ ਥੇਹ ਸੰਦਲ ਖਾਂ ਮੁੜ ਆਬਾਦ ਕੀਤਾ ਹੋਵੇ।

ਰਿਆਸਤੀ ਚਲਨ ਦੌਰਾਨ ਇਹ ਪਿੰਡ ਜਗੀਰੂ ਨਿਜ਼ਾਮ ਅਧੀਨ ਸੀ, ਵਾਹੀਕਾਰ ਮੁਜ਼ਾਰੇ ਭਾਵ ਮਰੂਸ ਅਰਥਾਤ ਜਿਣਸ ਵੱਟੇ ਖੇਤੀਹਾਰ ਸਨ। ਪੈਪਸੂ ਦੇ 'ਜ਼ਮੀਨ ਹਲ ਵਾਹਕ ਦੀ' ਪਰਜਾ ਘੋਲ ਦੌਰਾਨ ਸੰਦੌੜ ਵੀ ਇਸ ਕਿਸਾਨੀ ਘੋਲ ਦਾ ਧੁਰਾ ਬਣਿਆ। 'ਕੁਠਾਲਾ ਸਰਗਰਮੀ ਅਤੇ ਦੁਖਾਂਤ' ਉਪਰੰਤ ਇੱਕ ਭਖਵੀਂ ਕਾਨਫਰੰਸ ਇੱਥੇ ਰੱਖੀ ਗਈ; ਜਿਸ ਵਿੱਚ ਸ਼ੇਖ ਅਬਦੁੱਲਾ ਜੰਮੂ-ਕਸ਼ਮੀਰ, ਮਾਸਟਰ ਹਰੀ ਸਿੰਘ ਧੂਤ, ਗ਼ਦਰੀ ਭਾਗ ਸਿੰਘ ਕੈਨੇਡੀਅਨ, ਹੀਰਾ ਸਿੰਘ-ਹਰਦਿੱਤ ਸਿੰਘ ਭੱਠਲ, ਜੰਗੀਰ ਸਿੰਘ ਜੋਗਾ, ਹਰਨਾਮ ਸਿੰਘ ਚਮਕ, ਕਰਮ ਸਿੰਘ ਸਾਹੋਕੇ, ਲਾਲਾ ਚਿੰਤ ਰਾਮ ਲਾਹੌਰ (ਪਿਤਾ ਉੱਪ ਰਾਸ਼ਟਰਪਤੀ ਕ੍ਰਿਸ਼ਨ ਕਾਂਤ), ਪੰਡਿਤ ਵਿਦਿਆ ਚੰਦਰ ਅਲੰਕਾਰ ਆਦਿ ਆਗੂਆਂ ਨੇ ਹਿੱਸਾ ਲਿਆ।

ਇਹ ਗੱਲਾਂ ਆਜ਼ਾਦੀ ਤੋਂ ਪਹਿਲਾਂ ਦੀਆਂ ਹਨ, ਆਜ਼ਾਦੀ ਉਪਰੰਤ ਜ਼ਮੀਨੀ ਮਾਮਲਿਆਂ ਨਾਲ ਸੰਬੰਧਤ ਇੱਕ ਹੋਰ ਗੂੜ੍ਹੀ ਘਟਨਾ ਅਤੇ ਕਿਸੇ ਉੱਘੀ ਹਸਤੀ ਦੀ ਆਮਦ 1962, ਭੂ-ਦਾਨ ਅੰਦੋਲਨ ਵਾਲੇ ਵਿਨੋਬਾ ਭਾਵੇ ਜੀ ਦੀ ਹੈ। ਹਾਂ; ਪਿੰਡ ਦੇ ਕਿਸਾਨ ਅਤੇ ਆਜ਼ਾਦੀ ਘੁਲਾਟੀਆਂ ਵਿੱਚ ਬਾਬਾ ਸਾਉਣ ਸਿੰਘ-ਖੰਡਾ ਸਿੰਘ-ਸਰਦੂਲ ਸਿੰਘ ਆਦਿ ਜਿੱਥੇ ਕੁਰਬਾਨੀ ਯੁਕਤ ਪਰਜਾ ਮੰਡਲੀਏ ਸਨ, ਉਥੇ ਗੁਰਦੁਆਰਾ ਸੁਧਾਰ ਲਹਿਰ ਵਾਲੇ ਭਾਈ ਅਰਜਨ ਸਿੰਘ, ਅਕਾਲੀ ਮੋਰਚਿਆਂ ਵਾਲੇ ਭਗਤ ਸਿੰਘ ਅਤੇ ਵਤਨ ਲਈ ਮੁਲਤਾਨ ਜੇਲ੍ਹ ਵਿੱਚ ਬੰਦ ਰਹੇ ਭਾਈ ਕੇਸਰ ਸਿੰਘ ਦਾ ਨਾਂਅ ਵੀ ਉੱਘਾ ਹੈ। ਸੰਦੌੜ ਦੇ ਇੱਕ ਹੋਰ ਫਰਜ਼ੰਦ 'ਬੱਬਰ ਅਕਾਲੀ' ਸੋਹਣ ਸਿੰਘ, ਜਿਸ ਬਾਰੇ ਲਿਖਿਆ-ਦੱਸਿਆ ਗਿਆ ਕਿ ਉਸ ਨੇ 1927 'ਚ ਕੈਦ ਕੱਟੀ, ਬਾਰੇ ਦਸਤਾਵੇਜ਼ੀ ਦਰਿਆਫਤ ਨਹੀਂ ਹੋ ਸਕਿਆ।

ਰਿਆਸਤ ਮਾਲੇਰਕੋਟਲਾ ਦਾ ਅੱਗਲ-ਵਾਂਡਾ ਹੋਣ ਕਾਰਨ 1947 ਤੋਂ ਪਹਿਲਾਂ ਇੱਥੇ ਮੁਸਲਿਮ ਹਮਸਾਏ ਵੀ ਚੋਖੀ ਗਿਣਤੀ ਵਿੱਚ ਸੁੱਖੀ-ਲੱਧੀਂ ਵੱਸਦੇ ਸਨ। ਇੱਕ-ਅੱਧ ਘਰ ਹੁਣ ਵੀ ਹਨ। ਪਹਿਲਿਆਂ ਵਿੱਚੋਂ ਇੱਕ ਹੁੰਦਾ ਸੀ 'ਮੁਣਸ਼ੀ ਭਰਾਈ'। ਮੁਣਸ਼ੀ ਆਪਣੇ ਭਾਈ ਨਾਲ ਢੱਡ ਸਰੰਗਾਂ ਵਜਾਉਂਦਾ ਹੁੰਦਾ ਸੀ। ਕਲਗੀ ਗਵੱਈਆ ਸੀ ਉਹ। ਕਹਿੰਦੇ ਬਾਹਰਲਿਆਂ ਨੂੰ ਸਾਈਂ ਬੁੱਕ ਕਰਾਉਣ ਵੇਲੇ ਵਾਰੀ ਦੀ ਉਡੀਕ ਕਰਨੀ ਪੈਂਦੀ ਸੀ। ਭਰਾਈਆਂ ਵਿੱਚੋਂ ਹੀ ਸਨ 'ਗੁੱਜਰ ਤੇ ਚੰਨਣ ਭਰਾਈ', ਆਹਲਾ ਢੋਲਕੀਏ। ਹੋਰ ਸਨ: ਮੁਣਸ਼ੀ ਤੇ ਚੰਨਣ। ਤੇਲੀ ਉਮਰਦੀਨ, ਰੁਕਬ, ਮਿਰਜ਼ਾ, ਫੱਤਾ, ਮੌਜੂ ਤੇ ਨੂਰਾ ਪਿੰਡਾਂ ਪੱਧਰੀ ਤੇਲ ਦੇ ਬਾਦਸ਼ਾਹ ਸਨ: ਕੋਹਲੂ ਬੀੜਦੇ- ਢੋਲੇ ਦੀਆਂ ਗਾਉਂਦੇ।

ਮੁਸਲਮਾਨ ਕੰਮੀਆਂ-ਕਿਰਤੀਆਂ ਵਿੱਚੋਂ ਹੀ ਵਿਆਹੀਂ-ਸ਼ਾਦੀ, ਖੁਸ਼ੀ-ਗਮੀ ਕਾਰਜ ਕਰਨ ਵਾਲੇ ਭਲੇ ਲੋਕਾਂ ਸ਼ਾਦੀ ਅਤੇ ਨੱਥੂ ਦੇ ਟੱਬਰਾਂ ਦੀ ਯਾਦ-ਟੀਸ ਅੱਜ ਵੀ ਵੱਡ-ਉਮਰਾਂ ਨੂੰ ਸਤਾਉਂਦੀ ਹੈ। ਵੱਡੇ ਹੱਲਿਆਂ ਵੇਲੇ ਇਹਨਾਂ ਵਿੱਚੋਂ ਇੱਕ ਬੀਰੂ ਹੀ, ਦੇਵ-ਨੇਤ ਪਿੰਡ ਰਹਿ ਗਿਆ, ਜਿਸ ਦਾ ਟੱਬਰ-ਟੀਰ ਹੁਣ ਵੀ ਇਧਰ ਹੀ ਹੈ। ਨੱਥੂ ਮਰਾਸੀ, ਇੱਥੋਂ ਦਾ ਇੱਕ ਹੋਰ ਆਹਲਾ ਰੁਕਨ ਸੀ। '47 ਵਿਚ ਪਾਕਿਸਤਾਨ ਤੁਰ ਗਏ 'ਜਾਨੂੰ ਅਤੇ ਕਾਲੂ' ਤੇ ਈਦੂ ਅਤੇ ਬੂਟਾ ਸਿਰੇ ਦੇ ਬੁਣਕਰ ਸਨ। ਜਾਣਾ ਨਹੀਂ ਸੀ ਚਾਹੁੰਦੇ, ਪਰ ਤੁਰ ਗਏ ਜਾਂ ਤੋਰ ਦਿੱਤੇ ਗਏ।

ਮੋਬਾ. 94634-39075

# ਪਗਡੰਡੀਆਂ, ਝਰਨੇ ਅਤੇ ਜੰਗਲ : ਜਿੱਥੇ ਰੋਮਾਂਚ ਹਰ ਕਦਮ ਨਾਲ ਤੁਰਦਾ

## ਕਿਸ਼ਤ-3

### ਨਵਦੀਪ ਸਿੰਘ ਝੁਨੀਰ

ਬਰੌਟ ਵਿੱਚ ਬਿਤਾਈ ਉਹ ਰਾਤ ਅਜੇ ਵੀ ਮਨ ਵਿੱਚ ਤਾਜ਼ਾ ਸੀ। ਉਲ੍ਹ ਨਦੀ ਦੀ ਕਲਕਲ, ਬੋਨਫਾਇਰ ਦੀ ਗਰਮੀ ਅਤੇ ਦੇਵਦਾਰਾਂ ਦੀ ਮਹਿਕ ਜਿਵੇਂ ਅਜੇ ਵੀ ਸਾਥ ਨਿਭਾ ਰਹੀ ਸੀ, ਪਰ ਪਹਾੜਾਂ ਦੀ ਇੱਕ ਖ਼ਾਸੀਅਤ ਹੁੰਦੀ ਹੈ ਕਿ ਉਹ ਤੁਹਾਨੂੰ ਇੱਕ ਥਾਂ ਬਹੁਤ ਦੇਰ ਟਿਕਣ ਨਹੀਂ ਦਿੰਦੇ। ਹਰ ਚੋਟੀ ਦੇ ਪਿੱਛੇ ਇੱਕ ਨਵਾਂ ਦ੍ਰਿਸ਼ ਲੁਕਿਆ ਹੁੰਦਾ ਹੈ, ਹਰ ਪਗਡੰਡੀ ਕਿਸੇ ਨਵੇਂ ਭੇਤ ਵੱਲ ਲੈ ਜਾਂਦੀ ਹੈ ਅਤੇ ਹਰ ਮੋੜ ਤੁਹਾਨੂੰ ਅੱਗੇ ਵਧਣ ਲਈ ਮਜਬੂਰ ਕਰਦਾ ਹੈ।

ਅਗਲੀ ਸਵੇਰ ਸਾਡਾ ਰੁਖ਼ ਲਾਪਾਸ ਝਰਨੇ ਵੱਲ ਸੀ। ਬਰੌਟ ਦੀਆਂ ਪਗਡੰਡੀਆਂ ਉੱਤੇ ਤੁਰਨਾ ਕਿਸੇ ਕਿਤਾਬ ਦੇ ਸਫ਼ੇ ਪਲਟਣ ਵਰਗਾ ਹੈ। ਹਰ ਕੁਝ ਕਦਮਾਂ ਬਾਅਦ ਨਵਾਂ ਦ੍ਰਿਸ਼ ਸਾਹਮਣੇ ਆ ਜਾਂਦਾ ਹੈ। ਕਿਤੇ ਦੇਵਦਾਰਾਂ ਦੀ ਸੰਘਣੀ ਛਾਂ ਹੈ, ਕਿਤੇ ਪਹਾੜੀ ਚਸ਼ਮੇ ਦਾ ਠੰਢਾ ਪਾਣੀ ਅਤੇ ਕਿਤੇ ਦੂਰ ਤੱਕ ਫੈਲੀਆਂ ਪਹਾੜੀ ਲੜੀਆਂ।

ਸਵੇਰ ਦੀ ਹਵਾ ਵਿੱਚ ਇੱਕ ਖ਼ਾਸ ਤਾਜ਼ਗੀ ਸੀ। ਦੇਵਦਾਰਾਂ ਦੇ ਉੱਚੇ ਦਰੱਖਤਾਂ ਵਿੱਚੋਂ ਛਣ ਕੇ ਆਉਂਦੀਆਂ ਸੂਰਜ ਦੀਆਂ ਕਿਰਨਾਂ ਪਗਡੰਡੀ ਉੱਤੇ ਸੁਨਹਿਰੀ ਚਾਦਰ ਵਿਛਾ ਰਹੀਆਂ ਸਨ। ਕਈ ਵਾਰ ਅਸੀਂ ਰੁਕ ਕੇ ਹੇਠਾਂ ਵਗਦੀ ਉਲ੍ਹ ਨਦੀ ਨੂੰ ਤੱਕਦੇ। ਉਚਾਈ ਤੋਂ ਵੇਖਣ 'ਤੇ ਉਹ ਕਿਸੇ ਚਾਂਦੀ ਦੀ ਪਤਲੀ ਲਕੀਰ ਵਾਂਗ ਦਿਸਦੀ ਸੀ, ਜੋ ਪਹਾੜਾਂ ਦੀ ਗੋਦ ਵਿੱਚੋਂ ਲੰਘਦੀ ਹੋਈ ਆਪਣਾ ਸਫ਼ਰ ਤੈਅ ਕਰ ਰਹੀ ਸੀ।

ਲਾਪਾਸ ਝਰਨੇ ਵੱਲ ਜਾਂਦਿਆਂ ਇੱਕ ਗੱਲ ਖ਼ਾਸ ਤੌਰ 'ਤੇ ਮਹਿਸੂਸ ਹੁੰਦੀ ਹੈ ਕਿ ਇੱਥੇ ਕੁਦਰਤ ਆਪਣੀ ਖ਼ੂਬਸੂਰਤੀ ਨੂੰ ਇੱਕੋ ਵਾਰ ਸਾਹਮਣੇ ਨਹੀਂ ਲਿਆਉਂਦੀ। ਉਹ ਹੌਲੀ-ਹੌਲੀ ਆਪਣੇ ਭੇਤ ਖੋਲ੍ਹਦੀ ਹੈ। ਪਹਿਲਾਂ ਝਰਨੇ ਦੀ ਹੌਲੀ ਜਿਹੀ ਗੂੰਜ ਸੁਣਾਈ ਦਿੰਦੀ ਹੈ। ਫਿਰ ਉਹ ਆਵਾਜ਼ ਹੋਰ ਸਪੱਸ਼ਟ ਹੋਣ ਲੱਗਦੀ ਹੈ ਅਤੇ ਅਚਾਨਕ ਇੱਕ ਮੋੜ ਤੋਂ ਬਾਅਦ ਉਹ ਪੂਰੀ ਸ਼ਾਨ ਨਾਲ ਸਾਹਮਣੇ ਆ ਜਾਂਦਾ ਹੈ।

ਉੱਚੇ ਪਹਾੜਾਂ ਦੀ ਗੋਦ ਵਿੱਚੋਂ ਡਿੱਗਦਾ ਲਾਪਾਸ ਝਰਨਾ ਕਿਸੇ ਸਫ਼ੈਦ ਰੇਸ਼ਮੀ ਚਾਦਰ ਵਾਂਗ ਲੱਗਦਾ ਹੈ। ਪਾਣੀ ਦੀਆਂ ਬੂੰਦਾਂ ਹਵਾ ਵਿੱਚ ਘੁਲ ਕੇ ਇੱਕ ਨਰਮ ਜਿਹੀ ਠੰਢਕ ਪੈਦਾ ਕਰਦੀਆਂ ਹਨ। ਕੁਝ ਪਲਾਂ ਲਈ ਅਸੀਂ ਸਿਰਫ਼ ਉਸ ਦ੍ਰਿਸ਼ ਨੂੰ ਤੱਕਦੇ ਰਹੇ। ਕੁਦਰਤ ਦੇ ਕੁਝ ਨਜ਼ਾਰੇ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਵੇਖ ਕੇ ਮਨ ਵਿੱਚ ਕੋਈ ਸ਼ਬਦ ਨਹੀਂ ਉੱਭਰਦਾ। ਸਿਰਫ਼ ਚੁੱਪ ਪੈ ਜਾਂਦੀ ਹੈ।

ਲਾਪਾਸ ਖੇਤਰ ਤੋਂ ਅੱਗੇ ਰੁਲਿੰਗ ਪਿੰਡ ਦਾ ਇਲਾਕਾ ਸ਼ੁਰੂ ਹੁੰਦਾ ਹੈ। ਮੰਡੀ ਜ਼ਿਲ੍ਹੇ ਦਾ ਸਭ ਤੋਂ ਉੱਚਾ ਪਿੰਡ ਮੰਨਿਆ ਜਾਣ ਵਾਲਾ ਰੁਲਿੰਗ ਆਪਣੇ ਆਪ ਵਿੱਚ ਇੱਕ ਅਨੁਭਵ ਹੈ। ਉੱਪਰ ਪਹੁੰਚ ਕੇ ਜਦੋਂ ਮੈਂ ਪਿੱਛੇ ਮੁੜ ਕੇ ਵੇਖਿਆ ਤਾਂ ਚੌਹਾਰ ਘਾਟੀ ਆਪਣੇ ਪੂਰੇ ਵਿਸਥਾਰ ਨਾਲ ਸਾਹਮਣੇ ਸੀ। ਹੇਠਾਂ ਛੋਟੇ-ਛੋਟੇ ਪਿੰਡ, ਉਨ੍ਹਾਂ ਦੇ ਆਲੇ-ਦੁਆਲੇ ਖੇਤ, ਵਿਚਕਾਰੋਂ ਲੰਘਦੀ ਉਲ੍ਹ ਨਦੀ ਅਤੇ ਦੂਰ-ਦੂਰ ਤੱਕ ਫੈਲੀਆਂ ਪਹਾੜੀ ਲੜੀਆਂ। ਲੱਗਦਾ ਸੀ ਜਿਵੇਂ ਕੁਦਰਤ ਨੇ ਖ਼ੁਦ ਕੋਈ ਵਿਸ਼ਾਲ ਚਿੱਤਰ ਬਣਾਇਆ ਹੋਵੇ।

ਪਹਾੜਾਂ ਵਿੱਚ ਇੱਕ ਅਜੀਬ ਜਾਦੂ ਹੁੰਦਾ ਹੈ। ਜਿੰਨਾ ਉੱਚੇ ਚੜ੍ਹਦੇ ਜਾਓ, ਓਨਾ ਹੀ ਮਨ ਹਲਕਾ ਹੁੰਦਾ ਜਾਂਦਾ ਹੈ। ਸ਼ਾਇਦ ਇਸ ਲਈ ਕਿ ਹੇਠਾਂ ਰਹਿ ਜਾਂਦੀਆਂ ਹਨ ਜ਼ਿੰਦਗੀ ਦੀਆਂ ਚਿੰਤਾਵਾਂ ਅਤੇ ਉੱਪਰ ਸਿਰਫ਼ ਅਸਮਾਨ, ਹਵਾ ਅਤੇ ਖਾਮੋਸ਼ੀ ਬਚਦੇ ਹਨ।

ਬਰੌਟ ਦੀ ਇੱਕ ਹੋਰ ਯਾਦਗਾਰ ਯਾਤਰਾ ਕੋਠੀ ਕੋਹੜ ਝਰਨੇ ਵੱਲ ਦੀ ਰਹੀ। ਬਰੌਟ ਤੋਂ ਲੱਗਭੱਗ ਬਾਰਾਂ ਕਿਲੋਮੀਟਰ ਦੂਰ ਸਥਿਤ ਇਹ ਝਰਨਾ ਅਜੇ ਵੀ ਵੱਡੇ ਸੈਰ-ਸਪਾਟਾ ਨਕਸ਼ਿਆਂ ਤੋਂ ਕੁਝ ਹੱਦ ਤੱਕ ਬਚਿਆ ਹੋਇਆ ਹੈ। ਸ਼ਾਇਦ ਇਸੇ ਲਈ ਇਸ ਦੀ ਖ਼ੂਬਸੂਰਤੀ ਵਿੱਚ ਇੱਕ ਕੁਦਰਤੀ ਨਿਰਮਲਤਾ ਅਜੇ ਵੀ ਕਾਇਮ ਹੈ। ਕੋਠੀ ਕੋਹੜ ਵੱਲ ਜਾਂਦਾ ਰਸਤਾ ਆਪਣੇ ਆਪ ਵਿੱਚ ਇੱਕ ਰੁਮਾਂਚਿਕ ਸਫ਼ਰ ਹੈ। ਕਿਤੇ ਉਲ੍ਹ ਨਦੀ ਸਾਥ ਨਿਭਾਉਂਦੀ ਹੈ, ਕਿਤੇ ਦੇਵਦਾਰ ਅਤੇ ਚੀੜ੍ਹ ਦੇ ਜੰਗਲਾਂ ਦੀ ਖਾਮੋਸ਼ੀ ਅਤੇ ਕਿਤੇ ਪਹਾੜੀ ਪੰਛੀਆਂ ਦੀਆਂ ਮਿੱਠੀਆਂ ਆਵਾਜ਼ਾਂ ਯਾਤਰਾ ਨੂੰ ਹੋਰ ਮਨਮੋਹਕ ਬਣਾ ਦਿੰਦੀਆਂ ਹਨ।

ਕੋਠੀ ਕੋਹੜ ਪਹੁੰਚ ਕੇ ਸਭ ਤੋਂ ਪਹਿਲਾਂ ਜਿਸ ਗੱਲ ਨੇ ਮੇਰਾ ਧਿਆਨ ਖਿੱਚਿਆ, ਉਹ ਇੱਥੋਂ ਦਾ ਸਾਦਾ ਅਤੇ ਸੰਤੁਸ਼ਟ ਜਨ-ਜੀਵਨ ਸੀ। ਪਹਾੜਾਂ ਦੀ ਗੋਦ ਵਿੱਚ ਵਸਿਆ ਇਹ ਛੋਟਾ ਜਿਹਾ ਪਿੰਡ ਅੱਜ ਵੀ ਕੁਦਰਤ ਨਾਲ ਤਾਲਮੇਲ ਬਣਾ ਕੇ ਜੀਣ ਦੀ ਇੱਕ ਸੁੰਦਰ ਮਿਸਾਲ ਹੈ। ਇੱਥੋਂ ਦੇ ਲੋਕ ਮੁੱਖ ਤੌਰ 'ਤੇ ਖੇਤੀਬਾੜੀ ਅਤੇ ਪਸ਼ੂ ਪਾਲਣ ਨਾਲ ਜੁੜੇ ਹੋਏ ਹਨ। ਪਹਾੜੀ ਢਲਾਣਾਂ ਉੱਤੇ ਬਣੇ ਛੋਟੇ-ਛੋਟੇ ਖੇਤ ਉਨ੍ਹਾਂ ਦੀ ਮਿਹਨਤ ਅਤੇ ਕੁਦਰਤ ਨਾਲ ਨੇੜਲੇ ਰਿਸ਼ਤੇ ਦੀ ਗਵਾਹੀ ਦਿੰਦੇ ਹਨ। ਉਨ੍ਹਾਂ ਦੇ ਚਿਹਰਿਆਂ ਉੱਤੇ ਸ਼ਹਿਰੀ ਜ਼ਿੰਦਗੀ ਦੀ ਭੱਜਦੌੜ ਵਾਲੀ ਥਕਾਵਟ ਨਹੀਂ, ਸਗੋਂ ਇੱਕ ਕੁਦਰਤੀ ਸੰਤੁਸ਼ਟੀ ਨਜ਼ਰ ਆਉਂਦੀ ਹੈ। ਸਰੀਰਕ ਤੌਰ 'ਤੇ ਮਜ਼ਬੂਤ ਅਤੇ ਮਿਹਨਤੀ ਇਹ ਲੋਕ ਛੋਟੀਆਂ-ਛੋਟੀਆਂ ਖੁਸ਼ੀਆਂ ਵਿੱਚ ਹੀ ਜ਼ਿੰਦਗੀ ਦਾ ਸੁੱਖ ਲੱਭ ਲੈਂਦੇ ਹਨ। ਕੁਝ ਸਮਾਂ ਉਨ੍ਹਾਂ ਨਾਲ ਗੱਲਬਾਤ ਕਰਕੇ ਅਹਿਸਾਸ ਹੋਇਆ ਕਿ ਕੁਦਰਤ ਦੇ ਨੇੜੇ ਰਹਿਣ ਵਾਲੇ ਲੋਕਾਂ ਦੀਆਂ ਲੋੜਾਂ ਭਾਵੇਂ ਘੱਟ ਹੁੰਦੀਆਂ ਹਨ, ਪਰ ਉਨ੍ਹਾਂ ਦੀ ਖੁਸ਼ਹਾਲੀ ਅਤੇ ਮਨ ਦੀ ਸ਼ਾਂਤੀ ਕਈ ਵਾਰ ਸ਼ਹਿਰਾਂ ਵਿੱਚ ਰਹਿਣ ਵਾਲਿਆਂ ਨਾਲੋਂ ਕਿਤੇ ਵੱਧ ਹੁੰਦੀ ਹੈ।

ਪਿੰਡ ਦੀ ਇਸ ਸਾਦਗੀ ਨੂੰ ਆਪਣੇ ਅੰਦਰ ਸਮੇਟਣ ਤੋਂ ਬਾਅਦ ਅਸੀਂ ਝਰਨੇ ਵੱਲ ਰਵਾਨਾ ਹੋਏ। ਜਿਵੇਂ-ਜਿਵੇਂ ਅਸੀਂ ਅੱਗੇ ਵਧਦੇ ਗਏ, ਹਵਾ ਵਿੱਚ ਨਮੀ ਵਧਦੀ ਗਈ ਅਤੇ ਪਾਣੀ ਦੀ ਦੂਰੋਂ ਆਉਂਦੀ ਗੂੰਜ ਕੰਨਾਂ ਤੱਕ ਪਹੁੰਚਣ ਲੱਗੀ। ਫਿਰ ਇੱਕ ਮੋੜ ਤੋਂ ਬਾਅਦ ਅਚਾਨਕ ਸਾਹਮਣੇ ਉਹ ਨਜ਼ਾਰਾ ਖੁੱਲ੍ਹਿਆ, ਜਿਸ ਲਈ ਅਸੀਂ ਇੰਨਾ ਸਫ਼ਰ ਤੈਅ ਕੀਤਾ ਸੀ। ਉੱਚੇ ਪਹਾੜ ਦੀ ਛਾਤੀ ਵਿੱਚੋਂ ਨਿਕਲਦੀ ਪਾਣੀ ਦੀ ਵਿਸ਼ਾਲ ਧਾਰ ਪੂਰੇ ਵੇਗ ਨਾਲ ਹੇਠਾਂ ਡਿੱਗ ਰਹੀ ਸੀ। ਚਿੱਟੇ ਝੱਗ ਨਾਲ ਭਰਿਆ ਪਾਣੀ ਜਦੋਂ ਪੱਥਰਾਂ ਨਾਲ ਟਕਰਾਉਂਦਾ ਸੀ ਤਾਂ ਉਸ ਦੀ ਗੂੰਜ ਸਾਰੇ ਇਲਾਕੇ ਵਿੱਚ ਫੈਲ ਜਾਂਦੀ ਸੀ। ਸੂਰਜ ਦੀਆਂ ਕਿਰਨਾਂ ਜਦੋਂ ਪਾਣੀ ਦੀਆਂ ਫੁਹਾਰਾਂ ਉੱਤੇ ਪੈਂਦੀਆਂ ਤਾਂ ਉਨ੍ਹਾਂ ਵਿੱਚੋਂ ਸਤਰੰਗੀ ਰੰਗ ਝਲਕਣ ਲੱਗਦੇ ਸਨ, ਜਿਵੇਂ ਕੁਦਰਤ ਨੇ ਖ਼ੁਦ ਇਸ ਦ੍ਰਿਸ਼ ਨੂੰ ਸਜਾਇਆ ਹੋਵੇ।

ਝਰਨੇ ਦੇ ਸਾਹਮਣੇ ਖੜ੍ਹ ਕੇ ਲੱਗਦਾ ਹੈ, ਜਿਵੇਂ ਸਮਾਂ ਕੁਝ ਪਲਾਂ ਲਈ ਠਹਿਰ ਗਿਆ ਹੋਵੇ। ਪਾਣੀ ਦੀਆਂ ਬਾਰੀਕ ਫੁਹਾਰਾਂ ਚਿਹਰੇ ਨੂੰ ਛੂੰਹਦੀਆਂ ਹਨ ਅਤੇ ਠੰਢੀ ਹਵਾ ਸਾਰੇ ਸਰੀਰ ਵਿੱਚ ਇੱਕ ਨਵੀਂ ਤਾਜ਼ਗੀ ਭਰ ਦਿੰਦੀ ਹੈ। ਉਸ ਵੇਲੇ ਅਸੀਂ ਕਾਫ਼ੀ ਦੇਰ ਤੱਕ ਬਿਨਾਂ ਕੋਈ ਗੱਲ ਕੀਤੇ ਉੱਥੇ ਬੈਠੇ ਰਹੇ। ਕੁਝ ਨਜ਼ਾਰੇ ਅਜਿਹੇ ਹੁੰਦੇ ਹਨ, ਜੋ ਸ਼ਬਦ ਨਹੀਂ ਮੰਗਦੇ, ਸਿਰਫ਼ ਤੁਹਾਡੀ ਹਾਜ਼ਰੀ ਮੰਗਦੇ ਹਨ। ਕੋਠੀ ਕੋਹੜ ਦਾ ਝਰਨਾ ਵੀ ਮੇਰੇ ਲਈ ਅਜਿਹਾ ਹੀ ਇੱਕ ਅਨੁਭਵ ਬਣ ਗਿਆ। ਇੱਕ ਅਜਿਹਾ ਅਨੁਭਵ ਜੋ ਅੱਜ ਵੀ ਯਾਦਾਂ ਵਿੱਚ ਉਸੇ ਤਰ੍ਹਾਂ ਤਾਜ਼ਾ ਹੈ, ਜਿਵੇਂ ਉਸ ਦਿਨ ਪਾਣੀ ਦੀਆਂ ਉਹ ਠੰਢੀਆਂ ਫੁਹਾਰਾਂ।

ਬਰੌਟ ਦੀ ਅਸਲ ਪਹਿਚਾਣ ਸਿਰਫ਼ ਝਰਨਿਆਂ ਤੱਕ ਸੀਮਤ ਨਹੀਂ। ਇਹ ਘਾਟੀ ਹਿਮਾਲਿਆ ਦੇ ਕੁਝ ਸਭ ਤੋਂ ਸੁੰਦਰ ਟ੍ਰੈਕਿੰਗ ਰੂਟਾਂ ਦਾ ਦਰਵਾਜ਼ਾ ਵੀ ਹੈ। ਵੱਡਾ ਭੰਗਾਲ, ਕੁੱਲੂ ਅਤੇ ਮਨਾਲੀ ਵੱਲ ਜਾਣ ਵਾਲੀਆਂ ਕਈ ਪੁਰਾਣੀਆਂ ਪਗਡੰਡੀਆਂ ਇੱਥੋਂ ਲੰਘਦੀਆਂ ਹਨ। ਇੱਕ ਸਮਾਂ ਸੀ ਜਦੋਂ ਇਹ ਰਸਤੇ ਵਪਾਰ ਅਤੇ ਆਵਾਜਾਈ ਦੀ ਜੀਵਨ-ਰੇਖਾ ਹੁੰਦੇ ਸਨ। ਅੱਜ ਇਹੀ ਰਸਤੇ ਟ੍ਰੈਕਰਾਂ ਲਈ ਰੋਮਾਂਚ ਦਾ ਸਰੋਤ ਹਨ।

ਇਨ੍ਹਾਂ ਪਗਡੰਡੀਆਂ ਦਾ ਇੱਕ ਮਹੱਤਵਪੂਰਨ ਹਿੱਸਾ ਨਾਰਗੂ ਵਾਈਲਡਲਾਈਫ ਸੈਂਚੁਰੀ ਵਿੱਚੋਂ ਲੰਘਦਾ ਹੈ। ਉਲ੍ਹ ਨਦੀ ਦੇ ਪਾਰ ਸਥਿਤ ਇਹ ਸੈਂਚੁਰੀ ਕੁਦਰਤ ਪ੍ਰੇਮੀਆਂ ਲਈ ਕਿਸੇ ਲੁਕੇ ਹੋਏ ਖ਼ਜ਼ਾਨੇ ਤੋਂ ਘੱਟ ਨਹੀਂ। ਦੇਵਦਾਰ ਅਤੇ ਓਕ ਦੇ ਸੰਘਣੇ ਜੰਗਲਾਂ ਵਿੱਚ ਵੱਸਦਾ ਮੋਨਾਲ, ਘੋਰਲ ਅਤੇ ਹਿਮਾਲੀਅਨ ਕਾਲਾ ਰਿੱਛ ਇਸ ਇਲਾਕੇ ਦੀ ਜੈਵ-ਵਿਭਿੰਨਤਾ ਦੀ ਗਵਾਹੀ ਦਿੰਦੇ ਹਨ।

ਸਵੇਰ ਦੇ ਵੇਲੇ ਜਦੋਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਦਰੱਖਤਾਂ ਵਿੱਚੋਂ ਛਣ ਕੇ ਜ਼ਮੀਨ ਉੱਤੇ ਪੈਂਦੀਆਂ ਹਨ ਤਾਂ ਇਹ ਪੂਰਾ ਜੰਗਲ ਕਿਸੇ ਕੁਦਰਤੀ ਮੰਦਰ ਵਰਗਾ ਲੱਗਣ ਲੱਗਦਾ ਹੈ। ਹਵਾ ਵਿੱਚ ਦੇਵਦਾਰ ਦੀ ਮਹਿਕ ਘੁਲੀ ਹੁੰਦੀ ਹੈ ਅਤੇ ਚਾਰੋਂ ਪਾਸੇ ਇੱਕ ਅਜਿਹਾ ਸਕੂਨ ਫੈਲਿਆ ਹੁੰਦਾ ਹੈ, ਜੋ ਸ਼ਹਿਰਾਂ ਵਿੱਚ ਲੱਭੇ ਨਹੀਂ ਲੱਭਦਾ।

ਉਸ ਦਿਨ ਸ਼ਾਮ ਨੂੰ ਜਦੋਂ ਅਸੀਂ ਵਾਪਸ ਬਰੌਟ ਪਰਤੇ ਤਾਂ ਸਰੀਰ ਥੱਕਿਆ ਹੋਇਆ ਸੀ, ਪਰ ਮਨ ਅਜੀਬ ਜਿਹੀ ਤਾਜ਼ਗੀ ਨਾਲ ਭਰਿਆ ਹੋਇਆ ਸੀ। ਲਾਪਾਸ ਦੀ ਗੂੰਜ, ਕੋਠੀ ਕੋਹੜ ਦੀਆਂ ਫੁਹਾਰਾਂ ਅਤੇ ਨਾਰਗੂ ਦੇ ਜੰਗਲਾਂ ਦੀ ਖਾਮੋਸ਼ੀ ਮਨ ਵਿੱਚ ਇਕੱਠੀ ਵੱਸ ਗਈ ਸੀ।

ਮੈਨੂੰ ਉਦੋਂ ਅਹਿਸਾਸ ਹੋਇਆ ਕਿ ਬਰੌਟ ਦੀਆਂ ਪਗਡੰਡੀਆਂ ਸਿਰਫ਼ ਪਹਾੜਾਂ ਵਿੱਚੋਂ ਨਹੀਂ ਲੰਘਦੀਆਂ, ਉਹ ਮਨੁੱਖ ਨੂੰ ਆਪਣੇ ਅੰਦਰ ਦੀ ਯਾਤਰਾ ਵੀ ਕਰਵਾਉਂਦੀਆਂ ਹਨ। ਸ਼ਾਇਦ ਇਸੇ ਲਈ ਇੱਥੇ ਆਉਣ ਵਾਲੇ ਬਹੁਤ ਸਾਰੇ ਲੋਕ ਇੱਕ ਵਾਰ ਆ ਕੇ ਸੰਤੁਸ਼ਟ ਨਹੀਂ ਹੁੰਦੇ। ਉਹ ਮੁੜ ਆਉਂਦੇ ਹਨ, ਕਿਉਂਕਿ ਬਰੌਟ ਹਰ ਵਾਰ ਆਪਣੇ ਭੇਤਾਂ ਦਾ ਇੱਕ ਨਵਾਂ ਪੰਨਾ ਖੋਲ੍ਹ ਦਿੰਦਾ ਹੈ।

ਸਫ਼ਾ 2 ਦੀ ਬਾਕੀ

## 'ਜੰਗਾਂ-ਯੁੱਧਾਂ ਦੀ ਅਣਕਿਆਸੀ ਕੀਮਤ'...

ਆਲਮੀ ਤਪਸ਼ ਦੇ ਰੂਪ ਵਿੱਚ ਵਾਤਾਵਰਨ ਤਬਦੀਲੀ ਵੀ ਤੇਜ਼ੀ ਨਾਲ ਵਧ ਰਹੀ ਹੈ ਤਾਂ ਖ਼ਤਰਾ ਹੋਰ ਵੀ ਭਿਆਨਕ ਰੂਪ ਲੈ ਸਕਦਾ ਹੈ। ਕੌਮਾਂਤਰੀ ਕਾਰਪੋਰੇਟੀ ਮੁਨਾਫ਼ੇ ਦੀ ਹਵਸ਼ ਨੇ ਦੁਨੀਆ ਨੂੰ ਪਰਲੋ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ। ਕੋਈ ਜੰਗੀ ਟਕਰਾਅ ਹੁਣ ਦੋ-ਧਿਰਾਂ ਦੀ ਖਹਿਬਾਜ਼ੀ ਨਾ ਰਹਿ ਕੇ ਸਥਾਈ ਅਮਨ ਅਤੇ ਕੌਮਾਂਤਰੀ ਸੁਰੱਖਿਆ ਲਈ ਵੱਡਾ ਖਤਰਾ ਹੈ।

**ਰੋਟੀ ਬਨਾਮ ਬਾਰੂਦ :**

ਜੰਗ ਦੇਸ਼ਾਂ ਦੇ ਬੱਜਟ ਦਾ ਵੱਡਾ ਹਿੱਸਾ ਫ਼ੌਜੀ ਖਰਚਿਆਂ ਦੇ ਰੂਪ ਵਿੱਚ ਖਾ ਜਾਂਦੀ ਹੈ। ਨਾਟੋ ਵੱਲੋਂ ਸਿਸਕਾਰੇ ਜੈਲੰਸਕੀ ਦਾ ਯੂਕਰੇਨ ਅੱਜ ਆਪਣੀ ਕੁੱਲ 180 ਬਿਲੀਅਨ ਡਾਲਰ ਜੀ ਡੀ ਪੀ ਵਿੱਚੋਂ ਪੈਂਹਠ ਬਿਲੀਅਨ ਡਾਲਰ ਜੰਗ 'ਤੇ ਖਰਚ ਰਿਹਾ ਹੈ। ਸਾਬਕਾ ਅਮਰੀਕੀ ਰਾਸ਼ਟਰਪਤੀ ਐਸਨਹਾਵਰ (Eisenhower) ਨੇ 1953 ਵਿੱਚ ਕਿਹਾ ਸੀ, 'ਹਰ ਬਣਾਈ ਜਾਣ ਵਾਲੀ ਬੰਦੂਕ, ਸਮੁੰਦਰ ਵਿੱਚ ਠੱਲ੍ਹਿਆ ਜਾਣ ਵਾਲਾ ਯੁੱਧਪੋਤ, ਹਰ ਦਾਗਿਆ ਜਾਣ ਵਾਲਾ ਰਾਕਟ ਦਰਅਸਲ ਕਿਸੇ ਭੁੱਖੇ ਤੋਂ ਰੋਟੀ ਖੋਹਣ ਤੋਂ ਬਾਅਦ ਹੀ ਹੋਂਦ ਵਿੱਚ ਆਉਂਦਾ ਹੈ।' ਵੈਸੇ ਵੀ ਫ਼ੌਜੀ ਕੰਮਾਂ 'ਤੇ ਖਰਚੇ ਇੱਕ ਡਾਲਰ ਦੇ ਮੁਕਾਬਲੇ ਸਿਹਤ, ਸਿੱਖਿਆ, ਇਨਫਰਾਸਟਰੱਕਚਰ ਆਦਿ 'ਤੇ ਖਰਚੇ ਇੱਕ ਡਾਲਰ ਨਾਲ ਜ਼ਿਆਦਾ ਰੁਜ਼ਗਾਰ ਪੈਦਾ ਹੁੰਦਾ ਹੈ। ਵੀਅਤਨਾਮ ਜੰਗ ਨਾਲ ਅਮਰੀਕਾ ਦੀਆਂ ਹਥਿਆਰ ਕੰਪਨੀਆਂ ਨੇ ਬੇਸ਼ੱਕ ਭਾਰੀ ਮੁਨਾਫ਼ੇ ਕਮਾ ਲਏ ਹੋਣ, ਪਰ ਵਧੀ ਮਹਿੰਗਾਈ ਦਾ ਅਸਰ ਆਮ ਅਮਰੀਕੀਆਂ ਤੇ ਅੱਸੀਵੀਆਂ ਦੇ ਅਖ਼ੀਰ ਤੱਕ ਪੈਂਦਾ ਰਿਹਾ ਹੈ। ਇਸੇ ਤਰ੍ਹਾਂ 9/11 ਤੋਂ ਬਾਅਦ ਲੜੀ ਅਫ਼ਗਾਨ ਜੰਗ ਅਮਰੀਕਾ ਨੂੰ ਅੱਠ ਟ੍ਰਿਲੀਅਨ ਵਿੱਚ ਪਈ ਸੀ। ਹੁਣ ਵੀ ਟਰੰਪ-ਨੇਤਨਾਹੂ ਜੁੰਡਲੀ ਵੱਲੋਂ ਫਰਵਰੀ ਤੋਂ ਇਰਾਨ ਖਿਲਾਫ਼ ਸ਼ੁਰੂ ਕੀਤੀ ਜੰਗ ਤੇ ਅਮਰੀਕੀ ਕਾਂਗਰੈਸਨਲ ਬਜਟ ਦਫ਼ਤਰ ਨੂੰ ਦਿੱਤੀ ਜਾਣਕਾਰੀ ਅਨੁਸਾਰ ਤਿੰਨ ਸਤੰਬਰ ਤੱਕ ਕੁੱਲ 43.6 ਅਰਬ ਡਾਲਰ ਫੂਕੇ ਜਾ ਚੁੱਕੇ ਹਨ।

ਪਰ ਜੀ-7 ਦੇਸ਼ਾਂ ਦੇ 1872 1962 ਤੱਕ ਕੀਲ ਇੰਸਟੀਚਿਊਟ ਦੁਆਰਾ ਕੀਤੇ ਅਧਿਐਨ ਨੇ ਦਰਸਾਇਆ ਸੀ ਕਿ ਇਹਨਾਂ ਨੱਬੇ ਸਾਲਾਂ ਵਿੱਚ ਇਹਨਾਂ ਮੁਲਕਾਂ ਦਾ ਫੌਜੀ ਬਜਟ ਹਮੇਸ਼ਾ ਹੀ ਸਮਾਜਿਕ ਭਲਾਈ ਸਕੀਮਾਂ ਦੇ ਬਜਟ ਤੋਂ ਜ਼ਿਆਦਾ ਰਿਹਾ ਸੀ, ਪਰ ਹੁਣ ਦੁਨੀਆ ਨੂੰ ਜੰਗ ਵਿੱਚ ਝੋਕਣ ਵਾਲੇ ਇਹਨਾਂ ਸਾਮਰਾਜੀ ਮੁਲਕਾਂ ਦਾ ਫ਼ੌਜੀ ਬਜਟ ਦਸ ਪ੍ਰਤੀਸ਼ਤ ਤੋਂ ਵੀ ਘੱਟ ਹੁੰਦਾ ਹੈ, ਭਾਵੇਂ ਕਿ ਡੋਨਾਲਡ ਟਰੰਪ ਇਹਨਾਂ ਮੁਲਕਾਂ ਨੂੰ 2035 ਤੱਕ ਆਪਣੇ ਫ਼ੌਜੀ ਬਜਟ ਵਿੱਚ ਪੰਜ ਫੀਸਦੀ ਇਜ਼ਾਫਾ ਕਰਨ ਲਈ ਮਜਬੂਰ ਕਰ ਰਿਹਾ ਹੈ।

ਚਾਲਵਿਆਂ ਦੌਰਾਨ ਬੰਗਾਲ ਵਿੱਚ ਪਏ ਕਾਲ ਅਤੇ ਇਸ ਨਾਲ ਹੋਈਆਂ ਲੱਖਾਂ ਮੌਤਾਂ ਦਰਅਸਲ ਬਸਤੀਵਾਦੀ ਬਰਤਾਨਵੀ ਚਰਚਿਲ ਹਕੂਮਤ ਦੀ ਆਮ ਲੋਕਾਈ ਨਾਲੋਂ ਜੰਗੀ ਮੁਹਾਜ਼ ਦੇ ਜ਼ਿਆਦਾ ਫ਼ਿਕਰ ਕਰਕੇ ਹੀ ਹੋਈਆਂ ਸਨ ਜਦੋਂ ਅਨਾਜ ਨੂੰ ਬੰਗਾਲ ਵਿੱਚੋਂ ਜੰਗੀ ਮੁਹਾਜ਼ ਵੱਲ ਧੱਕ ਦਿੱਤਾ ਗਿਆ ਸੀ, ਜਿਸ ਨਾਲ ਅਨਾਜ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਸਨ ਅਤੇ ਉਹ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਸੀ। ਖ਼ਲਕਤ ਦੀ ਬਜਾਏ ਬਰਤਾਨਵੀ ਤਖ਼ਤ ਨੂੰ ਬਚਾਉਣਾ ਜ਼ਿਆਦਾ ਜ਼ਰੂਰੀ ਹੋ ਗਿਆ ਸੀ।

ਜੰਗ ਦੇ ਝੰਬੇ ਅਫ਼ਗਾਨਿਸਤਾਨ 2019 ਤੱਕ ਦਾ ਫ਼ੌਜੀ ਬਜਟ 37 ਫੀਸਦੀ ਸੀ, ਜਦਕਿ ਸਿਹਤ ਦਾ ਬਜਟ 6 ਫੀਸਦੀ! ਇਸੇ ਤਰ੍ਹਾਂ ਖਾਨਾਜੰਗੀ ਦਾ ਸ਼ਿਕਾਰ ਅਫਰੀਕੀ ਮੁਲਕ ਵੀ ਸਮਾਜਿਕ ਭਲਾਈ ਦੇ ਬੱਜਟ ਨਾਲੋਂ ਰੱਖਿਆ ਤੇ ਪੰਜ ਗੁਣਾਂ ਜ਼ਿਆਦਾ ਖਰਚ ਕਰਦਾ ਹੈ।

**ਖਾਨਾਜੰਗੀ ਤੋਂ ਬਾਅਦ :**

ਸ੍ਰੀਲੰਕਾ ਦੀ ਸਰਕਾਰ ਵੱਲੋਂ ਫੌਜੀ ਕਾਰਵਾਈ ਰਾਹੀਂ ਲਿੱਟੇ ਦਾ ਸਫਾਇਆ ਕੀਤਿਆਂ ਸਤਾਰਾਂ ਸਾਲ ਹੋ ਚੁੱਕੇ ਹਨ। ਬਹੁਤ ਸਾਰੀਆਂ ਕੌਮਾਂਤਰੀ ਸੰਸਥਾਵਾਂ ਦੀਆਂ ਰਿਪੋਰਟਾਂ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਗੰਭੀਰ ਦੋਸ਼ਾਂ ਲਈ ਸ੍ਰੀਲੰਕਾ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਸਰਕਾਰੀ ਦਾਅਵੇ ਆਮ ਦੀ ਤਰ੍ਹਾਂ 'ਅੱਤਵਾਦ' 'ਤੇ ਜਿੱਤ ਤੋਂ ਬਾਅਦ ਸਭ ਕੁੱਝ ਆਮ ਵਰਗਾ ਹੋ ਜਾਣ ਦੇ ਹਨ, ਪਰ ਜਿਵੇਂ ਕਿਹਾ ਜਾਂਦਾ ਹੈ ਕਿ ਜੰਗ ਸਿਰਫ਼ ਜੰਗੀ ਮੈਦਾਨ ਵਿੱਚ ਤਾਂ ਖਤਮ ਹੋ ਜਾਂਦੀ ਹੈ, ਪਰ ਪਿੱਛੇ ਬਹੁਤ ਸਾਰਾ ਸੰਤਾਪ ਛੱਡ ਜਾਂਦੀ ਹੈ। ਅਕਤੂਬਰ 2015 ਵਿੱਚ ਛਪੀ ਇੱਕ ਰਿਪੋਰਟ ਨੇ ਸ੍ਰੀਲੰਕਾ ਦੇ ਤਾਮਿਲਾਂ ਦੀ ਖ਼ਾਨਾਜੰਗੀ ਤੋਂ ਬਾਅਦ ਦੀ ਹਾਲਤ ਨੂੰ ਬਿਆਨ ਕੀਤਾ ਸੀ। ਉਸ ਰਿਪੋਰਟ ਅਨੁਸਾਰ ਸ੍ਰੀਲੰਕਾ ਦੇ ਸੈਂਟਰ ਫਾਰ ਪਾਲਿਸੀ ਅਲਟਰਨੇਵਿਜ ਦੇ ਕਾਰਜਕਾਰੀ ਡਾਇਰੈਕਟਰ ਡਾ. ਪਾਇਕੀਸੋਥੀ ਸਾਰਾਵਾਨਾਮੱਟੂ ਨੇ ਵਿਸ਼ਵਾਸ ਦਿਵਾਇਆ ਸੀ ਕਿ ਸਭ ਕੁਝ ਜਲਦੀ ਆਮ ਵਰਗਾ ਹੋ ਜਾਵੇਗਾ, ਪਰ ਮਈ 2026 ਨੂੰ 'ਦ ਹਿੰਦੂ' ਵਿੱਚ ਛਪੀ ਰਿਪੋਰਟ ਦੱਸਦੀ ਹੈ ਕਿ ਖਾਨਾਜੰਗੀ ਦੇ ਖਤਮ ਹੋਣ ਤੋਂ ਸਤਾਰਾਂ ਸਾਲ ਬਾਅਦ ਵੀ ਸ੍ਰੀਲੰਕਾ ਦੀ ਘੱਟ ਗਿਣਤੀ ਤਾਮਿਲ ਵਸੋਂ ਸਦਮੇ ਵਿੱਚੋਂ ਲਗਾਤਾਰ ਗੁਜ਼ਰ ਰਹੀ ਹੈ। ਉੱਤਰੀ ਸ੍ਰੀਲੰਕਾ ਦੇ ਬਸ਼ਿੰਦਿਆਂ ਦੀਆਂ ਜ਼ਮੀਨਾਂ 'ਤੇ 'ਸੁਰੱਖਿਆ ਕਾਰਨਾਂ' ਕਰਕੇ ਹਾਲੇ ਤੱਕ ਜਾਂ ਤਾਂ ਸ੍ਰੀਲੰਕਾ ਦੀ ਫ਼ੌਜ ਕਾਬਜ਼ ਹੈ ਜਾਂ ਆਰਕੀਓਲੀਜੀਕਲ ਸਰਵੇ ਆਫ਼ ਸ੍ਰੀਲੰਕਾ 'ਰਾਸ਼ਟਰੀ ਧਰੋਹਰ' ਦੇ ਲਬਾਦੇ ਹੇਠ ਵਿੱਚ ਲੈ ਚੁੱਕਿਆ ਹੈ। ਇੱਥੋਂ ਤੱਕ ਕਿ ਇਜ਼ਰਾਈਲ ਦੀ ਤਰਜ਼ 'ਤੇ ਉੱਤਰੀ ਸ੍ਰੀਲੰਕਾ ਦੇ ਤਾਮਿਲ ਬਹੁਗਿਣਤੀ ਹਲਕਿਆਂ ਵਿੱਚ ਸਿਨਹਾਲੀ ਵਸੋਂ ਦੀਆਂ ਬਸਤੀਆਂ ਵੀ ਉਸਾਰਨ ਦੀ ਤਜਵੀਜ਼ ਹੈ, ਇੱਥੋਂ ਤੱਕ ਕਿ 'ਸੁਰੱਖਿਆ ਕਾਰਨਾਂ' ਕਰਕੇ ਅਨੇਕਾਂ ਸੜਕਾਂ ਅੱਜ ਵੀ ਬੰਦ ਹਨ, ਅਪ੍ਰੈਲ 2025 ਜਦੋਂ ਜਾਫ਼ਨਾ ਖੇਤਰ ਦੇ ਉੱਤਰ ਵਿੱਚ ਵਾਸਾਵਿਲਨ ਤੋਂ ਪਾਲਾਇ ਤੱਕ ਚੌਤੀ ਸਾਲ ਤੋਂ ਬੰਦ ਪਈ ਸੜਕ ਖੋਲ੍ਹੀ ਗਈ ਤਾਂ ਇਹ ਇੱਕ 'ਖ਼ਬਰ' ਸੀ। ਅਕਤੂਬਰ 2025 ਵਿੱਚ ਸ੍ਰੀਲੰਕਾ ਦੇ ਰੱਖਿਆ ਵਿਭਾਗ ਨੇ ਤਾਮਿਲਾਂ ਦੀ ਕਬਜ਼ੇ ਵਿੱਚ ਲਈ ਜ਼ਮੀਨ ਇੱਕ 'ਉੱਚ ਪੱਧਰੀ' ਮੀਟਿੰਗ ਵੀ ਕੀਤੀ ਸੀ, ਪਰ ਪਰਨਾਲਾ ਉਥੇ ਦਾ ਉੱਥੇ ਹੀ ਰਿਹਾ। ਮੂਲੈਟਿਵੂ ਹਲਕੇ ਤੋਂ ਸ੍ਰੀਲੰਕਾ ਦੀ ਪਾਰਲੀਮੈਂਟ ਦੇ ਮੈਂਬਰ ਥਿਰੁਸਾਰਾ ਰਵੀਕਰਨਾ ਨੇ ਜਦੋਂ ਇਹ ਮਸਲਾ ਉਠਾਇਆ ਤਾਂ ਮੌਜੂਦਾ ਸ੍ਰੀਲੰਕਾ ਸਰਕਾਰ ਉੱਥੋਂ ਦੇ 'ਵਿਕਾਸ' ਲਈ ਤਾਂ ਹਾਮੀ ਭਰ ਰਹੀ ਹੈ, ਪਰ ਕਬਜ਼ੇ ਵਿੱਚ ਲਈਆਂ ਜ਼ਮੀਨਾਂ ਬਾਰੇ ਖਾਮੋਸ਼ ਹੈ। ਜ਼ਮੀਨਾਂ 'ਤੇ ਸਰਕਾਰੀ ਕਬਜ਼ੇ ਨੇ ਤਾਮਿਲ ਘੱਟ ਗਿਣਤੀ ਦੀ ਆਮਦਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸੇ ਜ਼ਿਲ੍ਹੇ ਵਿੱਚ ਘੱਟ ਗਿਣਤੀ ਹਿੰਦੂ ਤਾਮਿਲਾਂ ਦੇ ਪੁਰਖੇ ਸਦੀਆਂ ਤੋਂ ਪਹਾੜੀ 'ਤੇ ਸਥਿਤ ਇੱਕ ਮੰਦਰ ਵਿੱਚ ਸ਼ਿਵ ਦੀ ਪੂਜਾ ਕਰਦੇ ਰਹੇ ਹਨ, ਪਰ ਹੁਣ ਉਹਨਾਂ ਨੂੰ ਲੰਕਾਈ ਫੌਜਾਂ ਵੱਲੋਂ 'ਸਮਝਾ' ਦਿੱਤਾ ਗਿਆ ਹੈ ਕਿ ਇਸ ਪੁਰਾਤਨ ਧਰੋਹਰ 'ਤੇ ਉਹਨਾਂ ਦਾ ਜਾਣਾ ਵਰਜਿਤ ਹੈ, ਕਿਉਂਕਿ ਉੱਥੇ ਬੋਧੀ ਸਟੂਪਾ ਮੌਜੂਦ ਹਨ। ਖਾਨਾਜੰਗੀ ਦੌਰਾਨ ਲਾਪਤਾ ਕੀਤੇ ਤਾਮਿਲਾਂ ਦੀ ਹਾਲੇ ਤੱਕ ਕੋਈ ਉੱਘ-ਸੁੱਘ ਨਹੀਂ ਅਤੇ ਉਹਨਾਂ ਦੀ ਯਾਦ ਦਾ ਸੰਤਾਪ ਹੰਢਾਉਣ ਲਈ ਮਾਵਾਂ ਹਾਲੇ ਤੱਕ ਮਜਬੂਰ ਹਨ। 'ਅੱਤਵਾਦ ਵਿਰੋਧੀ ਕਾਨੂੰਨ' ਹਾਲੇ ਤੱਕ ਵੀ ਜਾਫ਼ਨਾ ਖੇਤਰ ਦੀ ਹੋਣੀ ਬਣਿਆ ਹੋਇਆ ਹੈ।

ਸੀਰੀਆ ਵੀ ਲੰਮੇ ਸਮੇਂ ਤੱਕ ਘਰੇਲੂ ਖਾਨਾਜੰਗੀ ਦਾ ਸ਼ਿਕਾਰ ਰਿਹਾ ਹੈ, ਜਿੱਥੇ ਰੂਸ ਪੱਖੀ ਅਸਦ ਸਰਕਾਰ ਦਾ ਤਖ਼ਤਾ ਉਲਟਾਉਣ ਲਈ ਇਸਲਾਮਿਕ ਮੂਲਵਾਦੀਆਂ ਨੇ ਮੁਲਕ ਨੂੰ ਘਰੇਲੂ ਯੁੱਧ ਵਿੱਚ ਝੋਕ ਦਿੱਤਾ ਸੀ। 'ਇੰਟਰਨੈਸ਼ਨਲ ਹੈਲਥ ਪਾਲਿਸੀ' ਵਿੱਚ 28 ਮਾਰਚ 2024 ਨੂੰ ਨਿਤਿਸ਼ ਲੋਹਾਨ ਦਾ ਸੀਰੀਆਈ ਖਾਨਾਜੰਗੀ ਦਾ ਉੱਥੋਂ ਦੇ ਬੱਚਿਆਂ 'ਤੇ ਪਏ ਅਸਰ ਬਾਰੇ ਇੱਕ ਅਧਿਐਨ ਛਪਿਆ ਸੀ। ਉਸ ਮੁਤਾਬਿਕ ਆਲਮੀ ਪੱਧਰ 'ਤੇ ਹਰ ਛੇ ਬੱਚਿਆਂ ਪਿੱਛੇ ਇੱਕ ਬੱਚਾ ਅੱਜ ਜੰਗੀ ਖੇਤਰਾਂ ਵਿੱਚ ਰਹਿ ਰਿਹਾ ਹੈ, ਜਿਵੇਂ ਸੀਰੀਆ, ਫਲਸਤੀਨ, ਲੀਬੀਆ, ਇਰਾਕ, ਦੱਖਣੀ ਸੂਡਾਨ, ਕਾਂਗੋ ਵਗੈਰਾ। ਸੀਰੀਆ ਦੇ 5.5 ਮਿਲੀਅਨ ਰਫ਼ਿਊਜੀ ਤੁਰਕੀ, ਲੈਬਨਾਨ, ਜਾਰਡਨ, ਇਰਾਕ ਅਤੇ ਮਿਸਰ ਆਦਿ ਦੇਸ਼ਾਂ ਵਿੱਚ ਰਹਿਣ ਲਈ ਮਜਬੂਰ ਹਨ ਅਤੇ ਇਹਨਾਂ ਸ਼ਰਨਾਰਥੀਆਂ ਵਿੱਚੋਂ ਤਕਰੀਬਨ ਅਠਾਰਾਂ ਸਾਲ ਤੋਂ ਘੱਟ ਉਮਰ ਦੇ 47 ਫੀਸਦੀ ਬੱਚੇ ਹਨ। ਤਕਰੀਬਨ 60.5 ਫੀਸਦੀ ਬੱਚੇ ਘੱਟੋ-ਘੱਟ ਇੱਕ ਮਾਨਸਿਕ ਰੋਗ ਦਾ ਸ਼ਿਕਾਰ ਹਨ। ਤੁਰਕੀ ਵਿਚਲੇ ਸੀਰੀਆਈ ਸ਼ਰਨਾਰਥੀਆਂ 'ਤੇ ਕੀਤੇ ਅਧਿਐਨ ਮੁਤਾਬਕ ਅੱਠ ਤੋਂ ਸਤਾਰਾਂ ਸਾਲ ਤੱਕ ਦੇ 12.5 ਫੀਸਦੀ ਬੱਚੇ ਉਦਾਸੀ ਰੋਗ, 11.5 ਫੀਸਦੀ ਬੱਚੇ ਪੋਸਟ-ਟਰਾਮੈਟਿਕ ਸਟਰੈੱਸ ਸਿੰਡਰੋਮ ਅਤੇ 9.2 ਫੀਸਦੀ ਘਬਰਾਹਟ ਦਾ ਸ਼ਿਕਾਰ ਸਨ। ਇਸੇ ਤਰ੍ਹਾਂ ਜਾਰਡਨ ਵਿੱਚ ਰਹਿ ਰਹੇ ਗਿਆਰਾਂ ਤੋਂ ਸਤਾਰਾਂ ਸਾਲ ਦੇ 339 ਸ਼ਰਨਾਰਥੀ ਬੱਚੇ ਕਿਸੇ ਨਾ ਕਿਸੇ ਮਾਨਸਿਕ ਬਿਮਾਰੀ ਤੋਂ ਪੀੜਤ ਸਨ। ਇਹਨਾਂ ਵਿੱਚੋਂ 48.6 ਫੀਸਦੀ ਨੂੰ ਅਗਵਾ, ਬੰਦੀ ਅਤੇ ਕੈਦ ਵਰਗੇ ਵਰਤਾਰਿਆਂ ਦਾ ਵੀ ਸਾਹਮਣਾ ਕਰਨਾ ਪਿਆ। ਇਸ ਖੋਜ ਪੱਤਰ ਅਨੁਸਾਰ ਜੰਗੀ ਹਾਲਤਾਂ ਵਿੱਚ ਰਹਿ ਰਹੇ ਪਚੱਤਰ ਮਿਲੀਅਨ ਬੱਚੇ ਸਿੱਖਣ ਅਤੇ ਵਿਦਿਅਕ ਲੋੜਾਂ ਤੋਂ ਵਾਂਝੇ ਹਨ। ਫਲਸਤੀਨ ਦੀ ਤਰ੍ਹਾਂ ਸੀਰੀਆ ਵਿੱਚ ਵੀ ਹਰ ਤੀਜਾ ਸਕੂਲ ਤਬਾਹ ਹੋ ਚੁੱਕਾ ਹੈ। ਬਾਕੀ ਬਚੇ ਅਤੇ ਨੁਕਸਾਨੇ ਸਕੂਲਾਂ ਵਿੱਚ ਬੱਚਿਆਂ ਦੀ ਜ਼ਿਆਦਾ ਭੀੜ ਹੋ ਜਾਂਦੀ ਹੈ। 2.4 ਮਿਲੀਅਨ ਬੱਚੇ ਸਕੂਲਾਂ ਤੋਂ ਬਾਹਰ ਹਨ।

**ਜੰਗਾਂ ਵਿੱਚ ਪੰਛੀਆਂ ਦੀ ਸ਼ਾਮਤ;**

ਜੰਗ ਵਿੱਚ ਜਦੋਂ ਕੋਈ ਮਿਜ਼ਾਇਲ ਜਾਂ ਡਰੋਨ ਦਹਿਲਦੀ ਹੈ ਤਾਂ ਉਹ ਸਿਰਫ਼ ਜਹਾਜ਼ਾਂ ਨੂੰ ਰਾਹ ਬਦਲਣ ਲਈ ਮਜਬੂਰ ਨਹੀਂ ਕਰਦੀ, ਬਲਕਿ ਸਦੀਆਂ ਤੋਂ ਚੱਲ ਰਹੇ ਪੰਛੀਆਂ ਦੀਆਂ ਉਡਾਣਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਸਾਲਾਂ ਤੋਂ ਬਸੰਤ ਰੁੱਤੇ ਪੰਛੀ ਉੱਤਰ ਵੱਲ ਪ੍ਰਵਾਸ ਕਰਦੇ ਹਨ, ਜਿੱਥੇ ਉਹਨਾਂ ਦਿਨਾਂ ਵਿੱਚ ਦਿਨ ਦੀ ਰੋਸ਼ਨੀ ਅਤੇ ਲੋੜ ਜੋਗਾ ਭੋਜਨ ਵੀ ਉਹਨਾਂ ਨੂੰ ਹਾਸਲ ਹੋ ਜਾਂਦਾ ਹੈ। ਸ਼ਿਕਾਰ ਹੋਣ ਦਾ ਡਰ ਵੀ ਘੱਟ ਹੁੰਦਾ ਹੈ। ਇਸ ਤਰ੍ਹਾਂ ਦਾ ਮਾਹੌਲ ਪੰਛੀਆਂ ਨੂੰ ਬੱਚੇ ਪੈਦਾ ਕਰਨ ਲਈ ਸਾਜ਼ਗਾਰ ਹੁੰਦਾ ਹੈ। ਸਰਦੀਆਂ ਵਿੱਚ ਉੱਤਰ ਦਾ ਜਲਵਾਯੂ ਬਹੁਤ ਠੰਢਾ ਹੋਣ ਕਰਕੇ ਉਹ ਵਾਪਸ ਦੱਖਣ ਵੱਲ ਚਾਲੇ ਪਾ ਦਿੰਦੇ ਹਨ। ਇਹ ਵਰਤਾਰਾ ਸਦੀਆਂ ਤੋਂ ਸੁਭਾਵਿਕ ਰੂਪ ਵਿੱਚ ਚੱਲ ਰਿਹਾ ਹੈ। ਪੰਛੀਆਂ ਦਾ ਇਹ ਸਫਰ ਉਹਨਾਂ ਨੂੰ ਜਮਾਂਦਰੂ ਮਿਲਿਆ ਗੁਣ ਹੈ, ਜਿਹੜਾ ਹਰ ਸਾਲ ਦਿਨ ਦੀ ਰੋਸ਼ਨੀ, ਹਵਾਵਾਂ ਦੇ ਰੁਖ ਅਤੇ ਧਰਤੀ ਦੀ ਚੁੰਬਕੀ ਖਿੱਚ ਕਾਰਨ ਸੰਭਵ ਹੈ। ਇੱਥੋਂ ਤੱਕ ਕਿ ਪੰਛੀ ਹਰ ਸਾਲ ਇੱਕ ਹੀ ਇਲਾਕੇ ਵਿੱਚ ਆਉਂਦੇ ਹਨ। ਇੱਕ ਤਰ੍ਹਾਂ ਨਾਲ ਪੰਛੀਆਂ ਦੇ ਇਹ ਰਾਹ ਉਹਨਾਂ ਦੀਆਂ ਹਵਾਈ ਪੱਟੀਆਂ ਹੁੰਦੀਆਂ ਹਨ। ਰਸਤੇ ਵਿੱਚ ਰੁਕ ਕੇ ਉਹ ਆਰਾਮ ਵੀ ਕਰਦੇ ਹਨ, ਭੋਜਨ ਵੀ ਹਾਸਲ ਕਰਦੇ ਹਨ ਅਤੇ ਅਗਲੇ ਪੜਾਅ ਲਈ ਊਰਜਾ ਵੀ। ਜੰਗੀ ਟਕਰਾਅ ਦੇ ਦੌਰ ਵਿੱਚ ਪੰਛੀਆਂ ਦੇ ਇਸ ਕੁਦਰਤੀ ਵਰਤਾਰੇ ਵਿੱਚ ਬੰਬ ਧਮਾਕਿਆਂ, ਡਰੋਨਾਂ/ਮਿਜ਼ਾਈਲਾਂ ਦੇ ਸ਼ੋਰ, ਅੱਗ ਦੀਆਂ ਲਾਟਾਂ ਆਦਿ ਨਾਲ ਇਸ ਵਿੱਚ ਵਿਘਨ ਪੈਂਦਾ ਹੈ। ਡੌਰ-ਭੌਰ ਹੋਏ ਪੰਛੀ ਆਪਣਾ ਰਾਹ ਭੁੱਲ ਜਾਂਦੇ ਹਨ। ਮਿਸਾਲ ਦੇ ਤੌਰ 'ਤੇ ਹਜ਼ਾਰਾਂ ਪੰਛੀ ਅਫ਼ਰੀਕਾ ਅਤੇ ਏਸ਼ੀਆ ਦੇ ਗਰਮ ਮੁਲਕਾਂ ਵਿੱਚੋਂ ਯੂਰਪ ਦੇ ਸੁਹਾਵਣੇ ਮੌਸਮ ਵਿੱਚ ਜਾਣ ਲਈ ਮੱਧ ਸਾਗਰ (Mediterian Sea) ਦੇ ਲਵਾਂਟ (Levant ) ਖਿੱਤੇ ਦੇ ਉੱਪਰ ਦੀ ਉਡਾਣ ਭਰਦੇ ਹਨ, ਪਰ ਹੁਣ ਲੈਬਨਾਨ ਦੇ ਆਕਾਸ਼ ਵਿੱਚੋਂ ਦੀ ਗੁਜ਼ਰਨਾ ਇਹਨਾਂ ਪੰਛੀਆਂ ਨੂੰ ਗਵਾਰਾ ਨਹੀਂ ਹੈ।

ਮਿਸਰੀ ਗਿਰਝਾਂ ਦੀ ਸੰਕਟਗ੍ਰਸਤ ਕਿਸਮ (Endangered Species of Egyptian Vulture) ਦੇ ਕੀਤੇ ਸੈਟੇਲਾਇਟ ਅਧਿਐਨ ਮੁਤਾਬਕ ਇਹ ਪੰਛੀ ਅੱਜ ਰੂਸ-ਯੂਕਰੇਨ ਯੁੱਧ ਸ਼ੁਰੂ ਹੋਣ ਤੋਂ ਬਾਅਦ ਪੂਰਬੀ ਯੂਰਪ ਅਤੇ ਕਾਲੇ ਸਾਗਰ ਖਿੱਤੇ ਵਿੱਚ ਘੱਟ ਵੇਖਿਆ ਗਿਆ ਹੈ। ਵੈਸੇ ਵੀ ਸਾਰਸ, ਗਿਰਝ, ਲਮਢੀਂਗੇ, ਪੈਲੀਕਾਨ ਵਰਗੇ ਵੱਡੇ ਪੰਛੀਆਂ ਦਾ ਡਰੋਨਾਂ ਦੀ ਮਾਰ ਵਿੱਚ ਆ ਜਾਣ ਦਾ ਖਤਰਾ ਰਹਿੰਦਾ ਹੈ ਅਤੇ ਪੰਛੀ ਵੀ ਅਕਸਰ ਡਰੋਨਾਂ ਨੂੰ ਸ਼ਿਕਾਰੀ ਸਮਝ ਲੈਂਦੇ ਹਨ। ਇਸੇ ਤਰ੍ਹਾਂ ਪੱਛਮੀ ਏਸ਼ੀਆ ਦੇ ਕੁੱਝ ਹਿੱਸੇ ਵਿੱਚ ਚਰਾਂਦਾਂ ਅਤੇ ਪਾਣੀ ਦੇ ਸੋਮਿਆਂ ਉੱਤੇ ਪਏ ਜੰਗੀ ਅਸਰ ਨਾਲ ਸਾਰਸ ਅਤੇ ਕੂੰਜਾਂ ਦੇ ਲੰਮੇ ਸਫ਼ਰ 'ਤੇ ਅਸਰ ਪਿਆ ਹੈ। ਦਰਅਸਲ ਜਦੋਂ ਆਪਣੇ ਲੰਮੇ ਸਫ਼ਰ ਦੌਰਾਨ ਪੰਛੀਆਂ ਦੇ ਝੁੰਡ ਰਸਤੇ ਵਿੱਚ ਕਿਤੇ ਰੁਕਦੇ ਹਨ ਤਾਂ ਉੱਥੇ ਉਹ ਆਪਣੇ ਲਈ ਲੋੜੀਂਦੀ ਖ਼ੁਰਾਕ ਲੈਂਦੇ ਹਨ, ਜਦੋਂ ਉਹਨਾਂ ਦੇ ਇਹ ਪੜਾਅ ਜੰਗਾਂ ਕਾਰਨ ਖਤਮ ਹੋ ਜਾਂਦੇ ਹਨ ਤਾਂ ਉਹਨਾਂ ਨੂੰ ਆਰਾਮ ਕਰਨ, ਖੁਰਾਕ ਅਤੇ ਊਰਜਾ ਹਾਸਲ ਕਰਨਾ ਮੁਸ਼ਕਲ ਹੋ ਜਾਂਦਾ ਹੈ, ਜਿਸ ਨਾਲ ਆਪਣੇ ਅੰਤਿਮ ਪੜਾਅ ਲਈ ਉਹਨਾਂ ਨੂੰ ਨਵੇਂ ਅਣਜਾਣ ਅਤੇ ਖਤਰਨਾਕ ਰਾਹਾਂ ਦੀ ਚੋਣ ਕਰਨੀ ਪੈਂਦੀ ਹੈ। ਆਸ ਨਾਲ ਉਹਨਾਂ ਦੀ ਜਣਨ ਪ੍ਰਕ੍ਰਿਆ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਪੰਛੀਆਂ ਦੀਆਂ ਇਹ ਪ੍ਰਜਾਤੀਆਂ ਵੀ ਅਲੋਪ ਹੋਣ ਦੇ ਰਾਹ ਪੈ ਜਾਂਦੀਆਂ ਹਨ। ਪ੍ਰਵਾਸੀ ਪੰਛੀ ਆਪਣੇ ਮੇਜ਼ਬਾਨ ਖਿੱਤੇ ਲਈ ਵੀ ਸਹਾਈ ਹੁੰਦੇ ਹਨ, ਜਿਵੇਂ ਕੀੜਿਆਂ ਦਾ ਖਾਤਮਾ, ਬੀਜਾਂ ਦਾ ਫੈਲਾਉਣਾ ਆਦਿ। ਜੰਗਲੀ ਉੱਲੂ ਖੇਤੀ ਲਈ ਨੁਕਸਾਨਦੇਹ ਚੂਹਿਆਂ ਦਾ ਖਾਤਮਾ ਕਰਦੇ ਹਨ ਅਤੇ ਗਿਰਝਾਂ ਦੀਆਂ ਪ੍ਰਜਾਤੀਆਂ ਮੁਰਦਾ ਜਾਨਵਰਾਂ ਨੂੰ ਵੀ ਖ਼ਤਮ ਕਰਦੀਆਂ ਹਨ। ਭਾਰਤ ਵਿੱਚ ਪ੍ਰਵਾਸੀ ਪੰਛੀਆਂ ਦੇ ਨੌਂ ਆਲਮ ਰਾਹਾਂ (Flyways) ਵਿੱਚੋਂ ਤਿੰਨ ਪੈਂਦੇ ਹਨ, ਜਿਹਨਾਂ ਵਿੱਚੋਂ ਕੇਂਦਰੀ ਏਸ਼ੀਆ ਦਾ ਪ੍ਰਵਾਸੀ ਪੰਛੀ ਰਾਹ ਸਭ ਤੋਂ ਮਹੱਤਵਪੂਰਨ ਹੈ।

ਯੂਕਰੇਨ ਪੰਛੀਆਂ ਲਈ ਕੌਮਾਂਤਰੀ ਪੱਧਰ 'ਤੇ ਮਹੱਤਵਪੂਰਨ ਸਥਾਨ ਹੈ, ਜਿੱਥੇ 434 ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ। ਇਹਨਾਂ ਵਿੱਚੋਂ ਅਠਾਰਾਂ ਸੰਕਟਗ੍ਰਸਤ ਪ੍ਰਜਾਤੀਆਂ (Endangered Species) ਹਨ। ਉੱਨੀ ਅਜਿਹੀਆਂ ਪ੍ਰਜਾਤੀਆਂ ਹਨ, ਜਿਹਨਾਂ ਦੀ ਕੁੱਲ ਯੂਰਪੀਅਨ ਗਿਣਤੀ ਦਾ ਇਕੱਲੇ ਯੂਕਰੇਨ ਵਿੱਚ ਹੀ ਪਾਈਆਂ ਜਾਂਦੀਆਂ ਹਨ। ਯੂਕਰੇਨ ਵਿੱਚ 2.5 ਮਿਲੀਅਨ ਹੈਕਟੇਅਰ ਵਿੱਚ ਫੈਲੇ 141 ਪੰਛੀ ਖਿੱਤੇ ਹਨ, ਜਿਹਨਾਂ ਵਿੱਚੋਂ ਬਹੁਤਿਆਂ ਨੂੰ ਜੰਗ ਨੇ ਨੁਕਸਾਨ ਪਹੁੰਚਾਇਆ ਹੈ। ਇਸ ਨਾਲ ਕਾਲੇ ਸਾਗਰ ਅਤੇ ਆਜੋਵ ਸਾਗਰਾਂ ਦੁਆਲੇ ਵਾਹਾਈਟ ਪੈਲੀਕਾਨ, ਮੈਡੀਟੇਰੀਅਨ ਗੁਲ, ਗ੍ਰੇਟ ਬਲੈਕ-ਹੈੱਡਡ ਗੁਲ, ਸਲੈਂਡਰ ਬਿਲਡ ਗੁਲ, ਕੈਪਸੀਅਨ ਟਰਨ, ਲਿਟਲ ਟਰਨ, ਸੈਂਡਵਿਚ ਟਰਨ ਆਦਿ ਪ੍ਰਜਾਤੀਆਂ ਖਾਤਮੇ ਦੇ ਕੰਢੇ 'ਤੇ ਪਹੁੰਚ ਗਈਆਂ ਹਨ। 'ਦ ਰਿਵਿਊ' ਵਿੱਚ 146 ਖੋਜ ਪੱਤਰਾਂ ਦੇ ਕੀਤੇ ਅਧਿਐਨ ਮੁਤਾਬਕ ਅਮਨ ਦੀਆਂ ਹਾਲਤਾਂ ਵਿੱਚ ਵੀ ਪੰਛੀਆਂ ਦੀ ਆਵਾਜਾਈ ਨੂੰ ਜਦੋਂ ਡਰੋਨਾਂ ਰਾਹੀਂ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਪਾਇਆ ਗਿਆ ਕਿ ਇਸ ਤਰ੍ਹਾਂ ਕਰਨ ਨਾਲ ਪੰਛੀਆਂ 'ਤੇ ਨਾਕਾਰਾਤਮਕ ਪ੍ਰਭਾਵ ਪੈਂਦਾ ਹੈ।

**ਪ੍ਰਮਾਣੂ ਧਮਾਕੇ;**

ਜੰਗ ਦੇ ਸਮੇਂ ਵਿੱਚ ਹੀ ਨਹੀਂ, ਹੁਣ ਤੱਕ ਕੀਤੇ ਪ੍ਰਮਾਣੂ ਧਮਾਕਿਆਂ ਨੇ ਵੀ ਮਨੁੱਖੀ ਸਿਹਤ ਅਤੇ ਵਾਤਾਵਰਨ 'ਤੇ ਬਹੁਤ ਹੀ ਮਾੜਾ ਪ੍ਰਭਾਵ ਪਾਇਆ ਹੈ। ਪ੍ਰਮਾਣੂ ਪ੍ਰੋਗਰਾਮ 'ਤੇ ਕੀਤੇ ਜਾਂਦੇ ਖਰਚ ਨਾਲ ਸਿਹਤ ਸੇਵਾਵਾਂ ਵਿੱਚ ਵੱਡੇ ਪੱਧਰ 'ਤੇ ਸੁਧਾਰ ਦੀ ਗੁੰਜਾਇਸ਼ ਹੁੰਦੀ ਹੈ। ਕੋਵਿਡ-19 ਦੌਰਾਨ ਅਮਰੀਕਾ ਦਾ ਪ੍ਰਮਾਣੂ ਹਥਿਆਰਾਂ 'ਤੇ ਬਜਟ ਖਰਚਾ 35.4 ਬਿਲੀਅਨ ਡਾਲਰ, ਫਰਾਂਸ ਦਾ 4.8, ਚੀਨ ਦਾ 10.4, ਭਾਰਤ ਦਾ 2.3, ਇਜ਼ਰਾਈਲ ਦਾ 1, ਉੱਤਰੀ ਕੋਰੀਆ ਦਾ 0.6, ਪਾਕਿਸਤਾਨ ਦਾ 1, ਰੂਸ ਦਾ 8.5 ਅਤੇ ਬਰਤਾਨੀਆ ਦਾ 8.9 ਬਿਲੀਅਨ ਡਾਲਰ ਰਿਹਾ ਸੀ। ਅਈਕੈਨ ਦੀ ਕਾਰਜਕਾਰੀ ਡਾਇਰੈਕਟਰ ਬੀਅਟਰਾਈਸ ਫਿਹਨ ਅਨੁਸਾਰ ਇਹ ਖ਼ਰਚਾ 1,38,700 ਡਾਲਰ ਪ੍ਰਤੀ ਮਿੰਟ ਬਣਦਾ ਹੈ। ਇਸ ਰਕਮ ਨਾਲ ਕੋਵਿਡ ਮਹਾਂਮਾਰੀ ਨਾਲ ਲੜਨ ਲਈ ਇੱਕ ਲੱਖ ਆਈ ਸੀ ਯੂ ਬੈਂਡ, ਹਜ਼ਾਰਾਂ ਵੈਂਟੀਲੇਟਰ ਅਤੇ ਹਜ਼ਾਰਾਂ ਹੀ ਡਾਕਟਰੀ ਅਮਲੇ ਨੂੰ ਤਨਖਾਹਾਂ ਦਿੱਤੀਆਂ ਜਾ ਸਕਦੀਆਂ ਹਨ।

ਫਰਾਂਸ ਨੇ ਪ੍ਰਸ਼ਾਂਤ ਮਹਾਂਸਾਗਰ ਵਿੱਚ ਸਥਿਤ ਮੁਰੂਰੋਆ ਅਤੇ ਫਾਂਗਟੌਫਾ (Murora & Fangataufa) ਟਾਪੂਆਂ 'ਤੇ 1966 ਤੋਂ 1996 ਤੱਕ ਅਨੇਕਾਂ ਪ੍ਰਮਾਣੂ ਧਮਾਕੇ ਕੀਤੇ। ਪੰਜਾਹ ਸਾਲ ਬਾਅਦ 2016 ਵਿੱਚ ਕੀਤੇ ਇੱਕ ਅਧਿਐਨ ਮੁਤਾਬਕ ਉੱਥੋਂ ਦੀ ਮਿੱਟੀ ਅਤੇ ਲਾਗਲੇ ਸਮੁੰਦਰ ਵਿੱਚ ਰੇਡੀਓ ਐਕਟਿਵ ਤੱਤਾਂ ਦੀ ਮੌਜੂਦਗੀ ਨੋਟ ਕੀਤੀ ਗਈ। ਇਸੇ ਤਰ੍ਹਾਂ ਮਾਰਸ਼ਲ ਟਾਪੂਆਂ ਦੇ ਇੱਕ ਹਿੱਸੇ 'ਤੇ ਅਮਰੀਕਾ ਨੇ 1947 ਵਿੱਚ ਉੱਥੋਂ ਦੇ ਵਸਨੀਕਾਂ ਨੂੰ ਜਬਰੀ ਹਟਾ ਦਿੱਤਾ ਅਤੇ 1948 ਤੋਂ 1958 ਦਰਮਿਆਨ 43 ਬੰਬ ਸੁੱਟ ਕੇ ਟੈਸਟ ਕੀਤੇ ਗਏ। ਲਾਸ ਏਂਜਲਸ ਟਾਈਮਜ਼ ਮੁਤਾਬਿਕ 1970 ਵਿੱਚ ਅਮਰੀਕਾ ਨੇ ਤਿੰਨ ਸਾਲਾਂ ਵਿੱਚ ਤੇਤੀ ਉਲੰਪਿਕ ਸਟੇਡੀਅਮਾਂ ਦੇ ਰਕਬੇ ਬਰਾਬਰ ਮਲਬੇ ਨੂੰ ਦਫ਼ਨ ਕੀਤਾ। ਸਾਲ 1980 ਵਿੱਚ ਉੱਥੋਂ ਦੇ ਵਸਨੀਕਾਂ ਨੂੰ ਵਾਪਸ ਆਉਣ ਦਿੱਤਾ ਗਿਆ। ਨਿਊਕਲੀਅਰ ਕਲੇਮ ਟ੍ਰਿਬਿਊਨਲ ਨੇ ਮਨੁੱਖੀ ਅਤੇ ਵਾਤਾਵਰਨ ਨੁਕਸਾਨ ਲਈ 2000 ਵਿੱਚ ਅਮਰੀਕਾ ਨੂੰ 326 ਮਿਲੀਅਨ ਡਾਲਰ ਹਰਜਾਨਾ ਦੇਣ ਦਾ ਹੁਕਮ ਦਿੱਤਾ, ਪਰ ਅਮਰੀਕਾ ਇਨਕਾਰ ਕਰ ਗਿਆ। ਬਰਤਾਨੀਆ ਨੇ 1956 ਤੋਂ 1963 ਤੱਕ ਮਾਰਾਲਿੰਗਾ (Maralinga) ਟਾਪੂ 'ਤੇ ਸੱਤ ਪ੍ਰਮਾਣੂ ਧਮਾਕੇ ਕੀਤੇ। ਇਹਨਾਂ ਧਮਾਕਿਆਂ ਤੋਂ ਪਹਿਲਾਂ ਉੱਥੋਂ ਦੇ ਮੂਲਵਾਸੀਆਂ ਨੂੰ ਉਜਾੜ ਦਿੱਤਾ, ਜਿਹਨਾਂ ਨੂੰ 2009 ਵਿੱਚ ਵਾਪਸ ਆਉਣ ਦੀ ਇਜਾਜ਼ਤ ਮਿਲੀ। ਮਾਰਾਲਿੰਗਾ ਟੈਕਨੀਕਲ ਐਡਵਾਈਜ਼ਰੀ ਕਮੇਟੀ ਦੇ ਇੱਕ ਮੈਂਬਰ ਨੇ ਜਦੋਂ ਮੂਲਵਾਸੀਆਂ ਦੀ ਸਿਹਤ ਅਤੇ ਵਾਤਾਵਰਨ ਦਾ ਸਵਾਲ ਉਠਾਇਆ ਤਾਂ ਉਸ ਨੂੰ ਆਸਟ੍ਰੇਲੀਆ ਸਰਕਾਰ ਵੱਲੋਂ ਕਮੇਟੀ ਵਿੱਚੋਂ ਬਾਹਰ ਕੱਢ ਦਿੱਤਾ ਗਿਆ। ਭਾਰਤ ਵਿੱਚ ਵੀ ਪੋਖਰਾਨ ਵਿੱਚ 1974 ਅਤੇ 1998 ਵਿੱਚ ਕੀਤੇ ਪ੍ਰਮਾਣੂ ਧਮਾਕਿਆਂ ਦੇ ਅਸਰਾਂ ਬਾਰੇ ਕੋਈ ਵੀ ਵਿਗਿਆਨਕ ਅਧਿਐਨ ਨਹੀਂ ਕੀਤਾ ਗਿਆ, ਪਰ ਆਈਕੈਨ ਵਿੱਚ 09.08.2019 ਨੂੰ ਛਪੀ ਇੱਕ ਰਿਪੋਰਟ ਅਨੁਸਾਰ ਉੱਥੇ ਕੈਂਸਰ ਵਰਗੀਆਂ ਬਿਮਾਰੀਆਂ ਦੀ ਬਹੁਤਾਤ ਪਾਈ ਗਈ। ਉੱਥੋਂ ਦੇ ਵਸਨੀਕਾਂ ਅਨੁਸਾਰ ਹਰ ਸਾਲ 56 ਵਿਅਕਤੀਆਂ ਦੀ ਮੌਤ ਕੈਂਸਰ ਨਾਲ ਹੁੰਦੀ ਹੈ। ਧਰਤੀ ਦੀ ਮਿੱਟੀ ਅਤੇ ਹੇਠਲਾ ਪਾਣੀ ਵੀ ਪਲੀਤ ਹੋਇਆ ਹੈ। ਸਾਲ 1974 ਵਿੱਚ ਤਾਂ ਆਲੇ ਦੁਆਲੇ ਦੇ ਪਿੰਡਾਂ ਨੂੰ ਇਕਸਾਰ ਮੁਆਵਜ਼ਾ ਵੀ ਦਿੱਤਾ ਗਿਆ ਸੀ ਪਰ 1998 ਵਿੱਚ ਤਾਂ ਜਿਸ ਘਰ ਨੂੰ ਕੋਈ ਨੁਕਸਾਨ ਹੋਇਆ, ਸਿਰਫ਼ ਉਹ ਹੀ ਮੁਆਵਜ਼ੇ ਦੇ ਹੱਕਦਾਰ ਸਨ।

ਸੰਪਰਕ -98728-44163

## 1946 ਦੀ ਜਲ-ਸੈਨਾ ਬਗਾਵਤ

# ਜਦੋਂ ਬੰਬਈ ਦਾ ਮਜ਼ਦੂਰ ਵਰਗ ਵੀ ਸੜਕਾਂ 'ਤੇ ਉਤਰ ਆਇਆ

1946 ਦੀ 'ਰਾਇਲ ਇੰਡੀਅਨ ਨੇਵੀ' ਦੀ ਬਗਾਵਤ ਭਾਰਤ ਦੇ ਆਜ਼ਾਦੀ ਸੰਗਰਾਮ ਦੇ ਆਖਰੀ ਦੌਰ ਦੀ ਇੱਕ ਮਹੱਤਵਪੂਰਨ ਘਟਨਾ ਸੀ। ਇਹ ਬਗਾਵਤ ਸਿਰਫ਼ ਨੌ-ਸੈਨਿਕਾਂ ਦੀਆਂ ਸੇਵਾ-ਸਹੂਲਤਾਂ ਨਾਲ ਜੁੜੀ ਹੜਤਾਲ ਨਹੀਂ ਰਹੀ, ਸਗੋਂ ਕੁਝ ਹੀ ਦਿਨਾਂ ਵਿੱਚ ਬ੍ਰਿਟਿਸ਼ ਰਾਜ ਵਿਰੁੱਧ ਇੱਕ ਵਿਆਪਕ ਰਾਜਨੀਤਿਕ ਅੰਦੋਲਨ ਦਾ ਰੂਪ ਧਾਰ ਗਈ। ਇਸ ਵਿੱਚ ਲੱਗਭੱਗ 20,000 ਨੌ-ਸੈਨਿਕ, 78 ਜਹਾਜ਼ ਅਤੇ 20 ਤੋਂ ਵੱਧ ਤੱਟੀ ਕੇਂਦਰ ਸ਼ਾਮਲ ਹੋਏ। ਬੰਬਈ ਦੇ ਮਜ਼ਦੂਰਾਂ ਅਤੇ ਆਮ ਲੋਕਾਂ ਨੇ ਵੀ ਇਸ ਅੰਦੋਲਨ ਦਾ ਖੁੱਲ੍ਹਾ ਸਮਰਥਨ ਕੀਤਾ।

ਇਸ ਘਟਨਾ ਨੂੰ ਸਮਝਣ ਲਈ 1920 ਦੇ ਦਹਾਕੇ ਤੋਂ ਬੰਬਈ ਦੇ ਮਜ਼ਦੂਰ ਅੰਦੋਲਨ ਦੇ ਵਿਕਾਸ ਨੂੰ ਵੀ ਦੇਖਣਾ ਜ਼ਰੂਰੀ ਹੈ।

**ਗਿਰਨੀ ਕਾਮਗਾਰ ਯੂਨੀਅਨ ਅਤੇ ਬੰਬਈ ਦਾ ਮਜ਼ਦੂਰ ਅੰਦੋਲਨ**

20ਵੀਂ ਸਦੀ ਦੇ ਸ਼ੁਰੂ ਵਿੱਚ ਬੰਬਈ ਭਾਰਤ ਦਾ ਸਭ ਤੋਂ ਵੱਡਾ ਉਦਯੋਗਿਕ ਕੇਂਦਰ ਬਣ ਰਿਹਾ ਸੀ। ਕੱਪੜਾ ਮਿੱਲਾਂ ਵਿੱਚ ਹਜ਼ਾਰਾਂ ਮਜ਼ਦੂਰ ਕੰਮ ਕਰਦੇ ਸਨ ਅਤੇ ਉਨ੍ਹਾਂ ਦੀਆਂ ਕੰਮ ਦੀਆਂ ਹਾਲਤਾਂ ਬਹੁਤ ਮੁਸ਼ਕਲ ਸਨ। ਘੱਟ ਮਜ਼ਦੂਰੀ, ਲੰਮੇ ਕੰਮ ਦੇ ਘੰਟੇ, ਕੰਮ ਦਾ ਵਧਦਾ ਬੋਝ ਅਤੇ ਨੌਕਰੀ ਦੀ ਅਸੁਰੱਖਿਆ ਮਜ਼ਦੂਰਾਂ

**ਐੱਮ ਐੱਸ ਭਾਟੀਆ**

ਦੀਆਂ ਮੁੱਖ ਸਮੱਸਿਆਵਾਂ ਸਨ। ਇਸ ਦੌਰ ਵਿੱਚ ਮਜ਼ਦੂਰ ਜਥੇਬੰਦੀਆਂ ਦਾ ਵਿਕਾਸ ਹੋਇਆ ਅਤੇ ਕਮਿਊਨਿਸਟਾਂ ਨੇ ਵੀ ਮਜ਼ਦੂਰ ਅੰਦੋਲਨ ਵਿੱਚ ਆਪਣੀ ਸਰਗਰਮ ਭੂਮਿਕਾ ਬਣਾਈ। ਕਾਮਰੇਡ ਐੱਸ.ਏ. ਡਾਂਗੇ ਇਸ ਅੰਦੋਲਨ ਦੇ ਪ੍ਰਮੁੱਖ ਆਗੂਆਂ ਵਿੱਚੋਂ ਇੱਕ ਸਨ।

**1928 ਦੀ ਇਤਿਹਾਸਕ ਟੈਕਸਟਾਈਲ ਹੜਤਾਲ**

1928 ਵਿੱਚ ਬੰਬਈ ਦੀਆਂ ਕੱਪੜਾ ਮਿੱਲਾਂ ਵਿੱਚ ਮਾਲਕਾਂ ਵੱਲੋਂ ਮਜ਼ਦੂਰਾਂ ਦੀਆਂ ਸੇਵਾ-ਸ਼ਰਤਾਂ ਨੂੰ ਕਠੋਰ ਕਰਨ ਅਤੇ ਕੰਮ ਦਾ ਬੋਝ ਵਧਾਉਣ ਵਿਰੁੱਧ ਵੱਡਾ ਸੰਘਰਸ਼ ਸ਼ੁਰੂ ਹੋਇਆ। ਇਸ ਨੂੰ ਅਕਸਰ ਰੈਸ਼ਨਲਾਈਜ਼ੇਸ਼ਨ ਕਿਹਾ ਗਿਆ। ਇਸ ਦੇ ਨਾਲ ਮਜ਼ਦੂਰੀ ਵਿੱਚ ਕਟੌਤੀ ਦਾ ਮੁੱਦਾ ਵੀ ਸੀ।

ਅਪ੍ਰੈਲ 1928 ਦੇ ਅਖੀਰ ਤੱਕ ਬੰਬਈ ਦੀਆਂ ਲੱਗਭੱਗ ਸਾਰੀਆਂ ਕੱਪੜਾ ਮਿੱਲਾਂ ਬੰਦ ਹੋ ਗਈਆਂ ਅਤੇ 1.5 ਲੱਖ ਤੋਂ ਵੱਧ ਮਜ਼ਦੂਰ ਲੱਗਭੱਗ ਛੇ ਮਹੀਨੇ ਹੜਤਾਲ 'ਤੇ ਰਹੇ। ਇਸ ਹੜਤਾਲ ਵਿੱਚ ਨਵੀਂ ਬਣੀ ਕਮਿਊਨਿਸਟ ਅਗਵਾਈ ਵਾਲੀ 'ਗਿਰਨੀ ਕਾਮਗਾਰ ਯੂਨੀਅਨ' ਦੀ ਮਹੱਤਵਪੂਰਨ ਭੂਮਿਕਾ ਸੀ।

ਐੱਸ.ਏ. ਡਾਂਗੇ, ਬੀ. ਬ੍ਰੈਡਲੀ ਅਤੇ ਹੋਰ ਕਮਿਊਨਿਸਟ ਆਗੂਆਂ ਨੇ ਮਜ਼ਦੂਰਾਂ ਨੂੰ ਜਥੇਬੰਦ ਕਰਨ ਵਿੱਚ ਮਹੱਤਵਪੂਰਨ ਕੰਮ ਕੀਤਾ। ਹੜਤਾਲ ਲੰਬੀ ਚੱਲਣ ਕਰਕੇ ਮਜ਼ਦੂਰਾਂ ਲਈ ਰਾਸ਼ਨ ਅਤੇ ਆਰਥਿਕ ਮਦਦ ਇਕੱਠੀ ਕੀਤੀ ਗਈ ਅਤੇ ਦੇਸ਼ ਦੇ ਹੋਰ ਹਿੱਸਿਆਂ ਤੋਂ ਵੀ ਹਮਾਇਤ ਮਿਲੀ।

ਇਸ ਸੰਘਰਸ਼ ਨੇ ਬੰਬਈ ਦੇ ਮਜ਼ਦੂਰ ਵਰਗ ਨੂੰ ਸਿਰਫ਼ ਤਨਖਾਹ ਅਤੇ ਕੰਮ ਦੀਆਂ ਹਾਲਤਾਂ ਦੇ ਸਵਾਲਾਂ ਤੱਕ ਸੀਮਤ ਨਹੀਂ ਰੱਖਿਆ, ਸਗੋਂ ਉਸ ਨੂੰ ਬ੍ਰਿਟਿਸ਼ ਸਾਮਰਾਜਵਾਦ ਵਿਰੁੱਧ ਵਿਆਪਕ ਰਾਜਨੀਤਿਕ ਸੰਘਰਸ਼ ਨਾਲ ਵੀ ਜੋੜਿਆ।

1929 ਵਿੱਚ ਬ੍ਰਿਟਿਸ਼ ਸਰਕਾਰ ਨੇ ਕਮਿਊਨਿਸਟ ਅਤੇ ਮਜ਼ਦੂਰ ਆਗੂਆਂ ਵਿਰੁੱਧ ਦਮਨ ਤੇਜ਼ ਕੀਤਾ ਅਤੇ ਡਾਂਗੇ ਸਮੇਤ ਕਈ ਆਗੂਆਂ ਨੂੰ 'ਮੇਰਠ ਸਾਜ਼ਿਸ਼ ਕੇਸ' ਵਿੱਚ ਗ੍ਰਿਫ਼ਤਾਰ ਕੀਤਾ ਗਿਆ।

**1946 : ਨੌ-ਸੈਨਾ ਵਿੱਚ ਬੇਚੈਨੀ**

ਦੂਜੇ ਵਿਸ਼ਵ ਯੁੱਧ ਦੇ ਅੰਤ ਤੱਕ ਭਾਰਤੀ ਨੌ-ਸੈਨਿਕਾਂ ਵਿੱਚ ਅਸੰਤੋਸ਼ ਵਧ ਰਿਹਾ ਸੀ। ਭਾਰਤੀ ਅਤੇ ਬ੍ਰਿਟਿਸ਼ ਕਰਮਚਾਰੀਆਂ ਨਾਲ ਵਿਵਹਾਰ ਵਿੱਚ ਨਸਲੀ ਵਿਤਕਰਾ, ਮਾੜਾ ਖਾਣਾ, ਤਨਖਾਹ ਅਤੇ ਸੇਵਾ ਦੀਆਂ ਹਾਲਤਾਂ ਅਤੇ ਅਪਮਾਨਜਨਕ ਵਿਵਹਾਰ ਮੁੱਖ ਸ਼ਿਕਾਇਤਾਂ ਸਨ।



ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਵਿਰੁੱਧ ਚੱਲ ਰਹੇ ਮੁਕੱਦਮਿਆਂ ਅਤੇ ਦੇਸ਼ ਵਿੱਚ ਵਧ ਰਹੀ ਆਜ਼ਾਦੀ ਦੀ ਲਹਿਰ ਨੇ ਵੀ ਰਾਜਨੀਤਿਕ ਮਾਹੌਲ ਨੂੰ ਪ੍ਰਭਾਵਿਤ ਕੀਤਾ।

**18 ਫਰਵਰੀ 1946: ਪਹਿਲੀ ਚਿੰਗਾਰੀ**

18 ਫਰਵਰੀ 1946 ਨੂੰ ਬੰਬਈ ਵਿੱਚ ਐੱਚ.ਐੱਮ.ਆਈ.ਐੱਸ ਤਲਵਾਰ (ਬੰਬਈ ਦੇ ਕੋਲਾਬਾ ਵਿਖੇ ਸਥਿਤ ਰਾਇਲ ਇੰਡੀਅਨ ਨੇਵੀ ਦਾ ਇੱਕ ਪ੍ਰਮੁੱਖ ਸਿਗਨਲ ਅਤੇ ਵਾਇਰਲੈੱਸ ਟ੍ਰੇਨਿੰਗ ਸਕੂਲ) ਦੇ ਲੱਗਭੱਗ 1,100 ਭਾਰਤੀ ਨੌ-ਸੈਨਿਕਾਂ ਨੇ ਮਾੜੇ ਖਾਣੇ ਅਤੇ ਸੇਵਾ ਦੀਆਂ ਹਾਲਤਾਂ ਦੇ ਵਿਰੋਧ ਵਿੱਚ ਹੜਤਾਲ ਕਰ ਦਿੱਤੀ। ਕੁਝ ਦਿਨਾਂ ਵਿੱਚ ਇਹ ਹੜਤਾਲ ਬੰਬਈ ਦੇ ਹੋਰ ਜਹਾਜ਼ਾਂ ਅਤੇ ਤੱਟੀ ਕੇਂਦਰਾਂ ਤੱਕ ਫੈਲ ਗਈ।

19 ਫਰਵਰੀ ਨੂੰ 'ਨੇਵਲ ਸੈਂਟਰਲ ਸਟਰਾਈਕ ਕਮੇਟੀ' ਬਣਾਈ ਗਈ। ਐੱਮ.ਐੱਸ. ਖਾਨ (ਮੁਹੰਮਦ ਸ਼ਫੀ ਖਾਨ) ਜੋ ਬੰਬਈ ਵਿਖੇ ਸਿਗਨਲ ਸਕੂਲ (ਐੱਚ ਐੱਮ ਆਈ ਐੱਸ ਤਲਵਾਰ) ਵਿੱਚ ਇੱਕ ਸੀਨੀਅਰ ਟੈਲੀਗ੍ਰਾਫਿਸਟ ਸਨ, ਨੂੰ ਪ੍ਰਧਾਨ ਅਤੇ ਮਦਨ ਸਿੰਘ ਨੂੰ ਜੋ ਪੰਜਾਬ ਦੇ ਰਹਿਣ ਵਾਲੇ ਸਨ ਅਤੇ ਨੌਸੈਨਾ ਵਿੱਚ ਵਾਇਰਲੈੱਸ ਆਪ੍ਰੇਟਰ ਵਜੋਂ ਸੇਵਾ ਨਿਭਾਅ ਰਹੇ ਸਨ, ਨੂੰ ਉਪ-ਪ੍ਰਧਾਨ ਚੁਣਿਆ ਗਿਆ। ਇਸ ਕਮੇਟੀ ਨੇ ਵੱਖ-ਵੱਖ ਜਹਾਜ਼ਾਂ ਅਤੇ ਤੱਟੀ ਕੇਂਦਰਾਂ ਦੇ ਨੌ-ਸੈਨਿਕਾਂ ਨੂੰ ਇਕੱਠਾ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ।

ਬਗਾਵਤ ਦਾ ਦੇਸ਼ ਦੇ ਹੋਰ ਹਿੱਸਿਆਂ ਵਿੱਚ ਫੈਲਾਅ

ਕੁਝ ਹੀ ਦਿਨਾਂ ਵਿੱਚ ਅੰਦੋਲਨ ਬੰਬਈ ਤੋਂ ਬਾਹਰ ਕਰਾਚੀ,



Hindusthan Standard

INDIAN SAILORS IN REVOLT

SIX HOURS BATTLE WITH BRITISH TROOPS

GRAVE TURN IN R. I. N. MEN'S STRIKE IN BOMBAY

TWENTY SHIPS CAPTURED

Govt. Rushing Strong Naval And Air Reinforcements

POLICE OPEN FIRE ON CROWDS

FIRING ON STRIKERS AT KARACHI

INDIANS RETALIATE WITH NAVAL GUNS

ONE KILLED AND 13 INJURED IN THE DUEL

ULTIMATUM FOR WITHDRAWAL OF MILITARY

THE BATTLE ENDS

ਕਲਕੱਤਾ, ਵਿਸ਼ਾਖਾਪਟਨਮ ਅਤੇ ਹੋਰ ਨੌ-ਸੈਨਿਕ ਕੇਂਦਰਾਂ ਤੱਕ ਪਹੁੰਚ ਗਿਆ। ਕੁੱਲ ਮਿਲਾ ਕੇ ਲੱਗਭੱਗ 20,000 ਨੌਸੈਨਿਕ, 78 ਜਹਾਜ਼ ਅਤੇ 20 ਤੋਂ ਵੱਧ ਨੌ-ਸੈਨਿਕ ਅੱਡੇ ਇਸ ਅੰਦੋਲਨ ਨਾਲ ਜੁੜ ਗਏ। ਇਹ ਬ੍ਰਿਟਿਸ਼ ਸਰਕਾਰ ਲਈ ਗੰਭੀਰ ਚੁਣੌਤੀ ਸੀ, ਕਿਉਂਕਿ ਬ੍ਰਿਟਿਸ਼ ਭਾਰਤ ਦੀ ਹਥਿਆਰਬੰਦ ਫੌਜ ਵਿੱਚ ਭਾਰਤੀ ਜਵਾਨਾਂ ਦੀ ਵਫ਼ਾਦਾਰੀ ਸਾਮਰਾਜੀ ਰਾਜ ਦੀ ਇੱਕ ਮਹੱਤਵਪੂਰਨ ਨੀਂਹ ਸੀ।

**ਬੰਬਈ ਦਾ ਮਜ਼ਦੂਰ ਵਰਗ ਮੈਦਾਨ ਵਿੱਚ**

ਬਗਾਵਤ ਦਾ ਸਭ ਤੋਂ ਮਹੱਤਵਪੂਰਨ ਪੱਖ ਇਹ ਸੀ ਕਿ ਇਹ ਸਿਰਫ਼ ਨੌ-ਸੈਨਿਕਾਂ ਤੱਕ ਸੀਮਤ ਨਹੀਂ ਰਹੀ। ਬੰਬਈ ਦੇ ਮਜ਼ਦੂਰਾਂ ਅਤੇ ਵਿਦਿਆਰਥੀਆਂ ਨੇ ਵੀ ਇਸ ਦੇ ਹੱਕ ਵਿੱਚ ਹੜਤਾਲਾਂ ਅਤੇ ਪ੍ਰਦਰਸ਼ਨ ਕੀਤੇ।

ਕਮਿਊਨਿਸਟ ਪਾਰਟੀ ਨੇ ਇਸ ਅੰਦੋਲਨ ਦਾ ਸਮਰਥਨ ਕੀਤਾ ਅਤੇ ਬੰਬਈ ਦੇ ਮਜ਼ਦੂਰਾਂ ਨੂੰ ਨੌ-ਸੈਨਿਕਾਂ ਦੇ ਹੱਕ ਵਿੱਚ ਲਾਮਬੰਦ ਕੀਤਾ। ਇਤਿਹਾਸਕਾਰਾਂ ਨੇ ਦਰਜ ਕੀਤਾ ਹੈ ਕਿ ਕਮਿਊਨਿਸਟ ਪਾਰਟੀ ਨੇ ਇਸ ਮੌਕੇ ਮਜ਼ਦੂਰ ਵਰਗ ਨੂੰ ਬ੍ਰਿਟਿਸ਼ ਰਾਜ ਵਿਰੁੱਧ ਲਾਮਬੰਦ ਕਰਕੇ ਸੜਕਾਂ 'ਤੇ ਲੈ ਆਂਦਾ।

ਮਜ਼ਦੂਰਾਂ ਅਤੇ ਆਮ ਲੋਕਾਂ ਦਾ ਨੌ-ਸੈਨਿਕਾਂ ਨਾਲ ਇਹ ਮੇਲ ਇਸ ਬਗਾਵਤ ਦੀ ਵਿਸ਼ੇਸ਼ਤਾ ਬਣ ਗਿਆ। ਬੰਬਈ ਦੀਆਂ ਸੜਕਾਂ 'ਤੇ ਪੁਲਸ ਅਤੇ ਫੌਜ ਨਾਲ ਝੜਪਾਂ ਹੋਈਆਂ।

ਬ੍ਰਿਟਿਸ਼ ਸੰਸਦ ਵਿੱਚ 26 ਫਰਵਰੀ ਨੂੰ ਦਿੱਤੇ ਸਰਕਾਰੀ ਅੰਕੜੇ ਅਨੁਸਾਰ ਬੰਬਈ ਵਿੱਚ 223 ਲੋਕ ਮਾਰੇ ਗਏ ਅਤੇ 1,037 ਜ਼ਖ਼ਮੀ ਹੋਏ।

**ਡਾਂਗੇ ਅਤੇ ਕਮਿਊਨਿਸਟਾਂ ਦੀ ਭੂਮਿਕਾ**

1946 ਦੀ ਬਗਾਵਤ ਵਿੱਚ ਐੱਸ ਏ ਡਾਂਗੇ ਅਤੇ ਬੰਬਈ ਦੀ ਕਮਿਊਨਿਸਟ ਲਹਿਰ ਦੀ ਭੂਮਿਕਾ ਦਾ ਬਹੁਤ ਵੱਡਾ ਯੋਗਦਾਨ ਸੀ।

1928 ਦੀ ਹੜਤਾਲ ਰਾਹੀਂ ਕਮਿਊਨਿਸਟਾਂ ਨੇ ਬੰਬਈ ਦੇ ਮਜ਼ਦੂਰਾਂ ਵਿੱਚ ਜੋ ਸੰਗਠਨਾਤਮਕ ਪ੍ਰਭਾਵ ਬਣਾਇਆ ਸੀ, ਉਸ ਦਾ ਪ੍ਰਗਟਾਵਾ 1946 ਵਿੱਚ ਵੀ ਹੋਇਆ। ਕਮਿਊਨਿਸਟ ਪਾਰਟੀ ਨੇ ਨੌ-ਸੈਨਿਕਾਂ ਦੇ ਹੱਕ ਵਿੱਚ ਮਜ਼ਦੂਰ ਹੜਤਾਲ ਅਤੇ ਜਨਤਕ ਪ੍ਰਦਰਸ਼ਨਾਂ ਨੂੰ ਉਤਸ਼ਾਹਿਤ ਕੀਤਾ। ਇਤਿਹਾਸਕ ਅਧਿਐਨ ਵੀ ਇਸ ਗੱਲ ਨੂੰ ਦਰਜ ਕਰਦੇ ਹਨ ਕਿ ਬੰਬਈ ਦੇ ਕਮਿਊਨਿਸਟਾਂ ਨੇ ਬਗਾਵਤ ਨੂੰ ਮਜ਼ਦੂਰ ਵਰਗ ਦੇ ਵਿਆਪਕ ਅੰਦੋਲਨ ਨਾਲ ਜੋੜਨ ਦੀ ਕੋਸ਼ਿਸ਼ ਕੀਤੀ।

**ਮਹਾਤਮਾ ਗਾਂਧੀ ਅਤੇ ਸਰਦਾਰ ਪਟੇਲ ਦਾ ਰੁਖ**

ਬਗਾਵਤ ਬਾਰੇ ਰਾਸ਼ਟਰੀ ਆਗੂਆਂ ਦੇ ਵਿਚਾਰ ਇੱਕੋ ਜਿਹੇ ਨਹੀਂ ਸਨ।ਮਹਾਤਮਾ ਗਾਂਧੀ ਨੇ ਬਗਾਵਤ ਅਤੇ ਹਿੰਸਕ ਕਾਰਵਾਈ ਦਾ ਸਮਰਥਨ ਨਹੀਂ ਕੀਤਾ। ਉਨ੍ਹਾਂ ਦਾ ਮੰਨਣਾ ਸੀ ਕਿ ਹਥਿਆਰਬੰਦ ਬਗਾਵਤ ਅਤੇ ਫੌਜੀ ਅਨੁਸ਼ਾਸਨ ਦਾ ਟੁੱਟਣਾ ਆਜ਼ਾਦ ਭਾਰਤ ਲਈ ਵੀ ਸਮੱਸਿਆ ਪੈਦਾ ਕਰ ਸਕਦਾ ਹੈ।

ਸਰਦਾਰ ਵੱਲਭ ਭਾਈ ਪਟੇਲ ਨੇ ਵੀ ਨੌ-ਸੈਨਿਕਾਂ ਨੂੰ ਹਥਿਆਰਬੰਦ ਟਕਰਾਅ ਜਾਰੀ ਰੱਖਣ ਦੀ ਬਜਾਏ ਸਮਰਪਣ ਕਰਨ ਲਈ ਮਨਾਇਆ। ਉਨ੍ਹਾਂ ਨੇ ਨੌ-ਸੈਨਿਕਾਂ ਦੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਨਾਲ ਹੋਣ ਵਾਲੀ ਸੰਭਾਵਿਤ ਬਦਲੇ ਦੀ ਕਾਰਵਾਈ ਬਾਰੇ ਭਰੋਸਾ ਦਿੱਤਾ।

ਦੂਜੇ ਪਾਸੇ ਅਰੁਣਾ ਆਸਿਫ ਅਲੀ ਵਰਗੇ ਸਮਾਜਵਾਦੀ ਨੇਤਾਵਾਂ ਨੇ ਨੌ-ਸੈਨਿਕਾਂ ਦੀਆਂ ਮੰਗਾਂ ਪ੍ਰਤੀ ਹਮਦਰਦੀ ਅਤੇ ਸਮਰਥਨ ਪ੍ਰਗਟ ਕੀਤਾ। ਇਸ ਤਰ੍ਹਾਂ 1946 ਦੀ ਬਗਾਵਤ ਨੇ ਰਾਸ਼ਟਰੀ ਅੰਦੋਲਨ ਦੇ ਅੰਦਰ ਵੀ ਰਣਨੀਤੀ ਅਤੇ ਆਜ਼ਾਦੀ ਪ੍ਰਾਪਤ ਕਰਨ ਦੇ ਤਰੀਕੇ ਬਾਰੇ ਮਤਭੇਦ ਸਾਹਮਣੇ ਲਿਆਂਦੇ।

**23 ਫਰਵਰੀ : ਸਮਰਪਣ**

23 ਫਰਵਰੀ ਤੱਕ ਹਾਲਾਤ ਬਹੁਤ ਤਣਾਅਪੂਰਨ ਹੋ ਚੁੱਕੇ ਸਨ। ਬ੍ਰਿਟਿਸ਼ ਸਰਕਾਰ ਨੇ ਸੈਨਿਕ ਤਾਕਤ ਦੀ ਵਰਤੋਂ ਦੀ ਤਿਆਰੀ ਕਰ ਲਈ ਸੀ। ਸਰਦਾਰ ਪਟੇਲ ਦੀ ਦਖ਼ਲਅੰਦਾਜ਼ੀ ਤੋਂ ਬਾਅਦ ਨੌ-ਸੈਨਿਕਾਂ ਨੇ ਹਥਿਆਰਬੰਦ ਟਕਰਾਅ ਨੂੰ ਅੱਗੇ ਨਾ ਵਧਾਉਂਦੇ ਹੋਏ ਸਮਰਪਣ ਕਰਨ ਦਾ ਫੈਸਲਾ ਕੀਤਾ।



ਸਮਰਪਣ ਦਾ ਮਤਲਬ ਇਹ ਨਹੀਂ ਸੀ ਕਿ ਬਗਾਵਤ ਬੇਅਸਰ ਰਹੀ। ਬ੍ਰਿਟਿਸ਼ ਹਕੂਮਤ ਲਈ ਇਹ ਇੱਕ ਗੰਭੀਰ ਚੇਤਾਵਨੀ ਸੀ ਕਿ ਭਾਰਤੀ ਹਥਿਆਰਬੰਦ ਬਲਾਂ ਵਿੱਚ ਵੀ ਅਸੰਤੋਸ਼ ਅਤੇ ਰਾਜਨੀਤਿਕ ਚੇਤਨਾ ਵਧ ਰਹੀ ਸੀ।

1946 ਦੀ ਨੌ-ਸੈਨਾ ਬਗਾਵਤ ਦੌਰਾਨ ਐੱਮ.ਐੱਸ. ਖਾਨ ਅਤੇ ਮਦਨ ਸਿੰਘ ਨੇ 'ਨੇਵਲ ਸੈਂਟਰਲ ਸਟ੍ਰਾਈਕ ਕਮੇਟੀ' ਵੱਲੋਂ ਬ੍ਰਿਟਿਸ਼ ਹਕੂਮਤ ਅੱਗੇ ਜੋ ਮੰਗਾਂ ਰੱਖੀਆਂ ਸਨ, ਉਹ ਸਿਰਫ਼ ਨੌ-ਸੈਨਿਕਾਂ ਦੇ ਖਾਣੇ ਜਾਂ ਤਨਖਾਹ ਤੱਕ ਸੀਮਤ ਨਹੀਂ ਸਨ। ਇਹਨਾਂ ਮੰਗਾਂ ਨੇ ਇਸ ਹੜਤਾਲ ਨੂੰ ਇੱਕ ਪੂਰਨ ਰਾਸ਼ਟਰੀ ਅਤੇ ਆਜ਼ਾਦੀ ਦਾ ਅੰਦੋਲਨ ਬਣਾ ਦਿੱਤਾ ਸੀ।

**ਨੌਸੈਨਿਕਾਂ ਦਾ ਮੰਗ-ਪੱਤਰ**

*ਰਾਸ਼ਟਰੀ ਅਤੇ ਸੇਵਾ-ਸੰਬੰਧੀ ਮੰਗਾਂ ਦਾ ਸੁਮੇਲ*

19 ਫਰਵਰੀ 1946 ਨੂੰ ਬਣੀ 'ਨੇਵਲ ਸੈਂਟਰਲ ਸਟ੍ਰਾਈਕ ਕਮੇਟੀ' ਨੇ ਨੌਸੈਨਿਕਾਂ ਦੀਆਂ ਮੰਗਾਂ ਦਾ ਇੱਕ ਚਾਰਟਰ ਤਿਆਰ ਕੀਤਾ। ਕਮੇਟੀ ਵਿੱਚ ਐੱਮ.ਐੱਸ. ਖਾਨ ਅਤੇ ਮਦਨ ਸਿੰਘ ਪ੍ਰਮੁੱਖ ਆਗੂ ਸਨ। ਮੰਗਾਂ ਵਿੱਚ ਤੁਰੰਤ ਸੇਵਾ-ਸੰਬੰਧੀ ਮਸਲਿਆਂ ਦੇ ਨਾਲ ਵਿਆਪਕ ਰਾਸ਼ਟਰੀ ਅਤੇ ਰਾਜਨੀਤਕ ਮਸਲੇ ਵੀ ਸ਼ਾਮਲ ਸਨ।

**ਮੁੱਖ ਮੰਗਾਂ ਇਹ ਸਨ:**

* ਸਾਰੇ ਭਾਰਤੀ ਰਾਜਨੀਤਿਕ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ।
* ਆਜ਼ਾਦ ਹਿੰਦ ਫੌਜ ਦੇ ਸਾਰੇ ਸਿਪਾਹੀਆਂ ਅਤੇ ਅਧਿਕਾਰੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।
* ਇੰਡੋਨੇਸ਼ੀਆ ਅਤੇ ਹੋਰ ਵਿਦੇਸ਼ੀ ਮੋਰਚਿਆਂ 'ਤੇ ਭੇਜੇ ਗਏ ਭਾਰਤੀ ਫੌਜੀ ਜਵਾਨਾਂ ਨੂੰ ਵਾਪਸ ਬੁਲਾਇਆ ਜਾਵੇ।
* ਭਾਰਤ ਵਿੱਚ ਬ੍ਰਿਟਿਸ਼ ਰਾਜ ਅਤੇ ਬ੍ਰਿਟਿਸ਼ ਪ੍ਰਭਾਵ ਦਾ ਅੰਤ ਕੀਤਾ ਜਾਵੇ।
* ਭਾਰਤੀ ਅਤੇ ਬ੍ਰਿਟਿਸ਼ ਨੌਸੈਨਿਕਾਂ ਵਿਚਕਾਰ ਤਨਖਾਹ, ਭੱਤਿਆਂ ਅਤੇ ਹੋਰ ਸਹੂਲਤਾਂ ਵਿੱਚ ਭੇਦਭਾਵ ਖਤਮ ਕੀਤਾ ਜਾਵੇ।
* ਨੌਸੈਨਿਕਾਂ ਨੂੰ ਚੰਗੀ ਗੁਣਵੱਤਾ ਦਾ ਭੋਜਨ ਦਿੱਤਾ ਜਾਵੇ।
* ਨੌਸੈਨਿਕਾਂ ਨਾਲ ਅਧਿਕਾਰੀਆਂ ਦੇ ਅਪਮਾਨਜਨਕ ਅਤੇ ਦੁਰਵਿਵਹਾਰ ਨੂੰ ਖਤਮ ਕੀਤਾ ਜਾਵੇ।
* ਭਾਰਤੀਆਂ ਨਾਲ ਬਦਸਲੂਕੀ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ।
* ਨੌਸੈਨਿਕਾਂ ਦੀ ਜਲਦੀ ਡਿਮੋਬਿਲਾਈਜ਼ੇਸ਼ਨ ਕੀਤੀ ਜਾਵੇ ਅਤੇ ਉਨ੍ਹਾਂ ਲਈ ਸ਼ਾਂਤੀਕਾਲੀਨ ਰੋਜ਼ਗਾਰ ਦੀ ਵਿਵਸਥਾ ਕੀਤੀ ਜਾਵੇ।

ਡਿਸਚਾਰਜ ਹੋਣ ਸਮੇਂ 'ਕਲੋਥਿੰਗ ਕਿਟ' ਵਾਪਸ ਕਰਨ ਦੀ ਸ਼ਰਤ ਹਟਾਈ ਜਾਵੇ।

* ਨੌਸੈਨਾ ਵਿੱਚ ਭਾਰਤੀ ਅਧਿਕਾਰੀਆਂ ਅਤੇ ਸੁਪਰਵਾਈਜ਼ਰਾਂ ਦੀ ਨਿਯੁਕਤੀ ਵਧਾਈ ਜਾਵੇ।
* ਹਿਰਾਸਤ ਵਿੱਚ ਲਏ ਗਏ ਨੌਸੈਨਿਕਾਂ ਨੂੰ ਰਿਹਾਅ ਕੀਤਾ ਜਾਵੇ।

ਇਨ੍ਹਾਂ ਮੰਗਾਂ ਨੇ ਹੜਤਾਲ ਨੂੰ ਸਿਰਫ਼ ਸੇਵਾ-ਸੰਬੰਧੀ ਸੰਘਰਸ਼ ਤੋਂ ਅੱਗੇ ਲੈ ਜਾ ਕੇ ਵਿਆਪਕ ਰਾਸ਼ਟਰੀ-ਰਾਜਨੀਤਿਕ ਅੰਦੋਲਨ ਦਾ ਰੂਪ ਦੇ ਦਿੱਤਾ।

?ਇਹ ਮੰਗ-ਪੱਤਰ ਇਹ ਸਾਬਤ ਕਰਦਾ ਹੈ ਕਿ 1946 ਦੀ ਨੌਸੈਨਾ ਬਗਾਵਤ ਕੇਵਲ ਮਾੜੇ ਖਾਣੇ ਵਿਰੁੱਧ ਕੋਈ ਰੋਸ ਨਹੀਂ ਸੀ, ਸਗੋਂ ਇਹ ਐੱਮ.ਐੱਸ. ਖਾਨ, ਮਦਨ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਉੱਚ ਰਾਜਨੀਤਿਕ ਸੋਚ ਦਾ ਨਤੀਜਾ ਸੀ, ਜਿਸ ਨੇ ਸਿੱਧੇ ਤੌਰ 'ਤੇ ਬ੍ਰਿਟਿਸ਼ ਸਾਮਰਾਜਵਾਦ ਨੂੰ ਵੰਗਾਰਿਆ ਸੀ।

**ਕਾਂਗਰਸ, ਮੁਸਲਿਮ ਲੀਗ ਅਤੇ ਲਾਲ ਝੰਡਾ**

ਇਸ ਅੰਦੋਲਨ ਦੀ ਇੱਕ ਵਿਲੱਖਣ ਵਿਸ਼ੇਸ਼ਤਾ ਇਹ ਸੀ ਕਿ ਨੌ-ਸੈਨਿਕਾਂ ਨੇ ਕਈ ਥਾਵਾਂ 'ਤੇ ਕਾਂਗਰਸ, ਮੁਸਲਿਮ ਲੀਗ ਅਤੇ ਕਮਿਊਨਿਸਟ ਪਾਰਟੀ ਦੇ ਝੰਡੇ ਇਕੱਠੇ ਲਹਿਰਾਏ। ਇਸ ਨੇ ਉਸ ਸਮੇਂ ਦੇ ਵਧ ਰਹੇ ਫਿਰਕੂ ਤਣਾਅ ਦੇ ਉਲਟ ਹਿੰਦੂ-ਮੁਸਲਿਮ ਏਕਤਾ ਦਾ ਇੱਕ ਪ੍ਰਭਾਵਸ਼ਾਲੀ ਦ੍ਰਿਸ਼ ਪੇਸ਼ ਕੀਤਾ।

ਸਰਦਾਰ ਪਟੇਲ ਵੱਲੋਂ ਆਤਮ-ਸਮਰਪਣ ਲਈ ਦਿੱਤੀ ਗਈ ਕੋਈ ਅੱਤਿਆਚਾਰ ਨਹੀਂ ਹੋਵੇਗਾ, ਵਾਲੀ ਭਰੋਸੇ ਦੀ ਗੱਲ ਦੇ ਬਾਵਜੂਦ ਬਾਅਦ ਵਿੱਚ 523 ਨੌਸੈਨਿਕਾਂ ਖ਼ਿਲਾਫ਼ ਕਾਰਵਾਈ ਹੋਈ :

ਕੁਝ ਅਧਿਐਨਾਂ ਅਨੁਸਾਰ ਇਹਨਾਂ ਨੌ-ਸੈਨਿਕਾਂ ਨੂੰ ਜ਼ਿੱਲਤ ਨਾਲ ਬਰਖਾਸਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਦੁਬਾਰਾ ਹਥਿਆਰਬੰਦ ਫੌਜਾਂ ਵਿੱਚ ਭਰਤੀ ਹੋਣ ਤੋਂ ਰੋਕਿਆ ਗਿਆ।

ਇਸ ਤੋਂ ਇਲਾਵਾ 1995 ਦੀ ਰਾਜ ਸਭਾ ਦੀ ਕਾਰਵਾਈ ਵਿੱਚ ਇੱਕ ਸਵਾਲ ਦੇ ਸਰਕਾਰੀ ਜਵਾਬ ਅਨੁਸਾਰ 1946 ਦੀ ਨੌਸੈਨਾ ਹੜਤਾਲ ਵਿੱਚ ਹਿੱਸਾ ਲੈਣ ਵਾਲੇ ਉਹ ਲੋਕ ਵੀ ਦਰਜ ਸਨ, ਜਿਨ੍ਹਾਂ ਨੂੰ ਬਰਖਾਸਤ, 'ਸੇਵਾਵਾਂ ਦੀ ਹੁਣ ਲੋੜ ਨਹੀਂ' ਜਾਂ 'ਅਯੋਗ' ਸ਼੍ਰੇਣੀਆਂ ਵਿੱਚ ਨੌਕਰੀ ਤੋਂ ਕੱਢਿਆ ਗਿਆ ਸੀ।




**ਇਤਿਹਾਸ ਵਿੱਚ 1946 ਦੀ ਬਗਾਵਤ ਦਾ ਸਥਾਨ**

1946 ਦੀ ਨੌਸੈਨਾ ਬਗਾਵਤ ਨੂੰ ਨਾ ਤਾਂ ਭਾਰਤ ਦੀ ਆਜ਼ਾਦੀ ਦਾ ਇਕੱਲਾ ਕਾਰਨ ਕਿਹਾ ਜਾ ਸਕਦਾ ਹੈ ਅਤੇ ਨਾ ਹੀ ਇਸ ਨੂੰ ਇੱਕ ਆਮ ਫੌਜੀ ਹੜਤਾਲ ਸਮਝਿਆ ਜਾ ਸਕਦਾ ਹੈ।

ਇਸ ਦੀ ਮਹੱਤਤਾ ਤਿੰਨ ਪੱਖਾਂ ਤੋਂ ਸਾਹਮਣੇ ਆਉਂਦੀ ਹੈ।

ਪਹਿਲਾ, ਇਸ ਨੇ ਦਿਖਾਇਆ ਕਿ ਬ੍ਰਿਟਿਸ਼ ਰਾਜ ਦੇ ਆਖਰੀ ਸਾਲਾਂ ਵਿੱਚ ਭਾਰਤੀ ਨੌ-ਸੈਨਿਕਾਂ ਵਿੱਚ ਵੀ ਰਾਜਨੀਤਿਕ ਅਤੇ ਰਾਸ਼ਟਰੀ ਚੇਤਨਾ ਮਜ਼ਬੂਤ ਹੋ ਚੁੱਕੀ ਸੀ।

ਦੂਜਾ, ਇਸ ਨੇ ਹਿੰਦੂ ਅਤੇ ਮੁਸਲਿਮ ਨੌ-ਸੈਨਿਕਾਂ ਦੇ ਸਾਂਝੇ ਸੰਘਰਸ਼ ਅਤੇ ਬੰਬਈ ਦੇ ਬਹੁ-ਧਾਰਮਿਕ ਮਜ਼ਦੂਰ ਵਰਗ ਦੀ ਏਕਤਾ ਦਾ ਪ੍ਰਭਾਵਸ਼ਾਲੀ ਉਦਾਹਰਨ ਪੇਸ਼ ਕੀਤਾ।

ਤੀਜਾ, ਨੌ-ਸੈਨਿਕਾਂ ਅਤੇ ਬੰਬਈ ਦੇ ਮਜ਼ਦੂਰਾਂ ਵਿਚਕਾਰ ਬਣੀ ਏਕਤਾ ਨੇ ਇਸ ਅੰਦੋਲਨ ਨੂੰ ਇੱਕ ਵਿਆਪਕ ਜਨ-ਘਟਨਾ ਬਣਾ ਦਿੱਤਾ। 1928 ਦੀ ਗਿਰਨੀ ਕਾਮਗਾਰ ਹੜਤਾਲ ਤੋਂ ਲੈ ਕੇ 1946 ਦੀ ਨੌ-ਸੈਨਾ ਬਗਾਵਤ ਤੱਕ ਬੰਬਈ ਦੇ ਮਜ਼ਦੂਰ ਅੰਦੋਲਨ ਨੇ ਇਹ ਦਰਸਾਇਆ ਕਿ ਉਦਯੋਗਿਕ ਮਜ਼ਦੂਰ ਵਰਗ ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਸਿਰਫ਼ ਦਰਸ਼ਕ ਨਹੀਂ ਸੀ।

**1946 ਦੀ ਬਗਾਵਤ ਤੋਂ ਬਾਅਦ ਬ੍ਰਿਟਿਸ਼**

ਸਰਕਾਰ ਨੇ ਭਾਰਤ ਦੀ ਰਾਜਨੀਤਿਕ ਸਥਿਤੀ ਬਾਰੇ ਆਪਣੇ ਫੈਸਲੇ ਤੇਜ਼ ਕੀਤੇ। ਹਾਲਾਂਕਿ ਬ੍ਰਿਟਿਸ਼ ਵਾਪਸੀ ਦੇ ਪਿੱਛੇ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੀ ਆਰਥਿਕ ਸਥਿਤੀ, ਭਾਰਤੀ ਰਾਸ਼ਟਰੀ ਅੰਦੋਲਨ, ਆਈ ਐੱਨ ਏ ਦੇ ਮੁਕੱਦਮੇ, ਫੌਜ ਅਤੇ ਜਨਤਾ ਵਿੱਚ ਵਧਦਾ ਅਸੰਤੋਸ਼ ਅਤੇ ਹੋਰ ਕਈ ਕਾਰਕ ਸਨ, ਨੌ-ਸੈਨਾ ਬਗਾਵਤ ਇਸ ਵੱਡੇ ਸੰਕਟ ਦਾ ਇੱਕ ਮਹੱਤਵਪੂਰਨ ਹਿੱਸਾ ਸੀ। ਇਤਿਹਾਸਕਾਰਾਂ ਨੇ ਵੀ ਇਸ ਨੂੰ ਬ੍ਰਿਟਿਸ਼ ਰਾਜ ਅਤੇ ਭਾਰਤੀ ਹਥਿਆਰਬੰਦ ਬਲਾਂ ਦੇ ਰਿਸ਼ਤੇ ਵਿੱਚ ਇੱਕ ਮਹੱਤਵਪੂਰਨ ਮੋੜ ਵਜੋਂ ਦੇਖਿਆ ਹੈ।

1946 ਦੀ ਨੌ-ਸੈਨਾ ਬਗਾਵਤ ਦੀ ਸਭ ਤੋਂ ਵੱਡੀ ਸਿੱਖਿਆ ਇਹ ਸੀ ਕਿ ਆਜ਼ਾਦੀ ਦੀ ਲੜਾਈ ਸਿਰਫ਼ ਸੰਸਦ, ਰਾਜਨੀਤਿਕ ਮੰਚਾਂ ਜਾਂ ਵੱਡੇ ਨੇਤਾਵਾਂ ਦੀਆਂ ਗਤੀਵਿਧੀਆਂ ਤੱਕ ਸੀਮਤ ਨਹੀਂ ਸੀ। ਨੌ-ਸੈਨਿਕ, ਮਜ਼ਦੂਰ, ਵਿਦਿਆਰਥੀ ਅਤੇ ਆਮ ਲੋਕ ਵੀ ਇਸ ਇਤਿਹਾਸ ਦਾ ਹਿੱਸਾ ਸਨ।

ਐੱਚ ਐੱਮ ਆਈ ਐੱਸ ਤਲਵਾਰ ਤੋਂ ਉੱਠੀ ਚਿੰਗਾਰੀ ਬੰਬਈ ਦੀਆਂ ਮਿੱਲਾਂ ਅਤੇ ਗੋਦੀਆਂ ਤੱਕ ਪਹੁੰਚੀ ਅਤੇ ਕੁਝ ਹੀ ਦਿਨਾਂ ਵਿੱਚ ਬ੍ਰਿਟਿਸ਼ ਰਾਜ ਲਈ ਇੱਕ ਵੱਡੀ ਚੁਣੌਤੀ ਬਣ ਗਈ। ਇਸੇ ਕਰਕੇ 1946 ਦੀ ਨੌ-ਸੈਨਾ ਬਗਾਵਤ ਭਾਰਤ ਦੇ ਆਜ਼ਾਦੀ ਸੰਗਰਾਮ ਅਤੇ ਮਜ਼ਦੂਰ ਅੰਦੋਲਨ ਦੇ ਇਤਿਹਾਸ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦੀ ਹੈ।

**ਸੰਪਰਕ : 99884-91002**

---

# ਹਾਸਿਆਂ ਦਾ ਵਣਜਾਰਾ ਕੇ ਐੱਲ ਗਰਗ

ਪੰਜਾਬੀ ਦਾ ਸਰਬਾਂਗੀ ਸਾਹਿਤਕਾਰ ਅਤੇ ਹਾਸਿਆਂ ਦਾ ਵਣਜਾਰਾ ਕੇ ਐੱਲ ਗਰਗ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਅਗਲੇ ਸਫਰ 'ਤੇ ਚਲਾ ਗਿਆ। ਕੇ ਐੱਲ ਗਰਗ ਇੱਕੋ ਸਮੇਂ ਨਾਵਲਕਾਰ, ਕਹਾਣੀਕਾਰ, ਅਨੁਵਾਦਕ, ਸੰਪਾਦਕ ਤੇ ਵਿਅੰਗਕਾਰ ਸੀ। ਉਸ ਨੇ ਵਿਅੰਗ ਸਾਹਿਤ ਨੂੰ ਪੰਜਾਬੀ ਸਾਹਿਤ ਵਿੱਚ ਪੱਕੇ ਤੌਰ 'ਤੇ ਸਥਾਪਤ ਕੀਤਾ। ਪਹਿਲਾਂ ਵਿਅੰਗ ਕੇਵਲ ਕਹਾਣੀਆਂ, ਨਾਵਲਾਂ ਜਾਂ ਹੋਰ ਵਿਧਾਵਾਂ ਵਿੱਚ ਗੌਣ ਰੂਪ ਵਿੱਚ ਆਉਂਦਾ ਸੀ, ਪਰ ਗਰਗ ਨੇ ਵਿਅੰਗ ਨੂੰ ਪੰਜਾਬੀ ਵਿੱਚ ਇੱਕ ਵਿਧਾ ਵਜੋਂ ਸਥਾਪਤ ਕਰ ਦਿੱਤਾ।

ਗਰਗ ਮੋਗੇ ਦਾ ਹੀ ਨਹੀਂ, ਪੰਜਾਬੀ ਸਾਹਿਤ ਦਾ ਮਾਣ ਸੀ। 100 ਤੋਂ ਵੱਧ ਪੁਸਤਕਾਂ ਦਾ ਰਚੇਤਾ ਗਰਗ ਜਿਸ ਵੀ ਮਹਿਫ਼ਲ ਵਿੱਚ ਹੁੰਦਾ, ਹਾਸੇ ਦੀਆਂ ਫੁੱਲਝੜੀਆਂ ਖਿੜਦੀਆਂ ਰਹਿੰਦੀਆਂ। ਉਹ ਗੰਭੀਰ ਤੋਂ ਗੰਭੀਰ ਗੱਲ ਵੀ ਬੜੇ ਹਾਸੇ 'ਚ ਆਖ ਦਿੰਦਾ,



ਜਿਸ ਦਾ ਚਿਰ-ਸਥਾਈ ਪ੍ਰਭਾਵ ਸਰੋਤਿਆਂ ਦੇ ਜ਼ਿਹਨ ਵਿੱਚ ਸੁਰੱਖਿਅਤ ਹੋ ਜਾਂਦਾ। ਉਹ ਮੋਗੇ ਦੀਆਂ ਹੀ ਨਹੀਂ, ਪੰਜਾਬ ਦੀਆਂ ਸਾਹਿਤਕ ਮਹਿਫ਼ਲਾਂ ਤੇ ਸੰਸਥਾਵਾਂ ਦੀ ਜਿੰਦ-ਜਾਨ ਸੀ।

ਗਰਗ ਨੇ ਆਪਣੀ ਸਾਹਿਤਕ ਯਾਤਰਾ ਕਹਾਣੀ ਲੇਖਣ ਨਾਲ ਕੀਤੀ। ਵਾਟ 69, ਅੱਗ ਦੇ ਦਾਇਰੇ, ਤਲਬ ਦਾ ਰਿਸ਼ਤਾ, ਮੋਹ ਭੰਗ, ਲੁਕੇ ਹੋਏ ਬੰਦੇ, ਹੌਲੀ ਹੌਲੀ ਵਰਗੀਆਂ ਕਹਾਣੀ ਕਥਾ ਪੁਸਤਕਾਂ ਵਿਚਲੀਆਂ ਅਨੇਕਾਂ ਕਹਾਣੀਆਂ ਚਿਰ-ਸਥਾਈ ਹਨ। ਅੰਮ੍ਰਿਤਾ ਪ੍ਰੀਤਮ ਦੇ ਮੈਗਜ਼ੀਨ 'ਨਾਗਮਣੀ' ਦਾ ਉਹ ਹਰਮਨ-ਪਿਆਰਾ ਲੇਖਕ ਸੀ। 'ਨਾਗਮਣੀ' ਵਿਚ ਛਪੀ ਉਸ ਦੀ ਕਹਾਣੀ 'ਸ਼ਹੀਦ' ਪੰਜਾਬੀ ਦੀ ਕਲਾਸਿਕ ਕਹਾਣੀ ਮੰਨੀ ਜਾਂਦੀ ਹੈ। ਇਸ ਲਈ ਉਸ ਨੂੰ 'ਨਾਗਮਣੀ' ਪੁਰਸਕਾਰ ਪ੍ਰਦਾਨ ਕੀਤਾ ਗਿਆ।

ਕਹਾਣੀ 'ਬਦਲਦਾ ਦ੍ਰਿਸ਼ਟੀਕੋਣ' ਉੱਪਰ 'ਰੱਬ ਝੂਠ ਨਾ ਬੁਲਾਵੇ' ਅਤੇ 'ਲੇਖਾ ਮਾਵਾਂ ਧੀਆਂ' ਦਾ ਉਪਰ ਟੈਲੀ ਫਿਲਮਾਂ ਬਣੀਆਂ। ਇਹ ਲਘੂ ਫਿਲਮਾਂ ਜਲੰਧਰ ਦੂਰਦਰਸ਼ਨ 'ਤੇ ਦਿਖਾਈਆਂ ਗਈਆਂ ਤਾਂ ਗਰਗ ਦਾ ਨਾਂਅ ਘਰ-ਘਰ ਪਹੁੰਚ ਗਿਆ।

ਕਹਾਣੀਆਂ ਦੇ ਨਾਲ-ਨਾਲ ਨਾਵਲਕਾਰੀ ਵਿਚ ਵੀ ਆਪਣਾ ਹੁਨਰ ਵਿਖਾਇਆ। ਦਰਅਸਲ, ਤਲਾਸ਼, ਹੁੰਮਸ, ਆਖਰੀ ਪੱਤਾ, ਚੰਨ ਦਾ ਉਚੜਿਆ ਚਿਹਰਾ, ਹਿੱਲਦੇ ਦੰਦ ਤੇ ਮਰਸੀ ਕਿਲਿੰਗ ਵਰਗੇ ਨਾਵਲ ਪਾਠਕਾਂ ਨੇ ਵੱਡੇ ਦਿਲ ਨਾਲ ਪ੍ਰਵਾਨ ਕੀਤੇ। ਉਹ ਕਹਾਣੀਕਾਰ ਦੇ ਨਾਲ-ਨਾਲ ਨਾਵਲਕਾਰ ਵਜੋਂ ਤਾਂ ਸਥਾਪਤ ਹੋਇਆ ਹੀ, ਵਿਅੰਗ ਦੇ ਖੇਤਰ ਵਿਚ ਆਇਆ ਤਾਂ ਇੱਥੇ ਵੀ ਝੰਡੇ ਗੱਡ ਦਿੱਤੇ। ਵਿਅੰਗ ਦੀਆਂ ਤਾਂ ਉਸ ਦੀਆਂ 30 ਤੋਂ ਉੱਪਰ ਪੁਸਤਕਾਂ ਹਨ। ਦੇਖ ਕਬੀਰਾ ਹੱਸਿਆ, ਕਿੱਸਾ ਕੰਡਮ ਕੁਰਸੀ ਦਾ, ਥਾਣੇ ਵਿੱਚ ਸ਼ਰੀਫ ਆਦਮੀ, ਜਮੂਰੇ ਦਾ ਹਲਫੀਆ ਬਿਆਨ, ਤਾਊ ਰੰਗੀ ਰਾਮ, ਖੂੰਡੇ ਵਾਲਾ ਬਾਬਾ, ਸ਼ੈਤਾਨ ਦੀ ਡੇਅਰੀ ਉਸ ਦੀਆਂ ਚਰਚਿੱਤ ਵਿਅੰਗ ਪੁਸਤਕਾਂ ਹਨ। ਉਸ ਦੇ ਬਹੁਤ ਸਾਰੇ ਕਾਲਮ ਸਾਲਾਂ ਦੇ ਸਾਲ ਅਖਬਾਰਾਂ ਵਿੱਚ ਛਪਦੇ ਰਹੇ। ਉਸ ਨੇ ਤਾਊ ਰੰਗੀ ਰਾਮ ਨਾਂਅ ਦਾ ਪਾਤਰ ਅਜਿਹਾ ਪਾਤਰ ਸਿਰਜਿਆ ਕਿ ਜਿਸ ਦੀ ਉਡੀਕ ਹਰ ਹਫ਼ਤੇ ਲੋਕਾਂ ਨੂੰ ਰਹਿੰਦੀ। ਗਰਗਬਾਣੀ ਵੀ ਲੰਮਾ ਸਮਾਂ ਚੱਲਦਾ ਰਿਹਾ। ਪਾਠਕ ਵਿਅੰਗ ਪੜ੍ਹਨ ਤੋਂ ਪਹਿਲਾਂ ਹੀ ਉਸ ਦੀ ਛਪੀ ਫੋਟੋ ਵੇਖ ਕੇ ਹੱਸਣ ਲੱਗ ਪੈਂਦੇ। ਵਿਅੰਗ ਉਸ ਦਾ ਜਨੂੰਨ ਬਣ ਚੁੱਕਾ ਸੀ। ਉਸ ਨੇ ਪ੍ਰਿੰਸੀਪਲ ਕਨੱਈਆ ਲਾਲ ਕਪੂਰ, ਸ਼ੇਰ ਜੰਗ ਜਾਂਗਲੀ, ਪਿਆਰਾ ਸਿੰਘ ਦਾਤਾ, ਗੁਰਨਾਮ ਸਿੰਘ ਤੀਰ, ਦਲੀਪ ਸਿੰਘ ਭੁਪਾਲ ਅਤੇ ਨਵੇਂ-ਪੁਰਾਣੇ ਅਨੇਕਾਂ ਵਿਅੰਗ ਲੇਖਕਾਂ ਦੀਆਂ ਅਨੇਕਾਂ ਪੁਸਤਕਾਂ ਸੰਪਾਦਿਤ ਕੀਤੀਆਂ। ਨਵੇਂ ਵਿਅੰਗ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਅੰਤਰਰਾਸ਼ਟਰੀ ਵਿਅੰਗ ਸਾਹਿਤ ਅਕਾਦਮੀ ਸਥਾਪਤ ਕੀਤੀ। ਦੋ ਦਹਾਕੇ ਲਗਾਤਾਰ ਵਿਅੰਗ ਸਾਹਿਤ ਦੇ ਸਮਾਗਮ ਕੀਤੇ। ਇਸ ਵਿਚ ਹਰ ਸਾਲ ਪਿਆਰਾ ਸਿੰਘ ਦਾਤਾ ਦੇ ਨਾਂਅ ਉਪਰ ਸਨਮਾਨ ਦਿੱਤਾ ਜਾਂਦਾ। ਪਿਆਰਾ ਸਿੰਘ ਦਾਤਾ ਦਾ ਪਰਵਾਰ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਇਹਨਾਂ ਵਿਚ ਸ਼ਾਮਲ ਹੁੰਦਾ।

ਕੇ ਐੱਲ ਗਰਗ ਨੇ ਸਫਰਨਾਮਾ ਸਾਹਿਤ ਵੀ ਲਿਖਿਆ ਤਾਂ ਉਸ ਵਿੱਚ ਵੀ ਧੰਨ-ਧੰਨ ਕਰਾ ਦਿੱਤੀ। 'ਵਾਟਾਂ ਦੇਸੋਂ ਬਾਹਰ ਦੀਆਂ' ਅਮਰੀਕਾ, ਇੰਗਲੈਂਡ ਤੇ ਕੈਨੇਡਾ ਦੀ ਯਾਤਰਾ ਬਾਰੇ ਉਸ ਦਾ ਚਰਚਿਤ ਸਫਰਨਾਮਾ ਹੈ। ਗਰਗ ਅਮਰੀਕਾ ਗਿਆ ਤਾਂ ਪੁਸਤਕ "ਦੂਜਾ ਪਾਸਾ" ਵਿਚ ਅਮਰੀਕਨ ਲੋਕਾਂ ਦੇ ਰੇਖਾ ਚਿੱਤਰ ਲਿਖ ਦਿੱਤੇ। ਗਰਗ ਸਾਹਿਬ ਨੇ ਅਨੁਵਾਦ ਦੇ ਖੇਤਰ ਵਿੱਚ ਤਾਂ ਬੇਮਿਸਾਲ ਕੰਮ ਕੀਤਾ। ਸੰਸਾਰ ਦੇ ਕਲਾਸਿਕ ਨਾਵਲਾਂ ਦਾ ਪੰਜਾਬੀ ਵਿੱਚ ਅਨੁਵਾਦ ਕੀਤਾ। ਸਰ ਜੇਮਸ ਫਰੇਜ਼ਰ ਦੇ 'ਦਾ ਗੋਲਡਨ ਬਗ' ਦਾ 'ਸੁਨਹਿਰੀ ਟਾਹਣੀ' ਲੂ ਸ਼ਨ ਦੇ 'ਟਰੂ ਸਟੋਰੀ ਆਫ ਦੀ ਆਹ ਕਿਊ' ਦਾ 'ਆਹ ਕਿਊ ਦੀ ਸੱਚੀ ਕਹਾਣੀ' ਮਾਰਕ ਟਵਿਨ ਦੇ 'ਦੀ ਵਾਰ ਪਰੇਅਰ' ਦਾ 'ਯੁੱਧ ਜਾਪ' ਰਿਚਰਡ ਰਾਈਟ ਦੇ "ਬਲੈਕ ਬੁਆਏ" ਦਾ 'ਕਾਲਾ ਮੁੰਡਾ' ਸਿਰਲੇਖ ਹੇਠ

**ਗੁਰਮੀਤ ਕੜਿਆਲਵੀ**

ਕੀਤੇ ਅਨੁਵਾਦ ਕੀਤੇ। ਨੋਬਲ ਪੁਰਸਕਾਰ ਜੇਤੂ ਐਲੀ ਵੀਜ਼ਲ ਦੇ ਤਾਂ ਬਹੁਤ ਸਾਰੇ ਨਾਵਲ ਉਹਨਾਂ ਨੇ ਪੰਜਾਬੀ ਵਿੱਚ ਲੈ ਕੇ ਆਂਦੇ। ਇਸੇ ਤਰ੍ਹਾਂ ਸੰਸਾਰ ਪ੍ਰਸਿੱਧ ਨਾਵਲਕਾਰਾਂ ਨਿੱਕ ਗਰੀਵਜ਼, ਚਿਨਵਾਂ ਅਚੇਵੇ, ਸਵੇਤਲਾਨਾ ਅਲੈਕਸੀਵਿਚ, ਜਾਹਨ ਸਟੈਨਬੈਕ ਅਤੇ ਓਰੀਆਨਾ ਫਲੈਸੀ ਆਦਿ ਦੇ ਸੰਸਾਰ ਪ੍ਰਸਿੱਧ ਨਾਵਲਾਂ ਦਾ ਸ਼ਾਨਦਾਰ ਅਨੁਵਾਦ ਕਾਰਜ ਕੀਤਾ।

ਅਲੈਕਸਾਂਦਰ ਕੁਪਰਨ ਦੇ ਵੇਸ਼ਵਾਵਾਂ ਦੀ ਜ਼ਿੰਦਗੀ ਉਪਰ ਅਧਾਰਤ 400 ਸਫੇ ਦੇ ਸੰਸਾਰ ਪ੍ਰਸਿੱਧ ਰੂਸੀ ਨਾਵਲ 'ਜਾਮਾ ਦਾ ਪਿੱਟ' ਦਾ 'ਯਾਮਾ ਦਾ ਚੱਕਲਾ' ਸਿਰਲੇਖ ਹੇਠ ਕੀਤਾ ਅਨੁਵਾਦ ਉਸ ਦੇ ਅਸਨੁਵਾਦ ਕਾਰਜਾਂ ਵਿਚ ਆਹਲਾ ਸਥਾਨ ਰੱਖਦਾ ਹੈ। ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਨੇ ਉਸ ਦੇ ਅਨੁਵਾਦ ਕਾਰਜ ਨੂੰ ਸਨਮਾਨ ਦਿੱਤਾ। ਗੋਪਾਲ ਪ੍ਰਸਾਦ ਵਿਆਸ ਦੇ ਚੋਣਵੇਂ ਹਾਸ ਵਿਅੰਗ ਨੂੰ ਸਾਲ 2018 ਦਾ ਅਨੁਵਾਦ ਦੇ ਖੇਤਰ ਦਾ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ।

ਕੇ ਐੱਲ ਗਰਗ ਸਮਰਪਿਤ ਤੇ ਪ੍ਰਤੀਬੱਧ ਲੇਖਕ ਸੀ। ਸਾਹਿਤ ਪ੍ਰਤੀ ਉਸ ਦਾ ਜਨੂੰਨ ਦੇਖਣ ਵਾਲਾ ਹੁੰਦਾ। ਦੁਨੀਆ ਦੀ ਕੋਈ ਵੀ ਕਲਾਸਿਕ ਰਚਨਾ ਪੜ੍ਹ ਕੇ ਉਸ ਦੇ ਮਨ ਵਿੱਚ ਇਹ ਵਿਚਾਰ ਚੱਕਰ ਕੱਢਣ ਲੱਗਦਾ ਕਿ ਇਹ ਰਚਨਾ ਪੰਜਾਬੀ ਪਾਠਕਾਂ ਤੱਕ ਪੁੱਜਣੀ ਚਾਹੀਦੀ ਹੈ। ਅਮਰੀਕਾ ਰਹਿੰਦਿਆਂ ਉਸ ਨੇ ਐਲੀ ਵੀਜ਼ਲ ਦਾ ਬਹੁ-ਚਰਚਿਤ ਨਾਵਲ 'ਨਾਈਟ' ਪੜ੍ਹਿਆ। ਇਹ ਨਾਵਲ ਐਲੀ ਵੀਜ਼ਲ ਅਤੇ ਉਸ ਦੇ ਪਿਤਾ ਵੱਲੋਂ ਦੂਜੇ ਵਿਸ਼ਵ ਯੁੱਧ ਦੌਰਾਨ ਔਸ਼ਵਿਚ ਅਤੇ ਬੁਚੇਨਵਲਡ ਦੇ ਨਾਜ਼ੀ ਤਸੀਹਾ ਕੈਂਪਾਂ ਵਿੱਚ ਝੱਲੇ ਗਏ ਤਸੀਹਿਆਂ ਉਪਰ ਆਧਾਰਤ ਜੀਵਨੀ ਮੂਲਕ ਨਾਵਲ ਹੈ। ਇਹ ਨਾਵਲ 1956 'ਚ ਛਪਿਆ ਸੀ। 1960 ਵਿੱਚ ਇੰਗਲਿਸ਼ ਵਿੱਚ ਇਸ ਦਾ ਅਨੁਵਾਦ ਹੋਇਆ ਤਾਂ ਇਸ ਦੀ ਪ੍ਰਸਿੱਧੀ ਦੁਨੀਆ ਭਰ ਵਿੱਚ ਫੈਲ ਗਈ। ਐਲੀ ਵੀਜ਼ਲ ਨੇ ਹੋਰ ਵੀ ਬਹੁਤ ਸਾਰੇ ਕਲਾਸਿਕ ਨਾਵਲ ਲਿਖੇ। 1986 ਦਾ ਨੋਬਲ ਸ਼ਾਂਤੀ ਪੁਰਸਕਾਰ ਐਲੀ ਵੀਜ਼ਲ ਦੇ ਕੰਮਾਂ ਨੂੰ ਦਿੱਤਾ ਗਿਆ। ਗਰਗ ਨੇ ਠਾਣ ਲਿਆ ਕਿ ਮਹਾਨ ਨਾਵਲਕਾਰ ਐਲੀ ਵੀਜ਼ਲ ਦੇ ਕੰਮ ਨੂੰ ਪੰਜਾਬੀ ਪਾਠਕਾਂ ਤੱਕ ਲੈ ਕੇ ਜਾਣਾ ਹੈ। ਉਸ ਨੇ ਪੁਸਤਕ ਦੇ ਪ੍ਰਕਾਸ਼ਕ ਤੱਕ ਪਹੁੰਚ ਕੀਤੀ। ਪ੍ਰਕਾਸ਼ਕ ਤੋਂ ਕਿਵੇਂ ਨਾ ਕਿਵੇਂ ਲੇਖਕ ਦਾ ਪਤਾ ਲਿਆ। ਗਰਗ ਫ਼ੋਨ ਕਰਕੇ ਐਲੀ ਨੂੰ ਜਾ ਮਿਲਿਆ। ਪੁਸਤਕ ਦੇ ਅਨੁਵਾਦ ਲਈ ਪ੍ਰਕਾਸ਼ਕ ਨੇ ਵੱਡੀ ਰਾਸ਼ੀ ਦੀ ਮੰਗ ਕੀਤੀ। ਗਰਗ ਨੇ ਐਲੀ ਵੀਜ਼ਲ ਨੂੰ ਅਸਲੀ ਗੱਲ ਦੱਸੀ, "ਮੇਰੀ ਭਾਸ਼ਾ ਦਾ ਦਾਇਰਾ ਬਹੁਤਾ ਵੱਡਾ ਨਹੀਂ। ਮੇਰੀ ਭਾਸ਼ਾ ਵਿੱਚ ਪੁਸਤਕਾਂ ਵੱਡੀ ਗਿਣਤੀ ਵਿੱਚ ਨਹੀਂ ਛਪਦੀਆਂ। ਲੇਖਕ ਨੂੰ ਰੌਇਲਟੀ ਦੇਣ ਦੀ ਉਥੇ ਅਜੇ ਪਰੰਪਰਾ ਨਹੀਂ। ਪਰ ਇਹ ਨਾਵਲ ਮੇਰੀ ਭਾਸ਼ਾ ਦੇ ਪਾਠਕਾਂ ਤੱਕ ਜਾਣਾ ਚਾਹੀਦਾ ਹੈ। ਸਾਡੀ ਧਰਤੀ ਦੇ ਲੋਕਾਂ ਨੇ ਵੀ ਬੜੇ ਤਸੀਹੇ ਸਹੇ ਹਨ।" ਐਲੀ ਵੀਜ਼ਲ ਨੇ ਤਕਨੀਕੀ ਅੜਚਨ ਦੂਰ ਕਰ ਕੇ ਮਸਲੇ ਨੂੰ ਹੱਲ ਕੀਤਾ ਤੇ ਸਿਰਫ਼ ਇੱਕ ਡਾਲਰ ਲੈ ਕੇ ਪੁਸਤਕ ਦੇ ਪੰਜਾਬੀ ਅਨੁਵਾਦ ਲਈ ਹੱਕ ਗਰਗ ਨੂੰ ਲਿਖ ਦਿੱਤੇ। ਇੰਨਾ ਹੀ ਨਹੀਂ, ਆਪਣਾ ਨਵਾਂ ਨਾਵਲ ਵੀ ਆਪਣੇ ਆਟੋਗਰਾਫਾਂ ਸਮੇਤ ਗਰਗ ਨੂੰ ਭੇਟ ਕੀਤਾ।



ਪੰਜਾਬੀ ਦਾ ਇਹ ਸਰਬਾਂਗੀ ਲੇਖਕ ਜ਼ਿਲ੍ਹਾ ਸੰਗਰੂਰ ਦੇ ਸ਼ਹਿਰ ਧੂਰੀ ਦਾ ਜੰਮਪਲ ਸੀ। ਉਸ ਦਾ ਬਾਪ ਧੂਰੀ ਕਸਬੇ ਵਿੱਚ ਬਰਫ਼ ਦੀਆਂ ਸਿਲਾਂ ਵੇਚਦਾ ਹੁੰਦਾ। ਗਰਗ ਵੀ ਪਰਵਾਰ ਦੇ ਬਾਕੀ ਮੈਂਬਰਾਂ ਨਾਲ ਆਪਣੇ ਬਾਪ ਦਾ ਹੱਥ ਵੰਡਾਉਂਦਾ। ਰੇਹੜੀ ਲਿਜਾ ਕੇ ਦੁਕਾਨਾਂ 'ਤੇ ਬਰਫ਼ ਦੀਆਂ ਸਿਲਾਂ ਵੇਚਦਾ। ਗਰਗ ਮਿਹਨਤ-ਮਜ਼ਦੂਰੀ ਕਰਦਾ ਰਿਹਾ ਤੇ ਨਾਲ-ਨਾਲ ਪੜ੍ਹਦਾ ਰਿਹਾ। ਐੱਫ ਏ ਪਾਸ ਕਰਕੇ ਬਿਜਲੀ ਬੋਰਡ ਵਿੱਚ ਕਲਰਕ ਲੱਗ ਗਿਆ। ਚਾਰ ਸਾਲ ਕਲਰਕੀ ਕੀਤੀ। ਪ੍ਰਭਾਕਰ ਪਾਸ ਕਰ ਲਈ। ਅੱਗੇ ਪੜ੍ਹਨ ਵਾਸਤੇ ਤਲਵੰਡੀ ਭਾਈ ਦੀ ਬਦਲੀ ਕਰਵਾ ਲਈ। ਪ੍ਰਾਈਵੇਟ ਬੀ ਏ ਕੀਤੀ। ਲਸੋਈ ਸਕੂਲ ਵਿੱਚ ਮਾਸਟਰ ਦੀ ਨੌਕਰੀ ਵੀ ਮਿਲ ਗਈ, ਪਰ ਬੀ ਐੱਡ ਨਾ ਹੋਣ ਕਰਕੇ ਸਾਲ ਬਾਅਦ ਸਕੂਲ ਵਾਲਿਆਂ ਕੱਢ ਦਿੱਤਾ। ਫਿਰ ਮੋਗੇ ਦੇ ਕਾਲਜ ਤੋਂ ਬੀ ਐੱਡ ਕਰ ਲਈ। ਫਿਰੋਜ਼ਪੁਰ ਦੇ ਡੀ ਸੀ ਮਾਡਲ ਸਕੂਲ ਵਿੱਚ ਅਧਿਆਪਕ ਜਾ ਲੱਗਾ। ਉਹ ਹੱਸ ਕੇ ਆਖਦਾ, "ਜੇ ਮੈਂ ਉੱਥੇ ਹੀ ਖੜ੍ਹਾ ਰਹਿੰਦਾ ਤਾਂ ਕੀ ਕਰ ਲੈਂਦਾ ? ਧੂਰੀ ਕੋਈ ਕਰਿਆਨੇ ਦੀ ਦੁਕਾਨ ਕਰਦਾ ਹੁੰਦਾ ਬਾਣੀਆਂ ਵਾਂਗੂ। ਬਿਜਲੀ ਬੋਰਡ 'ਚ ਕਲਰਕ ਹੁੰਦਾ ਜਾਂ ਵੱਧ ਤੋਂ ਵੱਧ ਯੂ ਡੀ ਸੀ ਰਿਟਾਇਰ ਹੋ ਜਾਂਦਾ।" ਉਹ ਨਵੇਂ ਮੁੰਡਿਆਂ ਨੂੰ ਮਿਹਨਤ ਕਰਨ ਦੀ ਪ੍ਰੇਰਨਾ ਦਿੰਦਾ। ਗਰਗ ਮਿਹਨਤ ਕਰਦਾ ਰਿਹਾ। ਉਹ ਧੂਰੀ ਤੋਂ ਤਲਵੰਡੀ ਫਿਰੋਜ਼ਪੁਰ ਰਾਹੀਂ ਮੋਗੇ ਆ ਗਿਆ। ਫਿਰੋਜ਼ਪੁਰ ਪ੍ਰਿੰਸੀਪਲ ਦੇ ਵਿਹਾਰ ਖਿਲਾਫ ਸੰਘਰਸ਼ ਵਿੱਢ ਲਿਆ। ਖੱਬੇ ਪੱਖੀ ਵਿਚਾਰਧਾਰਾ ਵਾਲੇ ਸੱਤਪਾਲ ਡਾਂਗ, ਅਵਤਾਰ ਸਿੰਘ ਮਲਹੋਤਰੇ ਵਰਗੇ ਵੱਡੇ ਕਾਮਰੇਡ ਉਸ ਕੋਲ ਆਉਣ ਲੱਗੇ। ਗਰਗ ਧਰਨਿਆਂ, ਮੁਜ਼ਾਹਰਿਆਂ ਵਿੱਚ ਸ਼ਾਮਲ ਹੋਣ ਲੱਗਾ। ਪ੍ਰਿੰਸੀਪਲ ਤੇ ਮੈਨੇਜਮੈਂਟ ਦੀਆਂ ਅੱਖਾਂ ਵਿੱਚ ਰੜਕਣ ਲੱਗਾ। ਗਰਗ ਉਥੋਂ ਨਿਕਲ ਕੇ ਮੋਗੇ ਆ ਗਿਆ। ਹਿੰਦੀ ਦੀ ਐੱਮ ਏ ਕਰ ਲਈ। ਹਰਿਆਣੇ ਦੇ ਕਿਸੇ ਕਾਲਜ ਵਿੱਚ ਲੈਕਚਰਾਰੀ ਮਿਲਦੀ ਸੀ, ਪਰ ਉਸ ਦਾ ਮੋਗੇ ਨੂੰ ਛੱਡ ਕੇ ਜਾਣ ਨੂੰ ਦਿਲ ਨਾ ਕੀਤਾ। ਉਸ ਲਈ ਮੋਗਾ ਚਾਹ ਜੋਗਾ ਨਹੀਂ ਮੁਹੱਬਤਾ ਜੋਗਾ ਸੀ। ਲੰਮੇ ਸਮੇਂ ਤੱਕ ਮੋਗੇ ਦੇ ਏਡਿਡ ਪ੍ਰਾਈਵੇਟ ਸਕੂਲ ਵਿੱਚ ਅਧਿਆਪਨ ਕੀਤਾ। ਏਡਿਡ ਸਕੂਲ ਵਿੱਚ ਅਧਿਆਪਕ ਬਣ ਗਿਆ। ਫਿਰ ਏਡਿਡ ਸਕੂਲਾਂ ਦੇ ਅਧਿਆਪਕਾਂ ਨੂੰ ਪੈਨਸ਼ਨ ਦੁਆਉਣ ਲਈ ਸੰਘਰਸ਼ ਕੀਤਾ। ਗਰਗ ਮੋਗੇ ਦਾ ਬਣਿਆ ਤਾਂ ਪੱਕਾ ਹੀ ਮੋਗੇ ਦਾ ਹੋ ਕੇ ਰਹਿ ਗਿਆ। ਗਰਗ ਦੇ ਮੋਗੇ ਆਉਣ ਨਾਲ ਮੋਗਾ ਵਿਅੰਗ ਸਾਹਿਤ ਦੀ ਰਾਜਧਾਨੀ ਬਣ ਗਿਆ। ਉਹ ਜਿੰਦਾਦਿਲ ਆਦਮੀ ਸੀ। ਬੇਹੱਦ ਸੰਵੇਦਨਸ਼ੀਲ ਤੇ ਗਹਿਰ-ਗੰਭੀਰ ਇਨਸਾਨ। ਘੁੱਟਿਆ-ਵੱਟਿਆ ਰਹਿਣਾ ਉਸ ਦੀ ਫ਼ਿਤਰਤ ਨਹੀਂ ਸੀ। ਉਹ ਆਪਣੀ ਲੇਖਣੀ ਵਾਂਗ ਭਾਸ਼ਣ ਵਿੱਚ ਵੀ ਡੂੰਘੀਆਂ ਰਮਜ਼ਾਂ ਪੇਸ਼ ਕਰਦਾ। ਡੂੰਘੀਆਂ ਨਸ਼ਤਰਾਂ ਲਾਉਂਦਾ। ਉਹ ਆਪਣੇ ਭਾਸ਼ਣ ਵਿੱਚ ਹਲਕੀਆਂ-ਫੁਲਕੀਆਂ ਨਿੱਕੀਆਂ ਗੱਲਾਂ ਰਾਹੀਂ ਵੱਡੀ ਗੱਲ ਕਹਿਣ ਦਾ ਹੁਨਰ ਜਾਣਦਾ ਸੀ। ਉਹ ਦੁਨੀਆ ਭਰ ਦੇ ਉੱਤਮ ਸਾਹਿਤ ਦੀਆਂ ਉਦਾਹਰਣਾਂ ਦਿੰਦਾ। ਗਰਗ ਦੀ ਬਹਿਣੀ ਉੱਠਣੀ, ਵੇਖਣੀ, ਚਾਖਣੀ ਤੇ ਗੱਲਬਾਤ ਵਿੱਚ ਵੀ ਵਿਅੰਗ ਦੀ ਭਰਪੂਰ ਚਾਸ਼ਨੀ ਹੁੰਦੀ। ਉਹ ਕਿਸੇ ਵੀ ਮਹਿਫ਼ਲ ਵਿੱਚ ਹੁੰਦਾ, ਮਾਹੌਲ ਨੂੰ ਪੰਡਤਊ ਵਿਦਵਾਨਾਂ ਵਾਂਗ ਬੋਝਲ ਨਾ ਹੋਣ ਦਿੰਦਾ। ਗਰਗ ਨਵੇਂ ਲੇਖਕਾਂ ਨੂੰ ਉਤਸ਼ਾਹਤ ਕਰਦਾ ਰਹਿੰਦਾ ਸੀ। ਉਸ ਦੀ ਨਜ਼ਰ ਵਿੱਚ ਕਿਸੇ ਕਿਸਮ ਦਾ ਟੀਰ ਨਹੀਂ ਸੀ। ਨਾ ਜਾਤ ਦਾ, ਨਾ ਧਰਮ ਦਾ ਤੇ ਨਾ ਹੀ ਆਪਣੀ ਕਲਾਸ ਦਾ। ਇਸੇ ਕਰਕੇ ਉਹ ਸਾਰੀ ਉਮਰ ਲੇਖਕਾਂ ਦੀ ਕਿਸੇ ਧੜੇਬੰਦੀ ਨਾਲ ਨਹੀਂ ਜੁੜਿਆ। ਉਸ ਨੇ ਵਿਅੰਗ ਸਾਹਿਤ ਅਕਾਦਮੀ ਬਣਾਈ ਅਤੇ ਲਗਾਤਾਰ 22 ਸਾਲ ਪੰਜਾਬ ਭਰ ਦੇ ਵਿਅੰਗ ਸਾਹਿਤਕਾਰਾਂ ਨੂੰ ਇੱਕ ਪਲੇਟਫਾਰਮ 'ਤੇ ਖੜ੍ਹੇ ਕਰੀ ਰੱਖਿਆ। ਗਰਗ ਦੇ ਹੁੰਦਿਆਂ ਮੋਗਾ ਸਾਹਿਤਕ ਸਰਗਰਮੀਆਂ ਦਾ ਗੜ੍ਹ ਬਣਿਆ ਰਿਹਾ।

ਮੋਗਾ ਸ਼ਹਿਰ ਨੇੜਲੇ ਪਿੰਡ ਦੌਧਰ ਦੇ ਦੋਹਤਰੇ ਤੇ ਪੰਜਾਬੀ ਮਾਂ ਬੋਲੀ ਦੇ ਸਪੂਤ ਤੇ ਸਾਡੇ ਵੱਡੇ ਲੇਖਕ ਕੇ ਐੱਲ ਗਰਗ ਦੇ ਚਲੇ ਜਾਣ 'ਤੇ ਸਾਹਿਤ ਜਗਤ ਦਾ ਉਦਾਸ ਹੋਣਾ ਸੁਭਾਵਿਕ ਹੈ, ਪਰ ਸੰਤੁਸ਼ਟੀ ਇਸ ਗੱਲ ਦੀ ਹੈ ਕਿ ਉਹ ਭਰਵੀਂ ਜ਼ਿੰਦਗੀ ਜਿਉਂ ਕੇ ਗਿਆ ਹੈ।

**ਮੋਬਾ. 98726-40994**